ਨਿਗਰਾਨ : ਸੰਤ ਸਿੰਘ ਸੇਖੋਂ
ਸੰਪਾਦਕ : ਰਘਬੀਰ ਸਿੰਘ

ਸਿਰਜਣਾ

ਅਕਤੂਬਰ-ਦਸੰਬਰ 1975

20

ਰਾਜਿੰਦਰ ਸਿੰਘ ਬੇਦੀ   ਅਤਰ ਸਿੰਘ   ਕਰਨਜੀਤ ਸਿੰਘ   ਮੋਹਨਜੀਤ
ਫ਼ਤਿਹਜੀਤ   ਭੂਸ਼ਨ   ਸ਼ਹਰਯਾਰ   ਬਲਜੀਤ ਬਾਸੀ   ਸੁਰਜੀਤ ਗਿੱਲ
ਗੁਰਭਜਨ ਗਿੱਲ   ਸੰਤੋਖ ਸਿੰਘ ਸੰਤੋਖ   ਨਛੱਤਰ ਸਿੰਘ   ਨ. ਸ. ਨੂਰ

- **ਤਿੰਨ ਕਹਾਣੀਕਾਰ**
- **ਸਾਹਿਤ ਵਿਚ ਆਮ ਆਦਮੀ**
- **ਅਜੋਕੀ ਪੰਜਾਬੀ ਕਵਿਤਾ**
- **ਸੰਚਾਰ ਦੀ ਸਮਸਿਆ**

ਮੁੱਲ : ਢਾਈ ਰੁਪਏ

ਸਿਰਜਣਾ

ਅਕਤੂਬਰ–ਦਸੰਬਰ 1975

ਨਿਗਰਾਨ
ਸੰਤ ਸਿੰਘ ਸੇਖੋਂ

ਸੰਪਾਦਕ
ਰਘਬੀਰ ਸਿੰਘ

ਵਿਦੇਸ਼ ਪ੍ਰਤਿਨਿਧ
ਨਿਰੰਜਨ ਸਿੰਘ ਨੂਰ

ਪਤਾ
1197, ਸੈਕਟਰ 15-ਬੀ,
ਚੰਡੀਗੜ੍ਹ

SIRJANA is approved by DPI Punjab for all schools, colleges and social education centres vide letter No. 2/6-66-B (EP) dated 26-9-66.

ਇਸ ਅੰਕ ਵਿਚ

ਮੁਦ੍ਰਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰਮੋਹਨ ਸਿੰਘ ਨੇ ਰੰਗਸ਼ਾਲਾ ਪ੍ਰਿੰਟਰਜ਼, 2017, ਸੈਕਟਰ 15-ਸੀ, ਚੰਡੀਗੜ੍ਹ ਤੋਂ ਛਪਵਾਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਪ੍ਰਕਾਸ਼ਨ ਮਿਤੀ : 30-10-75

ਮਾਰਕਸਵਾਦੀ ਬੁੱਧੀਜੀਵੀ

"ਦਾਰਸ਼ਨਿਕਾਂ ਨੇ ਸੰਸਾਰ ਦੀ ਵਿਆਖਿਆ ਕੀਤੀ ਹੈ ਪਰ ਸਵਾਲ ਹੈ ਸੰਸਾਰ ਨੂੰ ਬਦਲਨ ਦਾ।" ਮਾਰਕਸ ਦਾ ਇਹ ਪ੍ਰਸਿਧ ਕਥਨ ਬੌਧਿਕ ਖੇਤਰ **ਦੇ** ਕਾਮਿਆਂ ਲਈ ਇਕ ਉਦੇਸ਼-ਪੱਤਰ ਦੀ ਨਿਆਈਂ ਹੈ, ਵਿਸ਼ੇਸ਼ ਕਰਕੇ ਉਹਨਾਂ ਲਈ ਜੋ ਆਪਣੇ ਆਪਨੂੰ ਮਾਰਕਸ ਦੇ ਪੈਰੋਕਾਰ ਅਥਵਾ ਮਾਰਕਸਵਾਦੀ ਅਖਵਾਉਂਦੇ ਹਨ। ਪੂਰਵ ਮਾਰਕਸ ਜੁਗ ਦਾ ਬੁਧੀਮਾਨ ਬੌਧਿਕ ਪਰਿਸ਼੍ਰਮ ਤਾਂ ਕਰਦਾ ਸੀ, ਬੀਤ ਚੁੱਕੇ ਤੇ ਸਾਹਮਣੇ ਦਿਸਦੇ ਸੰਸਾਰ ਦਾ ਬੌਧਿਕ ਵਿਸ਼ਲੇਸ਼ਨ ਵੀ ਕਰਦਾ ਸੀ ਤੇ ਉਸਦੀ ਦਾਰਸ਼ਨਿਕ ਸੋਝੀ ਨੇ ਚੰਗੀਆਂ ਸਿਖਰਾਂ ਵੀ ਛੋਹੀਆਂ ਸਨ। ਪਰ ਉਸਦਾ ਕਾਰਜ ਏਥੋਂ ਤਕ ਹੀ ਸੀਮਿਤ ਸੀ। ਸੰਸਾਰ ਨੂੰ ਬਦਲਣ ਵਿਚ, ਇਸਨੂੰ ਅਗਾਂਹ ਵਲ ਤੋਰਨ ਵਿਚ ਉਹ ਕੋਈ ਕ੍ਰਿਆਤਮਕ ਭਾਗ ਨਹੀਂ ਸੀ ਪਾਉਂਦਾ। ਪੂਰਵ-ਮਾਰਕਸੀ ਜਾਂ ਅਣ ਮਾਰਕਸੀ ਬੁੱਧੀਜੀਵੀਆਂ ਅਤੇ ਮਾਰਕਸਵਾਦੀ ਬੁੱਧੀ ਜੀਵੀਆਂ ਵਿਚ ਇਹੀ ਸਭ ਤੋਂ ਵੱਡਾ ਅੰਤਰ ਹੈ। ਮਾਰਕਸ ਦੇ ਉਕਤ ਕਰਨ ਦਾ ਅਰਥ ਇਹ ਹੈ ਕਿ ਸਮਾਜਕ ਵਿਕਾਸ ਦੇ ਪੂੰਜੀਵਾਦੀ ਪੜਾਅ ਉਤੇ ਆਪਣੇ ਆਪਨੂੰ ਬੁੱਧੀਜੀਵੀ ਜਾਂ ਚਿੰਤਕ ਅਖਵਾਉਣ ਵਾਲੇ ਵਿਅਕਤੀ ਪਹਿਲੇ ਸਮਿਆਂ ਦੇ ਬੁਧੀਮਾਨਾਂ ਵਾਂਗ ਸੰਸਾਰ ਤੋਂ ਅਟੰਕ ਰਹਿਕੇ ਅਪਣੀ ਅਧਿਐਨਸ਼ਾਲਾ ਵਿਚ ਬੌਧਿਕ ਪਰਿਸ਼੍ਰਮ ਕਰਨ ਤਕ ਹੀ ਸੀਮਿਤ ਨਹੀਂ ਰਹਿ ਸਕਦੇ।

ਪਰ ਪੂੰਜੀਵਾਦੀ ਪ੍ਰਬੰਧ ਦੇ ਹਿਤ ਇਸ ਧਾਰਨਾ ਤੋਂ ਉਲਟ ਹਨ। ਵਿਕਸਿਤ ਪੂੰਜੀਵਾਦੀ ਪ੍ਰਬੰਧ ਵਿਚ ਉਤਪਾਦਨ ਦਾ ਰੂਪ ਇਹ ਹੁੰਦਾ ਹੈ ਕਿ ਇਕੋ ਹੀ ਵਸਤ ਦੀ ਉਪਜ ਵਿਚ ਲੱਗੇ ਕਾਮੇ ਨੂੰ ਕੇਵਲ ਆਪਣੇ ਮਕਾਨਕੀ ਕੰਮ ਦਾ ਹੀ ਪਤਾ ਹੁੰਦਾ ਹੈ। ਉਸਨੂੰ ਪਤਾ ਨਹੀਂ ਚਲਦਾ ਕਿ ਬਾਕੀ ਕਿਨ੍ਹਾਂ ਕਿਨ੍ਹਾਂ ਪੜਾਵਾਂ ਵਿਚੋਂ ਲੰਘਕੇ ਉਸ ਉਪਜ ਨੇ ਸੰਪੂਰਨਤਾ ਗ੍ਰਹਿਣ ਕੀਤੀ ਹੈ ਜਿਸਨੂੰ ਸੰਪੂਰਨ ਕਰਨ ਵਿਚ ਉਸਦੀ ਮਿਹਨਤ ਵੀ ਸ਼ਾਮਲ ਹੈ। ਏਸੇ ਭੇਤ ਵਿਚ ਪੂੰਜੀਵਾਦੀ ਪ੍ਰਬੰਧ ਦੀ ਜ਼ਿੰਦਗੀ ਹੈ। ਜੇ ਕਾਮੇ ਨੂੰ ਪਤਾ ਲਗ ਜਾਵੇ ਕਿ ਉਸਦੀ ਅਤੇ ਉਸਦੇ ਸਾਥੀਆ ਦੀ ਮਿਹਨਤ ਦਾ ਉਪਜ ਵਿਚ ਕਿੰਨਾ ਯੋਗ ਹੈ ਤੇ ਬਾਕੀ ਗੱਲਾਂ ਦਾ ਕਿੰਨਾ ਤਾਂ ਪੂੰਜੀਵਾਦੀ ਪ੍ਰਬੰਧ ਦਾ ਢਾਂਚਾ ਹੀ ਬਿਖਰ ਜਾਵੇ। ਇਸੇ ਲਈ ਤੇ ਇਸੇ ਤਰ੍ਹਾਂ ਹੀ ਇਹ ਪ੍ਰਬੰਧ ਜੀਵਨ ਨੂੰ ਵੱਖ ਵੱਖ ਖਾਨਿਆਂ ਵਿਚ ਵੰਡ ਦਿੰਦਾ ਹੈ, ਇਸ ਵਿਚੋਂ ਸਮੁੱਚਤਾ ਤੇ ਸੰਪੂਰਣਤਾ ਦਾ ਨਾਸ਼ ਕਰਦਾ ਹੈ। ਇਸਦਾ ਭਲਾ ਇਸੇ ਵਿਚ ਹੀ ਹੈ ਕਿ ਕਾਮੇ-ਕਿਰਤੀ ਧੌਣ ਸੁਟਕੇ ਕੰਮ ਕਰੀ ਜਾਣ ਅਤੇ ਬੁਧਿਮਾਨ ਲੋਕ ਬੌਧਿਕ ਕਲਾਬਾਜ਼ੀਆਂ ਲਾਉਂਦੇ ਰਹਿਣ ਜਿਨ੍ਹਾਂ ਦਾ ਵਾਸਤਵਿਕ ਜੀਵਨ ਨਾਲ ਕੋਈ ਸਰੋਕਾਰ ਨਾ ਹੋਵੇ। ਅਤੇ ਇਸਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਵੀ ਅਜਿਹੇ ਬੁਧੀਮਾਨ ਦਿਸ ਆਉਣਗੇ ਜੋ ਜੀਵਨ ਦੀ ਖਾਨਿਆਂ ਵਿਚਲੀ ਅਜਿਹੀ ਵੰਡ ਨੂੰ ਨਾ ਕੇਵਲ ਪ੍ਰਵਾਨ ਕਰਦੇ ਹਨ ਸਗੋਂ ਉਚਿਤ ਵੀ ਠਹਿਰਾਉਂਦੇ ਹਨ। ਪਰ ਇਹ ਜਾਣਨਾ ਤਾਂ ਕਠਿਨ ਨਹੀਂ ਕਿ ਉਹ ਬੁਧੀਮਾਨ ਪ੍ਰਾਪਤ ਪ੍ਰਬੰਧ ਦੇ ਸਮਰਥਕ ਤੇ ਰਖਵਾਲ ਹਨ। ਉਹ ਮਾਰਕਸਵਾਦੀ ਨਹੀਂ ਤੇ ਚੰਗੀ ਗੱਲ ਇਹ ਕਿ ਉਹ ਮਾਰਕਸਵਾਦੀ ਹੋਣ ਦਾ ਦਮ ਵੀ ਨਹੀਂ ਭਰਦੇ।

ਪਰ ਉਹਨਾਂ ਵਿਦਵਾਨਾਂ ਦਾ ਕੀ ਕੀਤਾ ਜਾਵੇ ਜੋ ਆਪਣੇ ਆਪਨੂੰ ਸ਼ੁਧ ਮਾਰਕਸਵਾਦੀ ਵੀ

ਅਖਵਾਉਣਾ ਚਾਹੁੰਦੇ ਹਨ ਤੇ ਆਪਣੇ ਵਿਵਹਾਰ ਵਿਚ ਪੂਰਵ ਮਾਰਕਸੀ ਜਾਂ ਅਣ ਮਾਰਕਸੀ ਬੁਧੀਮਾਨਾਂ ਦੇ ਵਿਵਹਾਰ ਨਾਲੋਂ ਕੋਈ ਵਖਰੇਵਾਂ ਵੀ ਨਹੀਂ ਪਾਉਂਦੇ । ਅਜਾਰੇਦਾਰ ਪੂੰਜੀਪਤੀਆਂ ਦੇ ਦਾਨ ਨਾਲ ਚਲਦੀਆਂ ਫਾਊਂਡੇਸ਼ਨਾਂ ਤੇ ਅਕਾਡਮੀਆਂ ਅਤੇ ਪੂੰਜੀਵਾਦੀ ਵਿਵਸਥਾ ਦੇ ਅੰਗ ਵਿਸ਼ਵ ਵਿਦਿਆਲਿਆਂ ਵਿਚ ਉਚੀਆਂ ਤੋਂ ਉਚੀਆਂ ਪਦਵੀਆਂ ਉਤੇ ਸ਼ਸ਼ੋਭਤ ਅਜਿਹੇ ਬੁਧੀਮਾਨਾਂ ਦੀ ਥੁੜ ਨਹੀਂ ਜਿਨ੍ਹਾਂ ਨੂੰ ਮਾਰਕਸਵਾਦ ਦੀਆਂ ਦਾਰਸ਼ਨਿਕ ਸਮਸਿਆਵਾਂ ਸੁਲਝਾਉਣ ਦਾ ਬਹੁਤ ਫ਼ਿੱਕਰ ਲੱਗਾ ਰਹਿੰਦਾ ਹੈ, ਜੋ ਏਸੇ ਫਿਕਰ ਵਿਚ ਦਿਨ ਰਾਤ ਆਰਾਮ ਨਹੀਂ ਕਰਦੇ ਅਤੇ ਪੁਸਤਕਾਂ ਦੀਆਂ ਪੁਸਤਕਾਂ ਇਸ ਵਿਸ਼ੈ ਬਾਰੇ ਲਿਖਕੇ ਆਪਣਾ ਕਥਾਰਸਸ ਕਰਦੇ ਹਨ ! ਪੰਜਾਬੀ ਵਿਚ ਕਿਸ਼ਨ ਸਿੰਘ ਤੇ ਜਸਬੀਰ ਸਿੰਘ ਆਹਲੂਵਾਲੀਆ ਵਰਗੇ ਸਜਣ ਏਸੇ ਹੀ ਵਰਗ ਵਿਚੋਂ ਹਨ। ਦੇਸ਼ ਦੇਸ਼ਾਂਤਰਾਂ ਦੇ ਆਪਣੇ ਦੂਸਰੇ ਭਰਾਵਾਂ ਵਾਂਗ ਇਹ ਲੋਕ ਮਾਰਕਸਵਾਦ ਲਈ ਹੇਜ ਪ੍ਰਗਟਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਅਤੇ ਇਹ ਕਥਿਤ ਮਾਰਕਸੀ ਬੁਧੀਮਾਨ ਦਵੰਦਾਤਮਕ ਤੇ ਇਤਿਹਾਸਕ ਪਦਾਰਥਵਾਦ ਦਾ ਜਾਅਲੀ ਬੁਰਕਾ ਪਾਕੇ ਸਭਨਾਂ ਮੁਖ ਮਾਰਕਸੀ ਧਾਰਨਾਵਾਂ ਨੂੰ ਉਲਟੇ ਦਾਅ ਖੜੇ ਕਰਨ ਦੇ ਯਤਨਾਂ ਵਿਚ ਹਨ। ਉਦਾਹਰਨ ਵਜੋਂ ਕਿਸ਼ਨ ਸਿੰਘ ਨੇ ਆਧਾਰ ਤੇ ਉਸਾਰ ਦੇ ਮਾਰਕਸੀ ਸੰਕਲਪ ਨੂੰ ਲਗ ਪਗ ਉਲਟਾ ਹੀ ਦਿੱਤਾ ਹੈ। ਉਸਨੇ ਇਹ ਪ੍ਰਮਾਣਿਤ ਕਰਨ ਦਾ ਯਤਨ ਕੀਤਾ ਹੈ ਕਿ ਅਸਲ ਗੱਲ ਆਧਾਰ, ਆਰਥਿਕਤਾ ਅਥਵਾ ਉਤਪਾਦਨ ਦੇ ਰੂਪਾਂ ਤੇ ਸੰਬੰਧਾਂ ਤੋਂ ਨਹੀਂ ਸ਼ੁਰੂ ਹੁੰਦੀ ਸਗੋਂ ਮਨੁਖੀ ਸੁਭਾਅ ਤੋਂ ਸ਼ੁਰੂ ਹੁੰਦੀ ਹੈ ਜੋ ਸਰਬਕਾਲੀ ਸੱਚ ਹੈ !

ਤਦ ਵੀ, ਜੇ ਥੋੜੇ ਚਿਰ ਵਾਸਤੇ ਇਹ ਪ੍ਰਵਾਨ ਵੀ ਕਰ ਲਿਆ ਜਾਵੇ ਕਿ ਮਾਰਕਸਵਾਦ ਦੀ ਉਹੀ ਵਿਆਖਿਆ ਸ਼ੁਧ ਹੈ ਜੋ ਕਿਸ਼ਨ ਸਿੰਘ ਵਰਗੇ ਵਿਅਕਤੀ ਕਰਦੇ ਹਨ, ਸਵਾਲਾਂ ਦਾ ਸਵਾਲ ਬਣਿਆ ਰਹਿੰਦਾ ਹੈ ਕਿ ਕੀ ਦਾਰਸ਼ਨਿਕਾਂ ਨੇ ਸੰਸਾਰ ਦੀ ਵਿਆਖਿਆ ਹੀ ਕਰਨੀ ਹੈ ਜਾਂ ਉਸਨੂੰ ਬਦਲਨ ਵਿਚ ਵੀ ਕੋਈ ਯੋਗਦਾਨ ਦੇਣਾ ਹੈ। ਸਾਡੇ ਇਹ ਬੁਧੀਮਾਨ ਇਸ ਮੱਤ ਦੇ ਧਾਰਨੀ ਜਾਪਦੇ ਹਨ ਕਿ ਮਾਰਕਸ ਦੀ ਇਹ ਧਾਰਨਾ ਸਮਾਂ ਵਿਹਾ ਚੁਕੀ ਹੈ ਅਤੇ ਇਸ ਲਈ ਇਸ ਉਤੇ ਅਮਲ ਕਰਨ ਦੀ ਲੋੜ ਨਹੀਂ। ਕਿਉਂਕਿ ਇਹ ਲੋਕ ਆਪਣੀਆਂ ਬੌਧਿਕ ਕਲਾਬਾਜ਼ੀਆਂ ਵਿਚ ਤਾਂ ਬਹੁਤ ਪੁੱਠੇ ਸਿੱਧੇ ਹੁੰਦੇ ਹਨ ਪਰ ਸੰਸਾਰ ਨੂੰ ਬਦਲਣ ਵਾਲੀਆਂ ਸ਼ਕਤੀਆਂ ਨਾਲ ਇਹ ਦੂਰ ਦਾ ਵੀ ਵਾਸਤਾ ਨਹੀਂ ਰਖਦੇ । ਇਹਨਾਂ 'ਵਿਦਵਾਨਾਂ' ਨੂੰ ਕੌਣ ਸਮਝਾਏ ਕਿ ਕਾਰਲ ਮਾਰਕਸ ਨੇ 'ਦਾਸ ਕੈਪੀਟਲ' ਤੇ ਹੋਰਨਾਂ ਗ੍ਰੰਥਾਂ ਦੀ ਰਚਨਾ ਹੀ ਨਹੀਂ ਕੀਤੀ, ਦਵੰਦਾਤਮਕ ਤੇ ਇਤਿਹਾਸਕ ਪਦਾਰਥਵਾਦ ਦੀ ਸੋਝੀ ਹੀ ਨਹੀਂ ਦਿੱਤੀ, ਸਮਾਜਕ ਵਿਕਾਸ ਤੇ ਵਰਗ ਸੰਘਰਸ਼ ਦੇ ਨੇਮ ਹੀ ਨਹੀਂ ਸੁਝਾਏ ਸਗੋਂ ਆਪਣੇ ਸਮੇਂ ਦੇ ਕ੍ਰਾਂਤੀਕਾਰੀ ਸੰਘਰਸ਼ਾਂ ਵਿਚ ਕ੍ਰਿਆਤਮਕ ਯੋਗਦਾਨ ਵੀ ਦਿੱਤਾ। ਜੇ ਉਹ ਇਸ ਤਰ੍ਹਾਂ ਨਾ ਕਰਦਾ ਤਾਂ ਉਹ ਮਾਰਕਸ ਨਾ ਹੁੰਦਾ । ਤਾਂ ਫਿਰ ਕੀ ਇਹਨਾਂ ਕਥਿਤ ਮਾਰਕਸਵਾਦੀ ਬੁਧੀਜੀਵੀਆਂ ਨੂੰ ਇਹਨਾਂ ਦੇ ਬੋਲਾਂ ਦੇ ਨਾਲ ਨਾਲ ਅਮਲਾਂ ਤੋਂ ਪਰਖਣਾ ਉਚਿਤ ਨਹੀਂ ਹੋਵੇਗਾ ? ਉਤਰ ਹਾਂ ਵਿਚ ਹੀ ਹੋ ਸਕਦਾ ਹੈ । ਜੇ ਉਹ ਇਸ ਕਸੌਟੀ ਉਤੇ ਪੂਰੇ ਨਹੀਂ ਉਤਰਦੇ ਤਾਂ ਨਿਸ਼ਚੈ ਹੀ ਉਹ ਮਾਰਕਸਵਾਦੀ ਨਹੀਂ, ਮਾਰਕਸੀ ਬੁਰਕੇ ਵਿਚ ਮਾਰਕਸ ਦੀ ਕ੍ਰਾਂਤੀਸ਼ੀਲ ਵਿਚਾਰਧਾਰਾ ਦੇ ਦੋਖੀ ਹਨ।

ਰਘਬੀਰ ਸਿੰਘ

ਵੰਦੇ ਮਾਤ੍ਰਮ

ਮੋਹਨਜੀਤ

ਬਨੇਰੇ 'ਤੇ ਕਾਂ ਬੋਲਿਆ ਤਾਂ ਮਨ 'ਚ ਆਇਆ ਸੂ
ਇਹਦੀ ਚੁੰਝ ਸੋਨੇ 'ਚ ਮੜ੍ਹਾਵਾਂ
ਉਭੜਵਾਹੇ ਪੌੜੀਆਂ ਉੱਤਰੀ
ਕਲੇਜਾ ਧੱਕ ਕਰਕੇ ਵੱਜਾ, ਦਹਿਲੀਜ਼ਾਂ 'ਚ ਬੁੱਤ ਬਣ ਗੱਡੀ ਗਈ
ਕਮਰੇ 'ਚ ਪੁਲਸ ਦਾ ਛਾਪਾ ਸੀ
ਸ਼ਹਿਰ 'ਚ ਕਰਫੀਊ
ਬੜਾ ਸੋਚਿਆ—ਬਾਬਲ ਦਾ ਸਹੇੜ ਕੀਕਣ ਲਿੰਦੇ :
ਬੜਾ ਆਖਿਆ —ਗਲੀ 'ਚੋਂ ਡੋਲਾ ਨਹੀਂ ਲੰਘਦਾ :
ਬੜਾ ਤੜਫੀ— ਭਾਬੀਆਂ ਕੱਚਾ ਦੁੱਧ ਪੀਤਾ ਸੀ ;
ਫਿਰ ਉੱਭੜਵਾਹੇ ਉੱਠੀ, ਅੱਖਾਂ ਮਲੀਆਂ
ਬਾਬਲ ਨੂੰ ਲੱਭਣ ਤੁਰੀ, ਅੱਖਾਂ 'ਚ ਰੜਕ, ਮਨ 'ਚ ਗਿਲਾਨੀ, ਪੈਰੀਂ ਬਿਆਈਆਂ ਲੈ ਕੇ
ਬਾਬਲ ਨੂੰ ਲੱਭਣ ਤੁਰੀ......
(ਪਰ ਅਣਵਗੇ ਅੱਥਰੂਆਂ ਦੀ ਆਤਮ-ਕਥਾ ਲਿਖਣ ਵਾਲੇ ਕਿਤੇ ਲੱਭਦੇ ਨੇ !)
ਕਿਸੇ ਸਾਊ ਨੂੰ ਘਰ ਦਾ ਪਤਾ ਪੁੱਛਿਆ ਤਾਂ ਕਹਿਣ ਲੱਗਾ :
ਏਥੇ ਘਰ ਨਹੀਂ, ਮਕਬਰੇ ਉਸਰਦੇ ਨੇ ਬੀਬੀ
ਚੰਬਾ ਉੱਡਦਾ ਏ ਤਾਂ ਬਾਬਲ ਮਜ਼ਾਰ ਬਣ ਜਾਂਦੇ ਨੇ
ਨਜ਼ਰ ਉੱਠਦੀ ਏ ਤਾਂ ਵਣਜਾਰੇ ਰੁੱਖ ਹੁੰਦੇ ਨੇ
ਏਥੇ ਪੈਰ ਨਹੀਂ ਪਰਛਾਵੇਂ ਤੁਰਦੇ ਨੇ
ਜਾਹ ਕਮਲੀਏ ! ਅੰਨ੍ਹੀ ਗਲੀ 'ਚ ਤੇਰਾ ਕੱਲੀ ਦਾ ਵਸੇਬਾ ਈ ਤਾਂ ਨਹੀਂ
ਹੋਰ ਵੀ ਅਨੇਕਾਂ ਨੇ—
ਕੁਝ ਜਣਦਿਆਂ ਨੂੰ ਰੋਂਦੇ ਨੇ
ਕੁਝ ਜਣਿਆਂ ਨੂੰ
ਬੜੀ ਚਰਚਾ ਏ—
ਲੋਕ ਪਰਬ੍ਹਾਣੀ ਨੂੰ ਆਖਣ ਲਗ ਪਏ ਨੇ : ਪਰਬ੍ਹਾਣੀ ਅੱਗਾ ਢਕ
ਉਹ ਸਾਹੜੀ ਦਾ ਅੰਤਲਾ ਪੱਲਾ ਵੀ ਉਤਾਰ ਦੇਂਦੀ ਏ
ਤੇ 'ਗੁੰਮਰਾਹ' ਹੋਏ ਲੋਕਾਂ ਨੂੰ ਕਹਿੰਦੀ ਏ ;
ਲੋਕ ਰਾਜ 'ਚ 'ਕੱਜਣ' ਦੇ 'ਹੱਕ ਰਾਖਵੇਂ' ਹੁੰਦੇ ਨੇ
ਸਹੇੜ ਨਿੰਦਣ ਵਾਲੀ ਨੂੰ ਅਜੇ ਵੀ ਸਮਝ ਨਹੀਂ ਆਉਂਦੀ, ਕਿ
ਸਭ ਕੁੱਝ ਹੁੰਦਿਆਂ ਵੀ
ਸਰਾਂ ਹਮੇਸ਼ਾਂ 'ਉਂਗਲਾਂ ਕਰਨ ਵਾਲਿਆਂ ਦੀਆਂ' ਈ ਕਿਉਂ ਬਣਦੀਆਂ ਨੇ !

ਠੀਕ ਏ ਤੁਹਾਨੂੰ ਬਹੁਤ ਕਾਹਲੀ ਏ
ਬਸ ਨਿਕਲ ਗਈ ਤਾਂ ਭਾਸ਼ਣ ਦਾ ਵਕਤ ਖੁੰਝ ਜਾਏਗਾ
ਇਬਾਰਤ ਯਾਦ ਕਰਨੀ ਵੀ ਕਿਹੜੀ ਸੌਖੀ ਏ
ਕੋਈ ਇਕ ਕਜ਼ੀਆ ਏ
ਲੋਕ ਨੇ ਕਿ
ਫੁਰਸਤ ਦੀ ਬਲੈਕ ਨੂੰ ਵੀ ਹਿਮਾਕਤ ਸਮਝਦੇ ਨੇ
ਠੀਕ ਏ ਤੁਹਾਨੂੰ ਬਹੁਤ ਕਾਹਲੀ ਏ
ਕਦੇ ਵਕਤ ਮਿਲਿਆ ਤਾਂ ਇਤਿਹਾਸ ਦੀ ਰਕਤ-ਗਾਥਾ ਸੁਣਾਵਾਂਗਾ
ਕੱਲ੍ਹ ਅਚਾਨਕ ਟਾਕਰਾ ਹੋਇਆ ਤਾਂ ਕਹਿਣ ਲੱਗਾ :
ਔਹ ਕੁਝ ਲੱਖ ਲਾਸ਼ਾਂ ਉਹਨਾਂ ਬੰਦਿਆਂ ਦੀਆਂ ਨੇ
ਜੋ - - - - ਪਹਿਲੇ ਐਟਮੀ ਧਮਾਕੇ ਦੀ ਖੁਸ਼ੀ ਵਿਚ ਮਰੇ
ਤੇ ਅਹਿ ਕੁਝ ਲੱਖ ਉਹਨਾਂ ਦੀਆਂ
ਜਿਹਨਾਂ ਨੂੰ - - - - ਪਹਿਲੇ ਉਪਗ੍ਰਹਿ ਦੀ ਖੁਸ਼ੀ ਵਿਚ ਜੀਣ ਦਾ ਚੇਤਾ ਭੁੱਲ ਗਿਆ
ਤੂੰ ਤਾਂ ਮਹਿਲਾਂ 'ਚ ਡੋਲਾ ਅੜਨ ਦੀ ਗੱਲ ਕੀਤੀ ਏ
ਅਹਿ ਈਜਾਦ ਵੀ ਵੇਖੀ ਏ ਨ ?
ਖਸ਼ੀ ਦੇ ਮੌਕਿਆਂ 'ਤੇ ਗੁਬਾਰੇ ਛੱਡਣ ਜਾਂ
ਕਬੂਤਰ ਛੱਡਣ ਦੀ ਥਾਂ ਲਾਸ਼ਾਂ ਛੱਡੀਆਂ ਜਾਂਦੀਆਂ ਨੇ
ਸ਼ਾਇਦ ਮਿੱਥ ਦੀ ਗੱਲ ਵੀ ਇਤਿਹਾਸ ਨੇ ਸੁਣਾਈ ਸੀ
ਕਦੇ ਨੇਜ਼ੇ ਤੇ ਸਿਰ ਟੰਗ ਕੇ ਯੁੱਧ ਵੇਖਣਾ ਮਿੱਥ ਸੀ—
ਹੁਣ ਸਾਰੀ ਉਮਰ ਦੀ ਖੇਹਖੁਆਰੀ ਪਿੱਛੋਂ
ਚਾਰ ਦਿਨ ਭੁੱਖੇ ਰਹਿ ਕੇ
ਰੋਮਾਂਟਿਕ ਬਿਆਨ ਦੇ ਕੇ, ਉਤੇਜਿਤ ਚਿੱਠੀਆਂ ਲਿਖ ਕੇ, ਚੁਸਤ ਮੁਲਾਕਾਤਾਂ ਕਰਕੇ
ਸ਼ਰਬਤ ਦਾ ਗਲਾਸ ਪੀਕੇ, ਮਰਨ ਤੋਂ ਬਚ ਕੇ
ਬੰਦੇ ਤੋਂ ਅਵਤਾਰ ਬਣ ਜਾਣਾ-ਅਜੋਕੀ ਮਿੱਥ ਹੈ
ਤੁਸੀਂ ਇਸ ਤਾੜ 'ਚ ਬੈਠੇ ਹੋ ਕਿ
ਬਿਲੀ ਹੱਜ ਨੂੰ ਜਾਏਗੀ—
ਤਾਂ ਤੁਸੀਂ ਉਹਦਾ ਸਰੇ-ਬਾਜ਼ਾਰ ਮੌਜੂ ਉਡਾਉਗੇ
ਵਰ੍ਹਿਆਂ ਤੋਂ ਇਸ ਤਾੜ 'ਚ ਬੈਠਣਾ
ਜਹਾਲਤ ਨਹੀਂ ਤਾਂ ਹੋਰ ਸੁਆਹ ਹੈ !
ਹੁਣ ਬਿੱਲੀ ਮੱਕੇ ਨਹੀਂ ਜਾਂਦੀ
ਮੜ੍ਹੀਆਂ 'ਤੇ ਬੂਟੇ ਲਗਾਉਂਦੀ ਏ
ਜਾਂ ਸਾਰੇ ਧਰਮਾਂ ਦੇ ਵਿੰਗ ਤੜਿੰਗਿਆਂ ਦੀ ਮਹਿਫ਼ਲ ਸਜਾਉਂਦੀ ਏ
ਗਲ ਤਾਂ, ਖ਼ੈਰ ਬਹੁਤ ਲੰਬੀ ਏ, ਫਿਲਹਾਲ : ਵੰਦੇ ਮਾਤ੍ਰਮ !

[ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

ਗ਼ਜ਼ਲ

ਭੂਸ਼ਨ

ਕਾਲੀਆਂ ਇੱਟਾਂ ਰੋੜ ਵੀ ਕਾਲੇ, ਮਰਕੇ ਅਸਾਂ ਉਸਾਰੀ ਕੰਧ
ਚੰਦ ਕਰੀਚੇ ਮਿਹਣੇ ਮਾਰੇ, ਸੰਗਮਰਮਰ ਦੀ ਭਾਰੀ ਕੰਧ
ਹਰ ਇਕ ਇੱਟ ਤੇ ਨਾਂ ਲਿਖਿਆ ਹੈ, ਦਸਤਾਵੇਜ਼ ਹੈ ਸਾਰੀ ਕੰਧ
ਜਿਸਦੀ ਛਾਵੇਂ ਦੋ ਪਲ ਕੱਟੇ, ਬਣ ਗਈ ਚਾਰ-ਦਿਵਾਰੀ ਕੰਧ
ਸ਼ੀਸ਼ੇ ਅੰਦਰ ਕੱਚੀ ਮਿੱਟੀ, ਬੁਕ ਬੁਕ ਰੇਤਾ ਰੋਂਦੀ ਹੈ
ਬਾਬੇ ਦੀ ਗੋਲ੍ਹਕ ਹੱਥ ਲੈਕੇ, ਪੂਜਣ ਪਏ ਪੁਜਾਰੀ ਕੰਧ
ਮੈਂ ਕੁਰਸੀ ਵਿਚ ਚਿਣਿਆ ਹੋਇਆ, ਨੀਹਾਂ ਬਾਰੇ ਸੋਚ ਰਿਹਾਂ
ਮੇਰੀ ਸੋਚ 'ਤੇ ਆ ਡਿੱਗੀ ਹੈ, ਇਟ ਇਟ ਕਰਕੇ ਸਾਰੀ ਕੰਧ
ਬੇਸ਼ਕ ਮੈਂ ਘਿਰਣਾ ਦਾ ਪਾਤਰ, ਫ਼ਿਰ ਵੀ ਸੰਭਲ ਕੇ ਬੋਲ ਜ਼ਰਾ,
ਤੇਰੀ ਜੀਭ ਚੁਰਾ ਕੇ ਕਿਧਰੇ, ਕਰ ਜਾਵੇ ਗੱਦਾਰੀ ਕੰਧ
ਜਿਸ ਦਿਨ ਤੋਂ ਮੈਂ ਐਮਰਜੈਂਸੀ ਵਾਰਡ 'ਚ ਦਾਖ਼ਿਲ ਹੋਇਆ ਹਾਂ
ਇਸ਼ਤਿਹਾਰ ਬਣਕੇ ਲਟਕੀ ਹੈ, ਹਰ ਪਾਸੇ ਅਖ਼ਬਾਰੀ ਕੰਧ
ਨਾ ਕਿਧਰੇ 'ਹੋਈ' ਦੀ ਮੂਰਤ, ਨਾ ਕੋਈ ਪੰਜਾ ਸ਼ਗਨਾਂ ਦਾ
ਛੋਹ ਤੇਰੀ ਨੂੰ ਤਰਸ ਗਈ ਹੈ, ਬਿਲਕੁਲ ਕੰਜ ਕੁਆਰੀ ਕੰਧ
ਹੁਣੇ ਤਾਂ ਉਸਦੀ ਇੰਤਜ਼ਾਰ ਸੀ, ਹੁਣੇ ਤਾਂ ਉਸਦਾ ਆਇਆ ਖ਼ਤ
ਹੁਣੇ ਤਾਂ ਕਾਲੀ ਬੋਲੀ ਸੀ ਇਹ, ਹੁਣ ਹਲਕੀ ਨਸਵਾਰੀ ਕੰਧ
ਖੁੱਲ੍ਹੀਆਂ ਅੱਖਾਂ ਵਾਕਣ ਨੰਗੀ, ਨ੍ਹੇਰੇ ਵਾਕਣ ਲੁੱਚੀ ਹੈ
ਰਾਤ ਦਿਹੁੰ ਦੇ ਚੱਕਰ ਵਾਕਣ, ਬੰਦ ਰੱਖਦੀ ਇਕ ਬਾਰੀ ਕੰਧ
ਸੁੰਞੀਆਂ ਗਲੀਆਂ ਦੇ ਵਿਚ ਮਿਰਜ਼ਾ ਯਾਰ ਦੁਹਾਈ ਦੇਂਦਾ ਹੈ
ਭੀੜ ਦੇ ਮਲਬੇ ਹੇਠ ਖਲੋਤੀ, ਸਾਹਿਬਾਂ ਕੱਲੀ ਕਾਰੀ ਕੰਧ
ਪਹਿਲਾਂ ਕਮਰਾ ਕਮਰਾ ਹੁੰਦਾ, ਫ਼ਿਰ ਕੋਠਾ ਬਣ ਜਾਂਦਾ ਹੈ
ਜਿਹੜੇ ਘਰ ਨੂੰ ਲੱਗ ਜਾਂਦੀ ਏ ਭੂਸ਼ਨ ਜੀ ਬਾਜ਼ਾਰੀ ਕੰਧ

[3613, ਸੈਕਟਰ 35-ਡੀ, ਚੰਡੀਗੜ੍ਹ]

ਦੋ ਕਵਿਤਾਵਾਂ

ਬਾਇਰੂਨਜੀਤ

ਇਕ ਕਵਿਤਾ ਅਧੋਰਾਣੀ

ਪਾਠਕ ਜੀ ਤੁਸੀਂ ਕਰੋ ਹਜ਼ਮ
ਮੇਰੀ ਅਤਿ ਆਧੁਨਿਕ ਨਜ਼ਮ
ਅੱਜ ਬੜਾ ਹੀ ਲਾਪਰਵਾਹ ਮੈਂ
ਸ਼ਾਇਰ ਹੋਇਆ
ਛੰਦਾਂ ਤੋਲ-ਤੁਕਾਤਾਂ ਕੋਲੋਂ
ਬੇਮੁਖ ਹੋਇਆ
ਪਾਠਕ ਜੀ !
ਅਤਿ ਆਧੁਨਿਕ ਸਮਾਂ ਹੈ ਆਇਆ
ਸ਼ਾਇਰ ਦਾ ਕੰਮ ਪਾਠਕ ਦੇ
ਮੈਂ ਜ਼ੁੰਮੇਂ ਲਾਇਆ
ਖ਼ਾਲੀ ਥਾਵਾਂ ਆਪੇ ਭਰ ਲਉ
ਪਾਸ਼ਕ ਪੂਰਾ ਆਪੇ ਕਰ ਲਉ

ਅਤਿ ਆਧੁਨਿਕ ਸਮਾਂ ਹੈ ਆਇਆ
ਤੇਲੀ ਦੇ ਸਿਰ ਕੋਹਲੂ ਵੱਜਾ............

ਕਵਿਤਾ ਮੇਰੀ ਹੁਣ ਜਦ ਵੀ ਆਉਣੀ ਹੈ
ਬੜੀ ਕਲਪਨਾ ਨਾਲ ਮੈਂ ਉਹ ਮਹਿਕਾਉਣੀ ਹੈ :
ਜਦ ਕਾਲਜੇ ਛੁਰੀਆਂ ਚਲਣ
ਸੀਨੇ ਠੰਡ ਪਈ ਆਖ ਦਿਆਂ ਮੈਂ
ਹੋਣ ਅੰਗਾਰੇ ਬੋਲਾਂ ਵਿਚ ਜੋ
ਫੂਕ ਮਾਰ, ਕਰ ਰਾਖ ਦਿਆਂ ਮੈਂ

ਪਾਠਕ ਜੀ, ਕਰ ਲਉ ਅਭਿਆਸ
ਤੁਕਾਂਤ ਮਿਲਾਵਣ ਦਾ ਵੀ—:
ਮਸਲਨ ਇਕ ਰੋਗ ਹੈ 'ਕੈਂਸਰ'
ਜਿਸ ਤੋਂ ਡਰਦੇ ਸਿਗਰਟ ਪੀਣੇ
'ਕੈਂਸਰ' ਦੇ ਨਾਲ ਕਿਹੜਾ ਸ਼ਬਦ ਮਿਲਾਵੋਗੇ

ਜਿਸ ਤੋਂ ਡਰਦੇ ਕਲਮਾਂ ਵਾਲੇ ?
ਖਿਮਾ ਕਰਨਾ, ਪਾਠਕ ਜੀ
ਕਵਿਤਾ ਦੇ ਛੰਦ ਵਿਚ ਨਾ ਜਾਣਾ
ਕਵਿਤਾ ਦੀ ਲੈਅ ਵਿਚ ਨਾ ਵਹਿਣਾ
ਨਿਕ ਸੁਕ 'ਕੱਠਾ ਕਰਕੇ
ਜੋ ਵੀ ਜੋੜਾਂਗਾਂ ਮੈਂ—
ਅਨਹਦ ਨਾਦ ਜੋ ਵਿਚ ਮਗਜ਼ ਦੇ ਵੱਜੇ
ਤੇ ਜੋ ਸੁਰ ਹਿਰਦੇ 'ਚੋਂ ਉਠੇ—
ਉਸੇ ਸੰਗ ਮਿਲਾ ਲੈਣਾ

ਖਿਮਾ ਕਰਨਾ, ਪਾਠਕ ਜੀ
ਕਵਿਤਾ ਦੇ ਛੰਦ ਵਿਚ ਨਾ ਜਾਣਾ
ਕਵਿਤਾ ਦੀ ਲੈਅ ਵਿਚ ਨਾ ਵਹਿਣਾ !

ਅਵੱਗਿਆ

ਲੋਕ ਆਪਣੇ ਹੱਥਾਂ ਵੱਲ ਤੱਕ ਰਹੇ ਸਨ
ਹੱਥ, ਲਕੀਰਾਂ ਵਿਚ ਗੁਆਚੇ ਹੋਏ
ਹਰ ਲਕੀਰ ਦੁਆਲੇ
ਇਕ ਲਛਮਣ ਲਕੀਰ ਸੀ
ਭੈਅ ਵਿਚ ਉਹ ਪਹਿਲਾਂ ਸਟਪਟਾਏ
ਤੇ ਫਿਰ ਉਨ੍ਹਾਂ ਦੇ ਮਸਤਿਕ 'ਤੇ
ਤ੍ਰਿਸ਼ੂਲ ਉਗ ਆਏ

ਉਨ੍ਹਾਂ ਮੁੱਠਾਂ ਮੀਚੀਆਂ ਤੇ ਪੀਚੀਆਂ
ਤੇ ਫਿਰ ਹਵਾ 'ਚ ਲਹਿਰਾਈਆਂ
ਸੜਕਾਂ ਬੋਲਣ ਲਗੀਆਂ
ਕੰਧਾਂ ਡੋਲਣ ਲੱਗੀਆਂ
ਲਕੀਰਾਂ ਮਿਟਣ ਲੱਗੀਆਂ

ਦੂਰ ਸਤਰੰਗੀ ਪੀਂਘ ਸੀ
ਪੀਂਘ ਤੇ ਬਿਰਾਜੀ 'ਭਾਵੀ' ਸੀ
ਜੋ ਸਭ ਕਾਸੇ ਤੇ 'ਹਾਵੀ' ਸੀ
ਭਾਵੀ ਤਿਲਮਲਾਈ
ਉਸ ਸੈਂਡਲ ਉਠਾਈ

ਹੇਠ ਖੁਰੀ ਲੁਆਈ
ਸ਼ਹਿਰ ਦੇ ਹਰ ਚੁਰੱਸਤੇ ਵਿਚ
ਪਿੰਡ ਦੀ ਹਰ ਸੱਥ ਵਿਚ
ਸੈਂਡਲ ਵਿਖਾਈ
ਤੇ ਗੁਰਾਈ :

ਲਕੀਰਾਂ ਦੇ ਫ਼ਕੀਰੋ
ਬੜੇ ਬੁਰੇ ਹੋ
ਔਕਾਤ ਨਹੀਂ ਵੇਂਹਦੇ
ਲਕੀਰਾਂ ਮਿਟਾਵਣ ਤੁਰੇ ਹੋ ?
ਮੱਥੇ ਦੇ ਤ੍ਰਿਸ਼ੂਲ
ਟੋਪੀ ਹੇਠ ਲੁਕਾ ਦੇਵੋ
ਨੱਕ ਦੀ ਸੇਧੇ ਚੱਲੋ
ਬੰਦ ਮੁਠੀਆਂ ਖੋਲ੍ਹੋ ਤੇ ਬੋਲੋ :
"ਅਸੀਂ ਉਲੂ ਹਾਂ"—
"ਅਸੀਂ ਉਲੂ ਹਾਂ"
ਉਨ੍ਹਾਂ ਸਹਿਮ ਕੇ ਕਿਹਾ;
'ਪਰ ਰਾਤਾਂ ਨੂੰ ਵੇਖਦੇ ਹਾਂ"
ਉਨ੍ਹਾਂ ਸੋਚਿਆ।
ਭਾਵੀ ਨੇ ਹਰ ਸੱਥ ਵਿਚ
ਸ਼ਹਿਰ ਦੇ ਹਰ ਚੁਰਸਤੇ ਵਿਚ
ਸ਼ੈਂਡਲ ਲਟਕਾਈ
ਤੇ ਮੁੜ ਆਸਣ ਵਲ ਆਈ

ਹੁਣ ਲੋਕ
ਰਾਤਾਂ ਨੂੰ ਲਕੀਰਾਂ ਵੇਖਦੇ ਹਨ
'ਲਕੀਰ ਬਦਲੇਗੀ'
ਉਨ੍ਹਾਂ ਨੂੰ ਆਸ ਹੈ
'ਲਕੀਰ ਬਦਲਾਂਗੇ'
ਉਨ੍ਹਾਂ ਦਾ ਵਿਸ਼ਵਾਸ ਹੈ !□

ਉਰਦੂ ਕਹਾਣੀ

ਚਸ਼ਮ-ਏ-ਬਦਦੂਰ

ਰਾਜਿੰਦਰ ਸਿੰਘ ਬੇਦੀ

ਇਹ ਘਟਨਾ ਵੀ ਸ਼ਨਿਚਰਵਾਰ ਦੇ ਦਿਨ ਵਾਪਰੀ।

ਤੂੰ ਕਹੇਂਗਾ ਕਿ ਤੇਰੇ ਨਾਲ ਸਭ ਘਟਨਾਵਾਂ ਸ਼ਨਿਚਰ ਨੂੰ ਹੀ ਕਿਉਂ ਵਾਪਰਦੀਆਂ ਨੇ? ਤਾਂ ਦੱਸ ਮੈਂ ਕੀ ਜਵਾਬ ਦੇਵਾਂ! ਇਹੀ ਕਹਿ ਸਕਦਾ ਹਾਂ ਨਾ, ਕਿ ਹਫਤੇ ਦੇ ਬਾਕੀ ਦਿਨਾਂ ਵਿਚ ਤਾਂ ਮੈਂ ਘਟਨਾਵਾਂ ਨੂੰ ਵਾਪਰਦਾ ਹਾਂ...

ਗੱਲ ਸਿੱਧੀ ਹੈ, ਬਾਕਰ ਭਾਈ, ਸ਼ਨਿਚਰ ਦੇ ਦਿਨ ਵਿਚ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਸ ਦੇ ਇਕ ਦਿਨ ਪਹਿਲਾਂ ਕੋਈ ਛੁੱਟੀ ਨਹੀਂ ਹੁੰਦੀ। (ਹਾਂ, ਸਾਲ ਵਿਚ ਇਕ ਦਿਨ ਹੁੰਦੀ ਹੈ, ਅਲਬੱਤਾ, ਗੁਡ ਫਰਾਈਡੇ ਵਾਲੇ ਦਿਨ। ਪਰ ਕੁਝ ਲੋਕਾਂ ਦੀ ਬਦਕਿਸਮਤੀ ਨਾਲ ਕਈ ਵਾਰ ਗੁਡ ਫਰਾਈਡੇ ਵੀ ਐਤਵਾਰ ਨੂੰ ਆ ਪੈਂਦਾ ਹੈ ਤੇ ਉਹਨਾਂ ਦੀ ਛੁੱਟੀ ਮਾਰੀ ਜਾਂਦੀ ਹੈ!) ਪਰ ਸ਼ਨਿਚਰ ਦੇ ਦਿਨ ਅਜਿਹੀ ਕੋਈ ਮੁਸੀਬਤ ਨਹੀਂ ਹੁੰਦੀ। ਐਸੀ ਸਿੱਕੇਬੰਦ ਛੁੱਟੀ ਆਉਂਦੀ ਹੈ ਕਿ ਆਦਮੀ ਸਭ ਦੀ ਛੁੱਟੀ ਬੁਲਾਕੇ ਰੱਖ ਦਿੰਦਾ ਹੈ। ਉਹ ਇਹ ਵੀ ਭੁੱਲ ਜਾਂਦਾ ਹੈ ਕਿ ਸ਼ਨਿਚਰ ਤੋਂ ਇਕ ਦਿਨ ਪਹਿਲਾਂ ਉਸਨੇ ਜੁਮੇ ਦੀ ਨਮਾਜ਼ ਪੜ੍ਹੀ ਸੀ। ਨਮਾਜ਼ ਤਾਂ ਖੈਰ ਫਰਜ਼ ਹੈ। ਐਤਵਾਰ ਨੂੰ ਵੀ। ਪਰ ਤੂੰ ਸੱਚ ਦੱਸ ਬਾਕਰ ਭਾਈ, ਅਪਣੀ ਸਲਮਾ ਦੀ ਕਸਮ ਖਾ, ਕੀ ਐਤਵਾਰ ਨੂੰ ਤੇਰੀ ਨਮਾਜ਼ ਜਾਂ ਨਮਾਜ਼ਾਂ ਉਤੇ ਕਜ਼ਾ ਨਹੀਂ ਛਾਈ ਹੁੰਦੀ?

ਸ਼ਨਿਚਰ ਦੀ ਸਵੇਰ ਨੂੰ ਅਲਬੱਤਾ ਕਾਇਨਾਤ ਦੇ ਨੰਬਰ ਦੋ (ਪੈਸੇ ਨਹੀਂ) ਸਿਤਾਰੇ, ਜਿਸਨੂੰ ਤੁਸੀਂ ਜ਼ੁਹਲ ਅਤੇ ਅਸੀਂ ਹਿੰਦੂ ਲੋਕ ਸ਼ਨਿਚਰ ਕਹਿੰਦੇ ਹਾਂ, ਨੂੰ ਰਤਾ ਰਿਸ਼ਵਤ ਦੇਣੀ ਪੈਂਦੀ ਹੈ—ਅਤੇ ਬੱਸ। ਸ਼ਨਿਚਰ ਦੇ ਦਿਨ ਰਿਸ਼ਵਤ ਸਿਰਫ ਏਨੀ ਹੈ ਕਿ ਬੱਸ ਮੰਦਰ ਜਾਉ, ਜਿਸਦੀ ਗੁੱਠ ਵਿਚ ਇਕ ਦੁਕਾਨ ਹੋਵੇਗੀ, ਉਥੋਂ ਤੇਲ, ਨਾਰੀਅਲ, ਹਾਰ ਆਦਿ ਮਿਲ ਜਾਣਗੇ। ਉਥੋਂ ਸਰ੍ਹੋਂ ਦੇ ਤੇਲ ਦੀ ਇਕ ਪਲੀ ਖਰੀਦੋ — ਸਰ੍ਹੋਂ ਦਾ ਨਾ ਮਿਲੇ ਤਾਂ ਘੋਪੇ ਦਾ ਹੀ ਜਲ ਜਾਵੇਗਾ— ਜੋ ਪੰਝੀ ਪੈਸਿਆਂ ਵਿਚ ਮਿਲੇਗਾ। ਤੇਲ ਪਾਉਣ ਲਈ ਲੋਹੇ ਦੀ ਕਟੋਰੀ ਤੇਲ ਵੇਚਣ ਵਾਲਾ ਖੁਦ ਹੀ ਦੇਵੇਗਾ। ਅਤੇ ਇਸ ਲਈ ਵੱਖਰੇ ਪੈਸੇ ਵੀ ਨਹੀਂ ਲਏਗਾ। ਕਿਉਂਕਿ ਮੂਰਤੀ ਤੇ ਚੜ੍ਹਾਵਾ ਹੋ ਜਾਣ ਪਿਛੋਂ ਉਹ ਕਟੋਰੀ ਆਪਣੇ ਆਪ ਤੇਲ ਵਾਲੇ ਕੋਲ ਚਲੀ ਆਵੇਗੀ — ਸਮੇਤ ਤੇਲ ਦੇ। ਤਾਂ ਲੋਹੇ ਦੀ ਕਟੋਰੀ ਵਿਚ ਤੇਲ, ਤੇਲ ਵਿਚ ਕੁਝ ਦਾਣੇ ਮਾਂਹ ਦੇ ਅਤੇ ਇਕ ਪੈਸਾ ਤਾਂਬੇ ਦਾ — ਪਹਿਲਾਂ ਤਾਂ ਇਹੀ ਹੁੰਦਾ ਸੀ, ਪਰ ਅਜ ਕਲ ਤਾਂ ਤਾਬਾ ਰਿਹਾ ਹੈ ਨਾ ਪੈਸਾ। ਪੈਸੇ ਦੀ ਥਾਂ ਪੰਜ ਦਸ ਪੈਸਿਆਂ ਨੇ ਲੈ ਲਈ ਹੈ ਅਤੇ ਤਾਂਬੇ ਦੀ ਥਾਂ ਨਿਕਲ ਨੇ, ਜੋ ਕਿਸੇ ਨਾ ਕਿਸੇ ਤਰ੍ਹਾਂ ਤੁਹਾਡੀ ਜੇਬ ਵਿਚੋਂ ਨਿਕਲ ਹੀ ਆਏਗਾ। ਇਹ ਸਭ ਲੈਕੇ ਤੁਰੋ, ਕਿਉਂਕਿ ਦੇਵਤਾ ਲੋਕ ਵੀ ਮੌਕਾ ਪ੍ਰਸਤ ਹੋ ਗਏ ਨੇ ਤੇ ਹਾਲਾਤ ਦੇ ਨਾਲ ਐਡਜਸਟ ਕਰਨਾ ਸਿਖ ਗਏ ਨੇ।

ਗੱਲ ਇਹ ਹੈ ਬਾਕਰ, ਸ਼ਨਿਚਰ ਦਾ ਤੁਅੱਲਕ ਹਰ ਕਾਲੀ ਚੀਜ਼ ਨਾਲ ਹੁੰਦਾ ਹੈ, ਜਿਸਦਾ ਦਾਨ ਕਰਨਾ ਯੋਗ ਹੈ, ਮਸਲਨ ਲੋਹਾ, ਮਾਂਹ, ਕਾਲਾ ਕਪੜਾ, ਛਤਰੀ, ਨੰਬਰ ਦੋ ਦਾ ਪੈਸਾ, ਫਿਲਮ, ਤੁਹਾਡਾ ਦਿਲ—ਪਰ ਦਾਨ ਦੇ ਸਿਲਸਿਲੇ ਵਿਚ ਲੋਹੇ ਦੀ ਕਟੋਰੀ ਵਿਚ ਤੇਲ

ਤਕ ਹੀ ਸੀਮਤ ਰਹੋ, ਬਹੁਤੇ ਉਹ ਨਾ ਬਣੋ। ਹਾਂ, ਜੋ ਕੰਮ ਪੰਝੀ ਪੈਸਿਆਂ ਵਿਚ ਹੋ ਜਾਵੇ, ਉਸ ਲਈ ਲੱਖਾਂ ਦਾ ਕੀ ਸੋਚਣਾ ! ਤੇਲ ਦੀ ਪਲੀ ਵਿਚ ਆਪਣਾ ਮੂੰਹ ਵੇਖਦੇ ਹੋਏ ਮੰਦਰ ਵਲ ਧਾਈ ਕਰੋ ਅਤੇ ਜਾਂਦਿਆਂ ਸਿਰਫ ਤੇਲ ਵਿਚ ਹੀ ਵੇਖੋ। ਤੁਹਾਨੂੰ ਆਪਣਾ ਚਿਹਰਾ ਆਪਣੇ ਬਾਪ ਦਾ ਵਿਖਾਈ ਦੇਵੇਗਾ, ਜਿਸ ਵਿਚ ਕੋਈ ਸ਼ਰਮ ਵਾਲੀ ਗੱਲ ਨਹੀਂ। ਠਾਕਰਦੁਆਰੇ ਪਹੁੰਚੋ ਤਾਂ ਜੁੱਤੀ ਉਤਾਰ ਦਿਉ — ਉਤਾਰ ਲਊ ਮੈਂ ਕਦ ਕਿਹਾ ਹੈ ! ਆਖਰ ਨਾਸਤਕ ਹੈਂ ਨਾ ! ਜੁੱਤੀ ਮੰਦਰ ਦੇ ਬਾਹਰ ਬੈਠੀ ਔਰਤ ਦੀ ਨਿਗਰਾਨੀ ਵਿਚ ਦੇ ਦਿਉ। ਇਹ ਬਹੁਤ ਜ਼ਰੂਰੀ ਹੈ। ਤੂੰ ਔਰਤ ਨੂੰ ਜਾਣਦਾ ਹੈਂ ਨਾ। ਜੇ ਤੁਸੀਂ ਜੁੱਤੀ ਉਸਦੇ ਹੱਥ ਵਿਚ ਨਹੀਂ ਦਿਉਗੇ ਤਾਂ ਉਹ ਖੁਦ ਲੈ ਲਏਗੀ। ਜੁੱਤੀ ਪਿਛੋਂ ਮੰਦਰ ਜਾਉ ਤੇ ਬਾਹਰ ਦਾ ਸਭ ਕੁਝ ਭੁੱਲ ਜਾਉ। ਮੂਰਤੀ ਦੇ ਸਾਹਮਣੇ ਸਿਰ ਨਿਵਾਉ ਤਾਂ ਕਿਸੇ ਔਰਤ ਦਾ ਖਿਆਲ ਦਿਲ ਵਿਚ ਨਾ ਲਿਆਉ, ਚਾਹੇ ਉਹ ਆਪਣੀ ਮਾਂ ਹੀ ਕਿਉਂ ਨਾ ਹੋਵੇ। ਫਿਰ ਕੋਈ ਜਾਪ, ਕਿਸੇ ਇਸਮੇ-ਆਜ਼ਮ ਦਾ ਜਾਪ ਕਰੋ। ਜੇ ਯਾਦ ਨਹੀਂ ਤਾਂ ਨਾ ਸਹੀ, ਕੋਈ ਐਸੀ ਗੱਲ ਦਿਲ ਵਿਚ ਦੁਹਰਾਉ ਜਿਸ ਵਿਚ ਘੱਟੋ ਘੱਟ ਵਜ਼ਨ ਜਾਂ ਤਰੰਨਮ ਤਾਂ ਹੋਵੇ। ਇਕ ਗੱਲ ਤੈਨੂੰ ਦੱਸ ਦਿਆਂ ਕਿ ਸਭ ਦੇਵੀ ਦੇਵਤੇ, ਪੀਰ ਪੈਗੰਬਰ ਗਦ ਯਾਨੀ ਨਸਰ ਦੇ ਬਹੁਤ ਖਿਲਾਫ ਨੇ। ਇਸ ਲਈ ਕੁਝ ਵੀ ਯਾਦ ਨਾ ਆਏ ਤਾਂ ਇਹੀ ਕਹਿੰਦੇ ਜਾਉ, ਲਾਲਾ ਮੂਸਾ ਛੇ ਛੇ ਪੈਸੇ...... ਲਾਲਾ ਮੂਸਾ ਛੇ ਛੇ ਪੈਸੇ......ਇਹ ਤੈਨੂੰ ਰੇਲ ਗੱਡੀ ਦੀ ਆਵਾਜ਼ ਜਾਪਦੀ ਹੈ ਨਾ ? ਰੇਲ ਗੱਡੀ ਹਮੇਸ਼ਾ ਉਹੀ ਕਹਿੰਦੀ ਜੋ ਤੁਸੀਂ ਕਹਿੰਦੇ ਹੋ। ਏਵੇਂ ਹੀ ਭਗਵਾਨ ਵੀ ਉਹੀ ਕਹਿੰਦਾ ਹੈ ਜੋ ਤੁਸੀਂ ਕਹਿੰਦੇ ਹੋ।

ਮੰਦਰ ਤੋਂ ਬਾਹਰ ਆਉਗੇ ਤਾਂ ਪਹਿਲਾ ਵਰਦਾਨ ਸ਼ਨਿਚਰ ਦਾ ਤੁਹਾਨੂੰ ਇਹ ਮਿਲੇਗਾ ਕਿ ਉਪਰ ਤੁਹਾਡੇ ਐਂਗਲ ਤੋਂ ਤੁਹਾਨੂੰ ਜੁੱਤੀ ਰੱਖਣ ਵਾਲੀ ਦੇ ਦੁੱਧ ਦਿਸਣਗੇ ਜਿੰਨ੍ਹਾ ਵਿਚ ਕੋਈ ਦੁੱਧ ਨਹੀਂ ਹੋਵੇਗਾ। ਦੂਜਾ ਇਹ ਕਿ ਚਾਹੇ ਤੁਹਾਡੀ ਜੇਬ ਵਿਚ ਪੈਸੇ (ਦਸ ਪੈਸੇ) ਵੀ ਨਾ ਹੋਣ ਫਿਰ ਵੀ ਬੇਸ਼ੁਮਾਰ ਬੱਚੇ ਤੁਹਾਨੂੰ ਘੇਰ ਲੈਣਗੇ, ਅਤੇ ਕਹਿਣਗੇ— ਸੇਠ, ਓ ਸੇਠ !......ਬੱਸ ਦੁਨੀਆਂ ਵਿਚ ਜਿਸਨੂੰ ਔਰਤ ਤੇ ਪੈਸਾ ਮਿਲ ਗਏ, ਉਸਨੂੰ ਹੋਰ ਕੀ ਚਾਹੀਦਾ ਹੈ ?

ਮਾਫ ਕਰਨਾ, ਬਾਕਰ ਭਾਈ, ਮੈਂ ਗੱਲ ਜ਼ਰਾ ਲੰਮੀ ਤੇ ਘੁਮਾ ਫਿਰਾ ਕੇ ਕਰਦਾ ਹਾਂ। ਪ੍ਰੋਮੋਸ਼ਨ ਰੁਕ ਜਾਣ ਨਾਲ ਮੇਰਾ ਦਿਮਾਗ ਘੁੰਮ ਗਿਆ ਨਾ ! ਤੇਰਾ ਜਦ ਅਤੇ ਜਿਥੇ ਜੀਅ ਕਰੇ ਰੋਕ ਦੇਵੀਂ।

ਗੱਲ ਮੈਂ ਸ਼ਨਿਚਰ ਦੀ ਕਰ ਰਿਹਾ ਸੀ, ਪਰ ਅੱਜ ਦੇ ਜ਼ਮਾਨੇ ਵਿਚ ਇਕ ਗੱਲ ਤੇ ਦੂਜੀ ਗੱਲ ਦੇ ਵਿਚਕਾਰ ਕੋਈ ਰਬਤ (ਸਬੰਧ) ਰੱਖ ਸਕਣਾ ਬੜਾ ਕਠਨ ਹੋ ਗਿਆ ਹੈ। ਸਾਡੇ ਸਭ ਸ਼ਾਇਰ ਤੇ ਅਦੀਬ ਇਸਦੇ ਗਵਾਹ ਨੇ। ਪਰ ਉਹ ਵੀ ਕੀ ਕਰਨ ? ਮਹਿੰਗਾਈ ਵੀ ਤਾਂ ਕਿੰਨੀ ਵਧ ਗਈ ਹੈ ! ਕਦਰਾਂ ਵਿਚ ਉਥਲ-ਪੁਥਲ ਹੋ ਗਈ। ਰਬਤ ਤਾਂ ਗਿਆ ਹੀ ਸੀ, ਨਾਲ ਜ਼ਬਤ ਵੀ ਗਿਆ। ਜਾਪਦਾ ਹੈ ਸਮੇਂ ਨੇ ਰਿਜ਼ਰਪਿਨ ਦਾ ਟੀਕਾ ਲਾ ਦਿਤਾ, ਅਤੇ ਦਿਮਾਗ ਦਾ ਉਹ ਹਿੱਸਾ ਹੀ ਸੁੰਨ ਹੋ ਗਿਆ ਹੈ, ਜੋ ਦੱਸਦਾ ਹੈ ਕਿ ਪਹਿਲਾਂ ਤੁਸੀਂ ਇਹ ਗੱਲ ਕਰ ਰਹੇ ਸੀ ਤੇ ਹੁਣ ਇਹ ਕਰ ਰਹੇ ਹੋ।

ਹਾਂ, ਮੈਂ ਸ਼ਨਿਚਰ ਦੀ ਗੱਲ ਤੋਂ ਜ਼ਰਾ ਪਰੇ ਹਟ ਗਿਆ। ਲੇਕਿਨ ਆ ਰਿਹਾਂ ਉਸੇ ਵੱਲ। ਇਹ ਚਸ਼ਮਾਂ ਮੇਰਾ ਵੇਖ ਰਿਹੈਂ ਨਾ ? ਇਸ ਵਿਚ ਡਬਲ ਕਾਨਵੇਕਸ ਦੇ ਸ਼ੀਸ਼ੇ ਲੱਗੇ ਨੇ। ਆਮ ਆਦਮੀ ਇੰਨ੍ਹਾਂ ਵਿਚੋਂ ਦੇਖੇ ਤਾਂ ਕੀੜੀ ਵੀ ਉਸਨੂੰ ਹਾਥੀ ਲੱਗੇਗੀ; ਸ਼ਾਇਦ ਇਸੇ ਲਈ ਮੈਂ ਰੂਸੀ

ਕਾਂਸੁਲੇਟ ਵਿਚ ਕੰਮ ਕਰਦਾ ਹਾਂ ਕਿਉਂਕਿ ਰੂਸੀਆਂ ਨੂੰ ਹਰ ਚੀਜ਼ ਆਪਣੇ ਅਸਲ ਤੋਂ ਸੌ ਗੁਣਾ ਵੱਡੀ ਜਾਪਦੀ ਹੈ। ਅਵਾਮ, ਦੁਨੀਆਂ ਭਰ ਦੇ ਅਵਾਮ, ਲਈ ਉਹਨਾਂ ਨੇ ਬਹੁਤ ਕੁਝ ਕੀਤਾ ਹੈ। ਪਰ ਅਵਾਮ ਦੀ ਐਨੀ ਮੁਹਾਰਨੀ ਰਟੀ ਹੈ ਕਿ ਉਹ ਖਾਸ ਹੋ ਗਏ ਨੇ। ਤੂੰ ਵੇਖੀਂ ਅਗਲੇ ਪੰਜਾਹ ਵਰ੍ਹਿਆਂ ਵਿਚ ਜੋ ਇਨਕਲਾਬ ਆਏਗਾ, ਉਹ ਖਾਸ ਹੀ ਦਾ ਹੋਵੇਗਾ, ਜਿਸਦੀ ਨੀਂਹ ਸਭ ਇਨਕਲਾਬੀਆਂ ਦੀ ਮਾਂ ਫਰਾਂਸ ਵਿਚ ਸਾਰਤਰ ਤੇ ਸਾਬਰੋਨ ਦੇ ਵਿਦਿਆਰਥੀਆਂ ਨੇ ਰੱਖ ਵੀ ਦਿੱਤੀ ਹੈ।

ਮੇਰੀ ਇਹ ਗੱਲ ਕਾਂਸੁਲੇਟ ਵਿਚ ਨਾ ਕਹੀਂ ਅਤੇ ਨਾ ਹੀ ਇਹ ਦੱਸੀਂ ਕਿ ਮੈਂ ਸ਼ਨਿਚਰ, ਰਾਹੂ ਤੇ ਕੇਤੂ ਦੀਆਂ ਗੱਲਾਂ ਕਰਦਾ ਹਾਂ, ਨਹੀਂ ਤਾਂ ਮੇਰੀ ਛੁੱਟੀ ਹੋ ਜਾਵੇਗੀ ਧਰਮ ਨਾਲ। ਰੂਸੀਆਂ ਦਾ ਇਹ ਹੈ ਨਾ ਕਿ ਉਹ ਕਹਿੰਦੇ ਨਹੀਂ, ਕਰਦੇ ਨੇ।

ਰੂਸੀ ਮਿਹਨਤੀ ਬਹੁਤ ਨੇ। ਉਹਨਾਂ ਦੇ ਦਫਤਰ ਵਿਚ ਜੋ ਕੰਮ ਕਰਦਾ ਹੈ, ਉਸਨੂੰ ਨਿਚੋੜ ਲੈਂਦੇ ਨੇ। ਸ਼ਾਇਦ ਉਹਨਾਂ ਨੂੰ ਪਤਾ ਲੱਗ ਗਿਆ ਹੈ ਕਿ ਹਰ ਹਿੰਦੁਸਤਾਨੀ ਫਿਤਰਤਨ ਕੰਮਚੋਰ ਹੁੰਦਾ ਹੈ। ਉਸਦਾ ਬੱਸ ਚੱਲੇ, ਬਿਨਾਂ ਕੰਮ ਕੀਤੇ ਤਨਖਾਹ ਮਿਲੇ, ਤਾਂ ਕਦੇ ਕੰਮ ਨਾ ਕਰੇ। ਪੱਛਮ ਵਿਚ ਹਰ ਆਦਮੀ ਦੀ ਤਮੰਨਾ ਰਹਿੰਦੀ ਹੈ ਕਿ ਉਹ ਜ਼ਿੰਦਗੀ ਦੇ ਆਖਰੀ ਪਲਾਂ ਤਕ ਰੁਝਿਆ ਰਹੇ, ਪਰ ਹਿੰਦੁਸਤਾਨੀ ਇਹੀ ਸੋਚਦਾ ਰਹਿੰਦਾ ਹੈ ਕਿ ਉਹ ਕਦ ਰੀਟਾਇਰ ਹੋਵੇਗਾ ਤੇ ਕੰਮ ਦੇ ਝੰਜਟ ਤੋਂ ਛੁਟੇਗਾ। ਗੱਲ ਉਹ ਪੰਜ ਸਾਲ ਪਿਛੋਂ ਦੀ ਕਰ ਰਿਹਾ ਹੈ, ਪਰ ਟੰਗਾਂ ਉਹ ਹੁਣੇ ਤੋਂ ਪਸਾਰਨਾ ਸ਼ੁਰੂ ਕਰ ਦਿੰਦਾ ਹੈ। ਮੈਨੂੰ ਪੁਛੋ ਤਾਂ ਮੈਂ ਕਹਾਂ; ਹਿੰਦੁਸਤਾਨੀ ਦਰ ਅਸਲ ਕੰਮ ਮਿਲਣ ਤੋਂ ਪਹਿਲਾਂ ਹੀ ਰੀਟਾਇਰ ਹੋ ਚੁਕਿਐ ਹੁੰਦੈ। ਇਸ ਦਾ ਕਾਰਣ ਏਥੋਂ ਦੀ ਆਬੋ ਹਵਾ ਨਹੀਂ ਸਗੋਂ ਉਸਦੇ ਕਰਮ ਤੇ ਅਮਲ ਦੀ ਫਿਲਾਸਫੀ ਹੈ, ਜਿਸ ਉਤੇ ਲੋੜ ਤੋਂ ਵਧ ਜ਼ੋਰ ਦੇਣ ਨਾਲ ਉਹ ਬੇਅਮਲ ਹੋ ਗਿਆ ਹੈ।

* * *

ਇਕ ਗੱਲ ਹੈ, ਬਾਕਰ ਭਾਈ, ਇਨਸਾਨ ਆਖਿਰ ਇਨਸਾਨ ਹੈ। ਰੂਸ ਤੇ ਅਮਰੀਕਾ ਤਾਂ ਕੀ ਉਹ ਚਾਹੇ ਹਿੰਦੁਸਤਾਨ ਹੀ ਕਿਉਂ ਨਾ ਹੋਵੇ, 'ਸਟੇਕ' ਤੇ 'ਸ਼ਾਸ਼ਲੇਕ' ਦੀ ਥਾਂ ਇਡਲੀ-ਡੋਸਾ ਮੂੰਗੀ ਦੀ ਦਾਲ, ਮੁਰਗ ਮੁਸੱਲਮ ਜਾਂ ਕੜਾਹ ਪਰਸ਼ਾਦ ਹੀ ਕਿਉਂ ਨਾ ਖਾਂਦਾ ਹੋਵੇ, ਲੇਕਿਨ ਜ਼ਿੰਦਗੀ ਦੀ ਹਰ ਚੰਗੀ ਚੀਜ਼ ਉਸਨੂੰ ਵੀ ਚੰਗੀ ਲੱਗਦੀ ਹੈ। ਸ਼ਨਿਚਰ ਨੂੰ ਮੰਦਰੋਂ ਮੁੜਨ ਪਿਛੋਂ ਮੈਂ "ਇੰਡੀਅਨ ਐਕਸਪ੍ਰੈਸ" ਵਿਚ ਪੜ੍ਹਿਆ ਕਿ 'ਲਿਟਲ ਹੱਟ' ਰੈਸਤੋਰਾਂ ਵਿਚ ਮਰਿਆਨਾ ਨੱਚ ਰਹੀ ਹੈ। ਮਰਿਆਨਾ ਨਚਦਿਆਂ ਆਪਣੇ ਸਰੀਰ ਉਤੇ ਕਿਤੇ ਸਿਰਫ ਅੰਜੀਰ ਦਾ ਪੱਤਾ ਪਹਿਨਦੀ ਹੈ। ਹਾਂ ਭਾਈ, ਲੋਕ ਇਸਨੂੰ ਵੀ ਪਹਿਨਣਾ ਹੀ ਕਹਿੰਦੇ ਨੇ। ਫਿਰ ਸਾਹਮਣੇ ਆਪਣੇ ਮੰਮਿਆਂ ਉਤੇ ਮੈਸਮਿਰੇਜ਼ਮ ਦੇ ਦੋ ਨੁਕਤੇ ਜਿਹੇ ਪੇਂਟ ਕਰ ਲੈਂਦੀ ਹੈ। ਹਾਲਾਂ ਕਿ ਸਾਡੀਆਂ ਤੀਵੀਆਂ ਤਾਂ ਕਪਾਹ ਦੇ ਖੇਤ ਦਾ ਖੇਤ ਆਪਣੇ ਸਰੀਰ ਉਤੇ ਉਗਾ ਲੈਂਦੀਆਂ ਨੇ!

ਮੇਰੇ ਇਕ ਦੋਸਤ, ਓਏ ਤੂੰ ਹੀ ਤਾਂ ਸੀ ਬਾਕਰ, ਜਿਸਨੇ ਦੱਸਿਆ ਸੀ ਮਰਿਆਨਾ ਦਾ ਰੰਗ ਗੋਰਾ ਹੈ ਨਾ ਕਾਲਾ, ਬੱਸ ਇਸ਼ਕ ਵਾਲਾ ਹੈ। ਉਸਦਾ ਬਾਪ ਲਿਬਨਾਨੀ ਹੈ ਤੇ ਮਾਂ ਇਰਾਕੀ ਅਤੇ ਇਹ ਸਭ ਮਿਲਕੇ ਲੋਕਾਂ ਨੂੰ ਮਿਰਾਕੀ ਬਣਾ ਦਿੰਦਾ ਹੈ। ਉਹ ਜ਼ੈਤੂਨ ਦੇ ਤੇਲ ਦੀ ਮਾਲਸ਼ ਨਾਲ ਆਪਣੇ ਸਰੀਰ ਨੂੰ ਏਨਾ ਲਚਕਦਾਰ ਬਣਾ ਲੈਂਦੀ ਹੈ ਕਿ ਜਾਪਦਾ ਹੈ ਜਿਵੇਂ ਉਪਰਲੇ ਹਿੱਸੇ ਦਾ ਹੇਠਲੇ ਹਿੱਸੇ ਨਾਲ ਕੋਈ ਤੁਅੱਲਕ ਹੀ ਨਹੀਂ। ਜਿਵੇਂ ਸਾਡੀ ਟਰਾਲੀ ਬੱਸ ਹੁੰਦੀ ਹੈ ਨਾ, ਜਿਸ

ਵਿਚ ਟਰਾਲੀ ਤੇ ਡਰਾਇਵਰ ਹੁੰਦਾ ਹੈ ਤੇ ਪਿਛੇ ਸਵਾਰੀਆਂ, ਅਤੇ ਇਹਨਾਂ ਦੋਨਾਂ ਦਾ ਆਪਸ ਵਿਚ ਕੋਈ ਤੁਅੱਲਕ ਨਹੀਂ ਹੁੰਦਾ। ਇਹੀ ਕਾਰਣ ਹੈ ਕਿ ਅਕਸਰ ਉਲਟ ਜਾਂਦੀ ਹੈ। ਮਰਿਆਨਾ ਨੂੰ ਦੇਖਣ ਵਾਲੇ ਵੀ ਤਾਂ ਏਵੇਂ ਹੀ ਉਲਟਦੇ, ਜ਼ਖਮੀ ਹੁੰਦੇ ਤੇ ਮਰ ਜਾਂਦੇ ਨੇ......ਮੈਂ ਤੈਨੂੰ ਕਿਹਾ ਸੀ ਨਾ ਕਿ ਔਰਤ ਦੇ ਬਾਰੇ ਹਰ ਮਰਦ ਦਾ ਇਕ ਫੈਟਿਸ਼ (ਯਾਨੀ ਖਬਤ) ਹੁੰਦਾ ਹੈ, ਇਸ ਤਰ੍ਹਾਂ ਮੇਰਾ ਖਬਤ ਉਸਦਾ ਲੱਕ ਹੈ, ਅਤੇ ਤੂੰ ਜਾਣਦੈਂ ਬਾਕਰ ਭਾਈ, ਦੁਨੀਆਂ ਦੇ ਸਭ ਫਸਾਦ ਔਰਤ ਦੇ ਲੱਕ ਤੋਂ ਸ਼ੁਰੂ ਹੁੰਦੇ ਨੇ !

ਤਾਂ ਸ਼ਨਿਚਰਵਾਰ ਦੀ ਇਕ ਸ਼ਾਮ ਨੂੰ ਮੈਂ ਵਲਾਦੀਮੀਰ, ਆਪਣੇ ਉਪਰ ਦੇ ਅਫਸਰ ਤੋਂ, ਦੋ ਘੰਟੇ ਦੀ ਛੁੱਟੀ ਮੰਗੀ, ਪਰ ਉਸਨੇ ਏਨੇ ਰੋਹਬ ਨਾਲ 'ਨੇਯਤ' ਕਿਹਾ ਕਿ ਮੈਨੂੰ ਉਸਦੀ ਨੀਤ ਉਤੇ ਸ਼ੱਕ ਪੈਦਾ ਹੋ ਗਿਆ। ਐਸੀ ਨਿਸ਼ਚਿਤਤਾ ਸਿਰਫ ਰੂਸੀ ਦੇ ਲਹਿਜੇ ਵਿਚ ਹੀ ਹੋ ਸਕਦੀ ਹੈ। ਉਸਦੇ ਨਾਲ ਵਾਲੀ ਮੇਜ਼ ਉਤੇ ਵਲਾਦੀਮੀਰ ਖਾਯਾਖੋਫ ਦੇ ਉਪਰ ਦਾ ਅਫਸਰ ਨਿਕੋਲਾਈ ਕਰੋਪੋਤਕਿਨ ਬੈਠਾ ਸੀ। ਹੁਣ ਰੂਸੀ ਦਫਤਰਾਂ ਵਿਚ ਇਉਂ ਹੁੰਦਾ ਹੈ ਕਿ ਤੁਸੀਂ ਆਪਣੇ ਉਪਰ ਦੇ ਅਫਸਰ ਦੇ ਉਪਰ ਦੇ ਅਫਸਰ ਨਾਲ ਗੱਲ ਨਹੀਂ ਕਰ ਸਕਦੇ। ਇਸ ਲਈ ਮੈਂ ਦਰਖਾਸਤ ਵਲਾਦੀਮੀਰ ਖਾਯਾਖੋਫ ਦੇ ਹੀ ਸਾਹਮਣੇ ਦੁਹਰਾਈ, ਬੀਵੀ ਦੀ ਬੀਮਾਰੀ ਦਾ ਬਹਾਨਾ ਬਣਾਇਆ ਪਰ ਉਹ ਜਵਾਬ ਵਿਚ ਬੋਲਿਆ— ਨਹੀਂ ਘੰਟਾ ਵੀ ਨਹੀਂ। ਮੈਨੂੰ ਜ਼ਿਆਦਾ ਬੁਰਾ ਇਸ ਲਈ ਵੀ ਨਹੀਂ ਲੱਗਿਆ ਕਿ ਮੈਂ ਜਾਣਦਾ ਸੀ, ਉਸ ਦੀ ਹਿੰਦੀ ਮੇਰੀ ਰੂਸੀ ਤੋਂ ਵੀ ਕਮਜ਼ੋਰ ਹੈ, ਇਸ ਲਈ ਖੂਨ ਦੇ ਘੁੱਟ ਪੀ ਕੇ ਰਹਿ ਗਿਆ, ਯਾਨੀ ਚੁੱਪ ਹੋ ਗਿਆ।

ਚੁੱਪ ਤਾਂ ਅਸੀਂ ਪਹਿਲਾਂ ਹੀ ਰਹਿੰਦੇ ਸੀ, ਮਗਰ ਹੁਣ ਹੋਰ ਵੀ ਚੁੱਪ ਹੋ ਗਏ। ਇਹ ਹੋਰ ਵੀ ਚੁੱਪ ਕੀ ਹੁੰਦਾ ਹੈ, ਇਹ ਤੂੰ ਨਹੀਂ ਜਾਣ ਸਕੇਂਗਾ, ਮੇਰੀ ਜਾਨ, ਕਿਉਂਕਿ ਤੂੰ ਦਫਤਰ ਦੇ ਬੀਆਬਾਨ ਵਿਚ ਕਦੇ ਗੁੰਮਿਆਂ ਹੀ ਨਹੀਂ......ਆਮ ਤੌਰ ਤੇ ਸਾਨੂੰ ਦਫਤਰੋਂ ਛੇ ਵਜੇ ਛੁੱਟੀ ਹੋ ਜਾਂਦੀ ਹੈ। ਅਜੇ ਪੂਰੇ ਦਸ ਮਿੰਟ ਬਾਕੀ ਸੀ ਕਿ ਮੈਂ ਇਨਵਾਇਸਾਂ ਸਮੇਟਣ ਲੱਗ ਗਿਆ ਤੇ ਵਲਾਦੀਮੀਰ ਵਲ ਸਿਰਫ ਇਸ ਲਈ ਨਾ ਵੇਖਿਆ ਕਿ ਉਹ ਜ਼ਰੂਰ ਮੇਰੀ ਵਲ ਵੇਖ ਰਿਹਾ ਹੋਵੇਗਾ। ਮੇਰੇ ਦਿਮਾਗ ਵਿਚ ਮਰਿਆਨਾ ਬਾਰੇ ਖੁਦ ਬਖੁਦ ਇਕ ਨਜ਼ਮ ਪਲ ਰਹੀ ਸੀ...... ਮਰਿਆਨਾ, ਓ ਮਰਿਆਨਾ, ਤੇਰੇ ਲੀਏ ਆਜ ਮਰ ਜਾਨਾ......ਕਿਉਂ ਕਿਵੇਂ ਲਗੀ ?

ਕੁਝ ਦੇਰ ਪਿਛੋਂ ਮੈਂ ਬੱਸ ਫੜਕੇ 'ਲਿਟਲ ਹੱਟ' ਪਹੁੰਚ ਗਿਆ।

'ਲਿਟਲ ਹੱਟ' ਅਸਲ ਵਿਚ ਇਕ ਵੱਡੇ ਹੋਟਲ ਦਾ ਹਿਸਾ ਹੈ। ਉਸਦਾ ਨਾਉਂ ਹੀ ਲਿਟਲ ਹੱਟ ਹੈ, ਉਂਝ ਚੰਗੀ ਖਾਸੀ ਥਾਂ ਹੈ ਉਸ ਵਿਚ। ਚੀਜ਼ਾਂ ਦੇ ਫੈਲਾਓ ਨੂੰ ਆਖਰ ਪੈਮਾਨੇ ਨਾਲ ਹੀ ਤਾਂ ਨਹੀਂ ਮਾਪਿਆ ਜਾਂਦਾ। ਸਾਡੇ ਸਾਹਮਣੇ ਹੋਰ ਵੀ ਬਹੁਤ ਕੁਝ ਹੈ। ਦੇਖੋਂ ਨਾ, ਏਨੀ ਵੱਡੀ ਕਾਇਨਾਤ ਤੇ ਫਿਰ ਉਸ ਵਿਚ ਮਾਂ ਦੀ ਗੋਦ। ਮਾਈਕਰੋਕਾਸਮ ਵਿਚ ਮਾਈਕਰੋਕਾਸਮ। ਬੰਬਈ ਸ਼ਹਿਰ ਦੀ ਰੌਣਕ ਵੱਡੀ ਹੈ ਜਾਂ ਸਲਮਾ ਦੀਆਂ ਬਾਹਾਂ ਦਾ ਸਕੂਨ ? ਨਸੀਬਨ ਦਾ ਬੁਰਕਾ ਵੱਡਾ ਹੈ ਜਾਂ ਮਰਿਆਨਾ ਦਾ ਅੰਜੀਰ ਦਾ ਪੱਤਾ ? ਜੇ ਮਾਲਿਕਾਂ ਨੇ ਦੀਵਾਰਾਂ ਨੂੰ ਖਾਸ ਰੰਗ ਦਾ ਅਸਰ ਦੇ ਰਖਿਆ ਸੀ ਜਾਂ ਉਹਨਾਂ ਉਤੇ ਉਂਝ ਹੀ ਸੂਖਮ ਜਿਹੇ ਚਿਹਰੇ ਟੰਗ ਰਖੇ ਸਨ ਤਾਂ ਮਹਿਜ਼ ਲੋਕਾਂ ਨੂੰ ਭਰਮਾਉਣ ਲਈ। ਕਦੇ ਕਦੇ ਬਦਸੂਰਤੀ ਜਾਣ ਬੁਝਕੇ ਵੀ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਦੂਜਿਆਂ ਨੂੰ ਆਪਣਾ ਆਪ ਖੂਬਸੂਰਤ ਲੱਗੇ।

'ਲਿਟਲ ਹੱਟ' ਹਰ ਉਮਰ, ਹਰ ਕਿਸਮ ਦੇ ਲੋਕਾਂ ਨਾਲ ਅੱਟਿਆ ਪਿਆ ਸੀ। ਇਸਦੀ ਵਜਾਹ ਸਿਰਫ ਮਰਿਆਨਾ ਦਾ ਨਾਚ, ਉਸ ਦੇ ਸਰੀਰ ਦੀ ਲੋਚ ਤੇ ਖ਼ੂਬਸੂਰਤੀ ਹੀ ਨਹੀਂ ਸੀ, ਸਗੋਂ ਉਹ ਖਿਆਲ ਵੀ ਸੀ, ਜਿਸਨੂੰ ਤੋੜਨ ਦੀ ਇਛਾ ਸ਼ਾਦੀ ਦੇ ਤੀਜੇ ਚੌਥੇ ਸਾਲ ਹੀ ਮਰਦ ਤੇ ਔਰਤ ਵਿਚ ਪੈਦਾ ਹੋ ਜਾਂਦੀ ਹੈ, ਜਾਂ ਫਿਰ ਜ਼ਿੰਦਗੀ ਦੀ ਸਾਦਾ ਜਿਹੀ ਹਕੀਕਤ ਕਿ ਕੁਝ ਘੋੜੇ ਦੌੜਦੇ ਹੀ ਉਦੋਂ ਨੇ, ਜਦੋਂ ਨਾਲ ਵਾਲੇ ਦੌੜਨ।

ਕੋਣੇ ਵਿਚ ਮੈਨੂੰ ਇਕ ਸੀਟ ਨਜ਼ਰ ਆਈ, ਜਿਸਦੇ ਇਕ ਬੰਨੇ ਕੋਈ ਦੁਬਲਾ ਪਤਲਾ ਆਠੇ ਵਰਗਾ ਆਦਮੀ ਬੈਠਾ ਸੀ। ਉਹ ਸ਼ਕਲੋਂ ਲਾਇਬਰੇਰੀਅਨ ਜਾਪਦਾ ਸੀ......ਕਮਾਲ ਦੀ ਗੱਲ ਹੈ ਨਾ, ਬਾਕਰ ਭਾਈ, ਜਾਣ ਪਛਾਣ ਪਿਛੋਂ ਉਹ ਸਚਮੁੱਚ ਹੀ ਯੂਨਾਈਟਡ ਸਟੇਟਸ ਇਨਫਰਮੇਸ਼ਨ ਸਰਵਿਸ ਦਾ ਅਸਿਸਟੈਂਟ ਲਾਇਬਰੇਰੀਅਨ ਨਿਕਲ ਆਇਆ। ਤੂੰ ਕਹੇਂਗਾ ਕਿ ਲਾਇਬਰੇਰੀਅਨ ਦੀ ਕੋਈ ਖਾਸ ਸ਼ਕਲ ਹੁੰਦੀ ਹੈ ? ਤਾਂ ਮੈਂ ਕਹਾਂਗਾ, ਹਾਂ। ਉਸਦੇ ਚਿਹਰੇ ਤੇ ਹੀ ਕਾਰਡ ਇੰਡੈਕਸ ਹੁੰਦਾ ਹੈ। ਜਿਵੇਂ ਹਰ ਸ਼ਾਇਰ ਦੇ ਨੱਕ ਵਿਚ ਥੋੜ੍ਹਾ ਪਾਣੀ ਅਤੇ ਮੂੰਹ ਵਿਚ ਜ਼ਿਆਦਾ ਗਾਲ ਹੁੰਦੀ ਹੈ। ਫਿਰ ਲਾਇਬਰੇਰੀਅਨ ਦੀਆਂ ਅੱਖਾਂ ਇਉਂ ਘੁੰਮਦੀਆਂ ਹਨ ਜਿਵੇਂ ਸਫੇ ਉਲਟ ਰਹੀਆਂ ਹੋਣ। ਮਰਿਆਨਾ ਦੀ ਗੱਲ ਤਾਂ ਛੱਡ, ਉਸਦਾ ਲੱਕ ਤਾਂ ਸਫਾਂ ਉਲਟਦਾ ਹੈ।

ਇਸ ਅਸਿਸਟੈਂਟ ਲਾਇਬਰੇਰੀਅਨ ਨੇ ਆਪਣੀ ਅੰਗਰੇਜ਼ੀ ਵਿਚ ਬਹੁਤ ਅਮਰੀਕੀ ਲਹਿਜਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਹਿੰਦੀ ਕਿਤੋਂ ਨਾ ਕਿਤੋਂ ਆਪਣਾ ਮੂੰਹ ਬਾਹਰ ਕੱਢ ਹੀ ਲੈਂਦੀ ਹੈ, ਸਗੋਂ ਇਸ ਅਮਲ ਵਿਚ ਇਕ ਅਜੀਬ ਦੋਗਲੀ ਜੇਹੀ ਚੀਜ਼ ਪੈਦਾ ਹੋ ਗਈ—ਹਿੰਦੁਸਤਾਨੀ ਲਹਿਜਾ !

ਉਸਨੇ ਜੋ ਬੁਸ਼ਰਟ ਪਾਈ ਹੋਈ ਸੀ, ਉਸ ਉਤੇ ਨੇਕਸਸ-ਪਲੇਕਸਸ ਦੇ ਅਸ਼ਲੀਲ ਵਾਕ ਛਾਪੇ ਹੋਏ ਸੀ— ਧੁੰਧਲੀਆਂ ਜਿਹੀਆਂ ਪੋਰਨੋ ਤਸਵੀਰਾਂ ਉਤੇ। ਅਤੇ ਇਹਨਾਂ ਸਭ ਨੂੰ ਬਿਜਲੀ ਰੰਗ ਦੀ ਲੰਮੀ ਚੌੜੀ ਨਕਟਾਈ ਨੇ ਇਕ ਹੱਦ ਤੱਕ ਲੁਕੋ ਰੱਖਿਆ ਸੀ। ਹੇਠਾਂ ਬੈੱਲ ਬਾਟਮਜ਼ ਦੇ ਉਸਨੇ ਜਾਣ ਬੁਝਕੇ ਫੁਸੜੇ ਕਢ ਰਖੇ ਸਨ। ਚਿਹਰੇ ਉਤੇ ਦੋਵੀਂ ਪਾਸੀਂ ਪੁਸ਼ਕਿਨ ਵਾਂਗ ਕਲਮਾਂ ਦੇ ਗੁੱਛੇ......ਗੱਲ ਕੀ ਉਹ ਆਦਮੀ ਤੇ ਹਿੱਪੀ ਵਿਚਕਾਰ ਲਟਕਦਾ ਜਾਪਦਾ ਸੀ। ਉਹ ਕੋਈ ਆਦਮੀ ਹੋਣ ਦੀ ਥਾਂ ਉਸਦਾ ਪਹਿਲਾ ਸਫਾ ਸੀ।

ਇਹ ਤੂੰ ਸੀ ? ਨਹੀਂ-ਨਹੀਂ, ਤੇਰੇ ਵਰਗਾ ਕੋਈ ਹੋਰ ਸੀ ਜਿਸ ਨਾਲ ਵਿਆਹ ਕਰਾਉਣ ਲਈ ਅਮਰੀਕਾ ਤੋਂ ਇਕ ਕੁੜੀ, ਹੈਪੀ ਫੈਰਾਗੋਲੋ (ਜਿਸਦੇ ਵਡੇਰੇ ਇਟਲੀ ਤੋਂ ਜਾਕੇ ਅਮਰੀਕਾ ਵਸ ਗਏ ਸਨ) ਆਈ ਸੀ। ਖੈਰ ਫੈਰਾ ਨੂੰ ਕਰੋ ਫਾਇਰ ਤੇ ਗੋਲੋ ਨੂੰ ਮਾਰੋ ਗੋਲੀ, ਪਰ ਇਕ ਗੱਲ ਉਸਨੇ ਅੱਜ ਦੇ ਹਿੰਦੁਸਤਾਨੀ ਨੌਜਵਾਨਾਂ ਬਾਰੇ ਬੜੀ ਪਤੇ ਦੀ ਕਹੀ ਸੀ......ਇਹ ਕਿ......ਇਹ ਅਮਰੀਕੀਆਂ ਤੋਂ ਵੀ ਵੱਧ ਅਮਰੀਕੀ ਨੇ ! ਕੀ ਮਜ਼ੇ ਦੀ ਔਰਤ ਸੀ, ਬਾਕਰ, ਇਕੋ ਇਕ ਐਸੀ ਔਰਤ ਜੋ ਮਰਦ ਨੂੰ ਮਿਲਣ ਤੋਂ ਬਿਨਾਂ ਹੀ ਉਸ ਨਾਲ ਕਈ ਵਾਰ ਮਿਲਣ ਦਾ ਆਲਮ ਪੈਦਾ ਕਰ ਲੈਂਦੀ ਸੀ। ਅੱਜ ਦੀ ਦੁਨੀਆਂ ਵਿਚ ਸਭ ਸੱਚ ਹੈ, ਮੇਰੇ ਭਾਈ। ਕਲ ਪੜ੍ਹਿਆ ਨਹੀਂ ਕਿ ਮੁਰਗੇ ਨੂੰ ਤਕਲੀਫ ਦਿਤੇ ਬਿਨਾਂ ਹੀ ਲੋਕ ਮੁਰਗੀ ਤੋਂ ਆਂਡੇ ਪੈਦਾ ਕਰਨ ਲੱਗੇ ਨੇ...... ਮੈਂ ਫਿਰ ਬਹਿਕ ਗਿਆ ਤੇ ਤੂੰ ਵੀ ਬਦਮਾਸ਼ਾ ਮੈਨੂੰ ਨਹੀਂ ਟੋਕਦਾ......ਤੂੰ ਵੀ ਜ਼ਿਹਨੀ ਤੌਰ ਤੇ ਉਹ ਹੈਂ...ਉਹ...ਹੁਣ ਹੱਸਦਾ ਕਿਉਂ ਹੈਂ ? ਫੜਿਆ ਗਿਆ ਨਾ !......ਤੂੰ ਵੀ ਉਸ ਕੁੜੀ ਵਰਗਾ ਹੈਂ ਜਿਸਤੋਂ ਗੁਸਲਖਾਨੇ ਦਾ ਦਰਵਾਜ਼ਾ ਗਲਤੀ ਨਾਲ ਖੁਲ੍ਹਾ ਰਹਿ ਜਾਂਦਾ ਹੈ !

ਓ ਹਾਂ, ਮੈਂ ਭੁੱਲ ਹੀ ਗਿਆ। ਇਹ ਔਰਤਾਂ ਦਾ ਸਾਲ ਹੈ— ਸੰਯੁਕਤ ਰਾਸ਼ਟਰ ਦੇ ਮੁਤਾਬਕ। ਔਰਤਾਂ ਨੂੰ ਤੂੰ ਜਾਣਦਾ ਹੀ ਹੈਂ, ਕਿਵੇਂ ਉਹ ਆਪਣੀ ਕਮਜ਼ੋਰੀ ਦਾ ਅਫਸਾਨਾ ਮਸ਼ਹੂਰ ਕਰ ਦਿੰਦੀਆਂ ਨੇ। ਅਤੇ ਕਮਜ਼ੋਰੀ ਨੂੰ ਭੁਲ ਹੀ ਜਾਂਦੀਆਂ ਨੇ। ਸਾਲ ਖਤਮ ਹੋਣ ਦੇ, ਜੇ ਔਰਤ ਸਾਲੀ ਨੇ ਇਸਨੂੰ ਸਦੀ ਉਤੇ ਨਾ ਫੈਲਾ ਲਿਆ ਤਾਂ ਮੈਨੂੰ ਪਿਉ ਦਾ ਨਾ ਕਹੀਂ।

ਮੈਂ ਮਰਦ ਸ਼ਾਵਨਿਸਟ ਨਹੀਂ। ਜੇ ਸਦੀਆਂ ਤੋਂ ਮਰਦ ਨੇ ਉਸਨੂੰ ਲਤਾੜਿਆ ਹੈ ਤਾਂ ਉਹ ਹੁਣ ਉਸਨੂੰ ਲਤਾੜੇ। ਪਰ ਮੈਂ ਤਾਂ ਵੇਖਿਆ ਹੈ ਕਿ ਉਹ ਚੁਪ ਕਰਕੇ ਸਾਹਮਣੇ ਪਈ ਰਹਿੰਦੀ ਹੈ ਜਿਵੇਂ ਲਤਾੜੇ ਜਾਣ ਦੀ ਉਡੀਕਵਾਨ। ਅਤੇ ਜੇ ਇਸ ਵਿਚ ਮਰਦ ਰਤਾ ਵੀ ਸੁਸਤੀ ਵਿਖਾਵੇ ਤਾਂ ਉਸਨੂੰ ਕਿਵੇਂ ਤਾਅਨੇ ਦਿੰਦੀ ਹੈ, ਜ਼ਲੀਲ ਕਰਦੀ ਹੈ......ਖੈਰ, ਉਹ ਇਸਨੂੰ ਲਤਾੜੇ ਜਾਂ ਇਹ ਉਸਨੂੰ ਲਤਾੜੇ, ਗੱਲ ਇਕੋ ਹੀ ਹੈ। ਅਵਾਮ ਤੇ ਖਾਸ ਦੇ ਸੰਘਰਸ਼ ਵਾਂਗ। ਪਰ ਲੋਹੜਾ ਰੱਬ ਦਾ ਔਰਤ ਜੋ ਹੁੱਕਾ ਨਹੀਂ ਪੀਂਦੀ, ਹਕੂਕ ਮੰਗਦੀ ਹੈ!

ਜ਼ਰੂਰੀ ਗੱਲ ਤਾਂ ਵਿਚੇ ਰਹਿ ਗਈ। ਪਹਿਲਾਂ ਸ਼ਨਿਚਰ ਮੋਢਿਆਂ ਤੇ ਚੜ੍ਹ ਬੈਠਾ ਸੀ, ਹੁਣ, ਲੋਹੜਾ, ਕਿ ਔਰਤ ਸਿਰ ਉਤੇ ਸਵਾਰ ਹੋ ਗਈ......ਜਰੂਰੀ ਗੱਲ ਇਹ ਕਿ ਆਪਣਾ ਲਾਇਬਰੇਰੀਅਨ ਦੋਸਤ ਵੀ ਚਸ਼ਮਾ ਲਾਉਂਦਾ ਸੀ। ਮੇਰੇ ਤੇ ਉਸ ਵਿਚ ਫਰਕ ਇਹ ਸੀ ਕਿ ਉਸਦੇ ਚਸ਼ਮੇ ਵਿਚ ਡਬਲ ਕਾਨਕੇਵ ਦੇ ਸ਼ੀਸ਼ੇ ਲੱਗੇ ਸੀ ਜਿਵੇਂ ਮੇਰੇ ਵਿਚ ਡਬਲ ਕਾਨਵੇਕਸ ਦੇ। ਆਮ ਸਿਹਤਮੰਦ ਨਜ਼ਰ ਵਾਲਾ ਜੇ ਡਬਲ ਕਾਨਕੇਵ ਵਿਚੋਂ ਦੇਖੇ ਨਾ, ਬਾਕਰ ਭਾਈ, ਤਾਂ ਉਸਨੂੰ ਹਾਥੀ ਵੀ ਕੀੜੀ ਦਿਖਾਈ ਦੇਵੇਗਾ, ਜਿਵੇਂ ਮੇਰੇ ਵਿਚੋਂ ਕੀੜੀ ਵੀ ਹਾਥੀ। ਇਹੀ ਕਾਰਨ ਹੈ ਕਿ ਅਮਰੀਕੀਆਂ ਨੂੰ ਦੁਨੀਆਂ ਦੇ ਸਭ ਲੋਕ ਕੀੜੇ ਮਕੌੜੇ ਨਜ਼ਰ ਆਉਂਦੇ ਨੇ। ਮੈਂ ਵੀਅਤਨਾਮ ਤੇ ਮਾਈ ਲਾਈ ਦੀ ਗੱਲ ਨਹੀਂ ਕਰਦਾ ਕਿਉਂਕਿ ਆਧੁਨਿਕਤਾਵਾਦੀ ਮੇਰੇ ਉਤੇ ਲੁਕਵੇਂ ਤੌਰ ਤੇ ਪ੍ਰਗਤੀਵਾਦੀ ਹੋਣ ਦਾ ਇਲਜ਼ਾਮ ਲਾ ਦੇਣਗੇ। ਪਰ ਬਾਕੀ ਦੁਨੀਆਂ ਨੂੰ ਹੀ ਵੇਖੋ, ਮਿਸਰ ਤੇ ਇਸਰਾਈਲ ਵਿਚ ਉਹਨਾਂ ਨੇ ਕੀ ਗਦਰ ਮਚਾਇਆ ਹੈ। ਮੁਲਕਾਂ ਨੂੰ ਕੈਸੇ ਕੈਸੇ ਹਥਿਆਰ ਦੇਕੇ ਲੜਵਾਇਆ ਤੇ ਖੁਦ ਨਫਾ ਕਮਾਇਆ ਹੈ। ਸ਼ਾਇਦ ਇਸ ਲਈ ਕਿ ਉਹਨਾਂ ਮੁਲਕਾਂ ਦੇ ਆਪਣੇ ਹਥਿਆਰ ਖੁੰਡੇ ਜਾਂ ਬੇਕਾਰ ਹੋ ਚੁਕੇ ਨੇ। ਕੋਰੀਆ ਵਿਚ ਜੋ ਪੰਜਾਹ ਫੀਸਦੀ ਲਿਊਕੋਰੀਆ ਹੈ, ਉਸਦਾ ਕੌਣ ਜੁੰਮੇਵਾਰ ਹੈ? ਫਿਰ ਅਲੈਂਦੇ ਜਾਂ ਚਿੱਲੀ ਦਾ ਹਸ਼ਰ ਵੇਖਿਆ ਹੀ ਹੈ ਨਾ ਤੈਂ! ਓਏ, ਉਹ ਸ਼ੇਖ ਚਿਲੀ ਹੋਰ ਸੀ......

ਜਿਵੇਂ ਮੈਂ ਆਪਣੇ ਡਬਲ ਕਾਨਵੇਕਸ ਦੇ ਕਾਰਨ ਰੂਸੀ ਕਾਂਸੁਲੇਟ ਵਿਚ ਹਾਂ, ਉਹ ਡਬਲ ਕਾਨਕੇਵ ਦੇ ਕਾਰਣ ਅਮਰੀਕੀ ਇਨਫਰਮੇਸ਼ਨ ਸਰਵਿਸ ਵਿਚ ਸੀ। ਪਰ ਕੁਦਰਤ ਵੀ ਅਸਾਂ ਹਿੰਦੁਸਤਾਨੀਆਂ ਤੋਂ ਅਜੀਬ ਅਜੀਬ ਤਰ੍ਹਾਂ ਨਾਲ ਬਦਲੇ ਲੈਂਦੀ ਹੈ। ਉਸਨੇ ਚੰਗੀ ਭਲੀ ਸਕਾਚ ਛੱਡਕੇ ਕੈਨੇਡਾ ਦੀ ਸੀਗ੍ਰਾਮ ਦਾ ਆਰਡਰ ਦਿਤਾ। ਸਿਰਫ ਇਸ ਲਈ ਕਿ ਉਹ ਅਮਰੀਕਾ ਦਾ ਗੁਆਂਢੀ ਹੈ। ਮੈਂ ਰੂਸੀ ਡਰਨ ਵਾਲਾ ਥੋੜੋ ਸੀ। ਮੈਂ ਵੀ ਵੋਦਕਾ ਦੀ ਹੁਕਮੀ ਤਰੀਕੇ ਨਾਲ ਫਰਮਾਇਸ਼ ਕੀਤੀ, ਜਿਵੇਂ ਰੂਸੀ ਕਰਦੇ ਨੇ, ਇਹ ਜਾਣਦਿਆਂ ਹੋਇਆਂ ਵੀ ਕਿ ਉਹ ਵੋਦਕਾ ਰੂਸ ਦੀ ਨਹੀਂ, ਏਥੇ ਹੀ ਕਿਤੇ ਲਾਗੇ ਚਾਗੇ, ਕੇਰਲ ਵਿਚ ਕਸ਼ੀਦ ਕੀਤੀ ਗਈ ਹੈ, ਜਿਸ ਕਾਰਨ ਸਾਡੇ ਦੋਹਾਂ ਵਿਚ ਕਸ਼ੀਦਗੀ ਪੈਦਾ ਹੋਣ ਲੱਗੀ।

ਅਜੇ ਸਾਡੇ ਅਹਿਸਾਸਾਂ ਨੇ ਕੋਈ ਠੋਸ ਸ਼ਕਲ ਧਾਰਨ ਨਹੀਂ ਸੀ ਕੀਤੀ, ਕਿ ਵਿਚ ਮੈਦਾਨ ਕੁਦਕੇ ਆ ਗਈ-ਮਰਿਆਨਾ!

ਗੋਆਨੀ ਆਰਕੈਸਟਰਾ ਵਿਚੋਂ ਝਾਂਝੇ ਵਾਲੇ ਨੇ ਜ਼ੋਰ ਜ਼ੋਰ ਦੀ ਝਾਂਝੇ ਵਜਾਏ। ਪਰਦੇ ਪਿਛਿਉਂ ਬੜੇ ਜ਼ੋਰ ਵਾਲੀ ਪਾਲ ਰਾਬਸੀਨੀ ਆਵਾਜ਼ ਆਈ— ਮੇ...ਰਿ...ਆ...ਨੇ !

ਮੈਨੂੰ ਨਹੀਂ ਸੀ ਪਤਾ ਕਿ ਮਰਿਆਨਾ ਨੂੰ ਮੇਰਿਆਨੇ ਵੀ ਕਹਿ ਸਕਦੇ ਜਾਂ ਕਹਿੰਦੇ ਨੇ। ਮੇਰੇ ਅੰਦਰ ਜੋ ਨਜ਼ਮ ਪੈਦਾ ਹੋ ਰਹੀ ਸੀ, ਇਕਦਮ ਹੀ ਬਦਨਜ਼ਮੀ ਦਾ ਸ਼ਿਕਾਰ ਹੋ ਗਈ, ਸਭ ਕਾਫੀਏ ਗਲਤ ਹੋ ਗਏ ਮੇਰੇ — ਹੋਸ਼ ਉਡ ਗਏ !

ਫਿਰ ਗੋਆਨੀ ਆਰਕੈਸਟਰਾ......ਤੇ ਮਰਿਆਨਾ ਦਾ ਨਾਚ

ਛਕ-ਛਕ, ਛਕਾ-ਛਕ......

ਧਕ-ਧਕ, ਧਕਾ-ਧਕ......ਹੇ ਏ ......

......ਅਤੇ ਲੱਕ !

ਇਹ ਸਭ ਨੀਗਰੋ ਸਪਿਰਚੂਅਲ ਸੀ ਤੇ ਨਾ ਹਿੱਪੀ ਹੈਰਿਸਨੀ ਮਿਊਜ਼ਕ। ਕੋਈ ਦੋਗਲੀ ਚੀਜ਼ ਸੀ ਜੋ ਹੁਣ ਹਿੰਦੁਸਤਾਨੀ ਦੀ ਬਜਾਏ ਅਫਰੀਕੀ ਤਨਤਨਾ ਹੋ ਗਈ ਸੀ। ਅਸਲੀ ਛੁੱਟੀ ਉਦੋਂ ਹੋਈ ਜਦੋਂ ਮਰਿਆਨਾ ਨੇ ਕਮਰਨਾਫ ਤੋਂ ਆਵਾਜ਼ ਕੱਢਕੇ ਗਾਉਣਾ ਸ਼ੁਰੂ ਕੀਤਾ—

ਤੁਮ ਮੇਰੇ ਲੀਏ ਕਿਆ ਲਾਏ ਹੋ ?

ਆਰਗਲ ਕੀ ਜੁਰਾਬੇਂ ਲਾਏ ਹੋ ? — ਅੱਛਾ ਕੀਆ ਅੱਛਾ ਕੀਆ।

ਤੁਮ ਮੇਰੇ ਲੀਏ ਕਿਆ ਲਾਏ ਹੋ ?

ਮੋਜ਼ੰਬੀਕੀ ਮੋਤੀਉਂ ਕੀ ਮਾਲਾ ਲਾਏ ਹੋ ? — ਅੱਛਾ ਕੀਆ ਅੱਛਾ ਕੀਆ।

ਮੈਂ ਤੁਮਹਾਰੇ ਲੀਏ ਕੁਛ ਨਹੀਂ ਲਾਈ, ਜਾਨ

...ਮੇਰੇ ਪਾਸ ਤੋ ਇਕ ਦਿਲ ਹੈ, ਜੋ ਸਿਰਫ ਤੁਮ੍ਹਾਰੇ ਲੀਏ ਹੀ ਧੜਕਤਾ ਹੈ...

ਅਤੇ ਫਿਰ —

'ਅੱਛਾ ਕੀਆ, ਅੱਛਾ ਕੀਆ......

ਬਾਕਰ ਮੀਆਂ, ਮਰਦ ਬੜਾ ਉਲੂ ਦਾ ਪੱਠਾ ਹੈ......ਉਹ ਜਾਣਦਾ ਵੀ ਹੈ ਕਿ ਹਾਲ ਵਿਚ ਉਸ ਵਰਗੇ ਸੈਂਕੜੇ ਦੂਜੇ ਤੀਜੇ ਵੀ ਨੇ, ਪਰ ਇਸਦੇ ਬਾਵਜੂਦ ਉਹ ਇਹੀ ਸਮਝਦਾ ਹੈ ਤੇ ਸਮਝਣਾ ਚਾਹੁੰਦਾ ਹੈ ਕਿ ਉਹ ਜੋ ਵੀ ਕਹਿ ਰਹੀ ਹੈ, ਮੈਨੂੰ ਹੀ ਕਹਿ ਰਹੀ ਹੈ। 'ਲਿਟਲ ਹੱਟ' ਵਿਚ ਕੁੜੀਆਂ ਵੀ ਸੀ, ਪਰ ਉਹਨਾਂ ਦੀ ਨਾ ਹੀ ਪੁਛ। ਉਹ ਜਾਂ ਤਾਂ ਮਰਿਆਨਾ ਦੀਆਂ ਨਜ਼ਰਾਂ ਚੋਂ ਮਰਦਾਂ ਨੂੰ ਦੇਖ ਰਹੀਆਂ ਹੋਣਗੀਆਂ, ਤੇ ਜਾਂ ਫਿਰ ਸਿੱਧਾ ਉਸਦੇ ਲਿਬਾਸ ਨੂੰ। ਹਕੀਕਤ, ਬਾਕਰ ਭਾਈ, ਜਲੇਬੀ ਵਾਂਗੂ ਸਿੱਧੀ ਹੈ। ਮਰਦ ਸਭ ਤੋਂ ਵਧ ਕੀ ਪਸੰਦ ਕਰਦਾ ਹੈ ?—ਔਰਤ ! ਔਰਤ ਸਭ ਤੋਂ ਵਧ ਕੀ ਪਸੰਦ ਕਰਦੀ ਹੈ ? — ਸ਼ਾਪਿੰਗ !

ਇਸ ਸਿਲਸਿਲੇ ਵਿਚ ਤੂੰ ਤਿਆਰ ਰਹਿ, ਬਾਕਰ, ਕਿਉਂਕਿ ਇਹ ਔਰਤਾਂ ਦਾ ਸਾਲ ਹੈ। ਤੇਰਾ ਮੇਰਾ ਸਭ ਕੁਝ ਵਿਕ ਜਾਣ ਵਾਲਾ ਹੈ। ਡੀਮਾਂਡ ਏਨੀ ਵਧ ਜਾਵੇਗੀ ਕਿ ਸਪਲਾਈ ਬੰਦ ਹੋ ਜਾਵੇਗੀ !

ਇਕ ਗੱਲ ਹੋਰ ਵੀ ਹੈ। ਆਜ਼ਾਦ ਹੋਕੇ ਸ਼ਾਇਦ ਇਹ ਔਰਤਾਂ ਸਾਡੀ ਇਜ਼ਤ ਕਰਨ ਲੱਗਣ। ਅਸੀਂ ਔਰਤਾਂ ਦੀ ਜਿੰਨੀ ਕਦਰ ਕਰਦੇ ਹਾਂ, ਖੁਦ ਔਰਤਾਂ ਵੀ ਨਹੀਂ ਜਾਣਦੀਆਂ...... ਤੂੰ ਹੀ ਦੱਸ ਅਸੀਂ ਕਦੇ ਕਿਸੇ ਨੂੰ ਪਿਉ ਭਰਾ ਦੀ ਗਾਲ ਦਿਤੀ ਹੈ ?

ਕੀ ਦੱਸਾਂ ਦੋਸਤ ! ਮਰਿਆਨਾ ਦੇ ਨਾਚ ਗਾਣੇ ਨਾਲ 'ਲਿਟਲ ਹੱਟ' ਦੇ ਰਜਨੀਗੰਧਾ

ਤੇ ਡਾਹਲੀਆ ਤਾਂ ਇਕ ਬੰਨੇ, ਕੈਕਟਸ ਵੀ ਮਹਿਕਣ ਲੱਗੇ ਸਨ......ਦੇਖ ਹੁਣ ਤੂੰ ਸ਼ਰਾਰਤ ਨਾ ਕਰ। ਰੱਬ ਗਵਾਹ ਹੈ ਕਿ ਕੈਕਟਸ ਦੇ ਸਿਲਸਿਲੇ ਵਿਚ ਮੇਰਾ ਇਸ਼ਾਰਾ ਕਤਈ 'ਉਹਨਾਂ' ਲੋਕਾਂ ਵਲ ਨਹੀਂ ਹੈ। ਅਜਿਹਾ ਕਰੇਂਗਾ ਤਾਂ ਮੈਨੂੰ ਮਾਰ ਪੁਆ ਦਏਂਗਾ, ਮਰਵਾ ਦਏਂਗਾ......ਜੇ ਮੈਂ ਉਹਨਾਂ ਦੀ ਗੱਲ ਕਰਦਾ ਤਾਂ ਕਹਿੰਦਾ ਕੈਕਟਸ ਵੀ ਲਹਿਕਣ ਲੱਗੇ ਸਨ। ਬਹੁਤ ਕਰਦਾ ਤਾਂ ਕਹਿੰਦਾ......ਬਹਿਕਣ ਲੱਗੇ ਸਨ, ਮਹਿਕਣ ਦਾ ਸਵਾਲ ਹੀ ਕਿਥੇ ਪੈਦਾ ਹੁੰਦਾ ਹੈ ?

ਕਝ ਦੇਰ ਪਿਛੋਂ ਮਰਿਆਨਾ ਆਪਣਾ ਲਿਬਾਸ—ਅੰਜੀਰ ਦਾ ਪੱਤਾ—ਬਦਲਨ ਲਈ ਅੰਦਰ ਚਲੀ ਗਈ ਤੇ ਮੈਂ ਹੋਸ਼ ਵਿਚ ਆਉਣ ਦੀ ਬਜਾਏ ਜੋਸ਼ ਵਿਚ ਆ ਚੁਕਿਆ ਸੀ। ਕਾਫ਼ੀਏ ਮਰੇ ਸਾਹਮਣੇ ਇਉਂ ਖੁਲ੍ਹ ਗਏ ਜਿਵੇਂ ਮੇਰਾ ਜ਼ਿਹਨ ਸ਼ਬਦਕੋਸ਼ ਹੋਵੇ। ਪਰ ਬਦਕਿਸਮਤੀ ਨਾਲ ਮੇਰਾ ਉਸ ਅਸਿਸਟੈਂਟ ਬਲਕਿ ਸਟੰਟ ਲਾਇਬਰੇਰੀਅਨ ਨਾਲ ਝਗੜਾ ਹੋ ਗਿਆ। ਗੱਲ ਇਉਂ ਹੋਈ ਕਿ ਮੈਂ ਪਹਾੜੀ ਦੀ ਧੁਨ ਉਤੇ ਹੌਲੀ ਹੌਲੀ ਗਾਉਣ ਲਗਿਆ। ਫਿਰ ਦਿਮਾਗ ਹੀ ਤਾਂ ਹੈ ਨਾ। ਮੇਰਾ ਖਿਆਲ ਸੰਗੀਤ ਸਮਰਾਟ ਸਹਿਗਲ ਵਲ ਚਲਾ ਗਿਆ। ਮੈਂ ਉਸ ਕਾਰਡ ਇੰਡੈਕਸ ਨੂੰ ਪੁਛਿਆ— ਤੁਹਾਨੂੰ ਯਾਦ ਹੈ ਸਹਿਗਲ ਕਦ ਮਰਿਆ ਸੀ ? ਜਾਣਦੈਂ ਕੀ ਜਵਾਬ ਦਿਤਾ ਉਸਨੇ ? —ਹੁਣੇ ਮੇਰੇ ਸਾਹਮਣੇ ਹੀ ਤਾਂ ਮਰਿਆ ਹੈ......

ਇਹ ਅਮਰੀਕੀ ਸਾਲੇ—ਵਾਟਰ ਗੇਟ ਵਾਲੇ—ਆਪਣੇ ਹਥਿਆਰ ਦੂਜੇ ਮੁਲਕਾਂ ਨੂੰ ਭੇਜਕੇ ਉਹਨਾਂ ਨੂੰ ਲੜਾਉਂਦੇ ਨੇ, ਖੁਦ ਮੁਨਾਫਾ ਖਾਂਦੇ ਨੇ। ਅਸੀਂ ਰੂਸੀ ਵੀ ਭੇਜਦੇ ਹਾਂ, ਪਰ ਉਹਨਾ ਹਥਿਆਰਾਂ ਨੂੰ ਬੇਕਾਰ ਕਰਨ, ਦੁਨੀਆਂ ਵਿਚ ਅਮਨ ਲਿਆਉਣ ਲਈ। ਮੈਂ ਸੋਚਿਆ, ਕਿਉਂ ਨਾ ਮੈਂ ਉਹਨਾਂ ਦੇ ਹਥਿਆਰ ਉਹਨਾਂ ਉਤੇ ਹੀ ਵਰਤਾਂ। ਮੈਨੂੰ ਅਮਰੀਕੀ ਮਾਰਕ ਟਵੇਨ ਯਾਦ ਆ ਗਿਆ। ਮੈਂ ਖਾਲਸ ਰੂਸੀ ਦਬਦਬੇ ਨਾਲ ਆਪਣੇ ਹਾਸੇ ਦੇ ਮਾਦੇ ਨੂੰ ਥੋੜਾ ਡੱਲ ਕਰਕੇ ਉਸਨੂੰ ਪੁਛਿਆ—ਤੁਸੀਂ ਜਾਣਦੇ ਹੋ ਕਿ ਲਾਇਬਰੇਰੀਅਨ ਤੇ ਗਧੇ ਵਿਚ ਕੀ ਫਰਕ ਹੈ ? ਹੋ ਸਕਦਾ ਹੈ ਇਸ ਤੇਜ਼ ਤਰਾਟ ਸਵਾਲ ਨਾਲ ਸਿੱਧੀ ਹੀ ਲੜਾਈ ਸ਼ੁਰੂ ਹੋ ਜਾਂਦੀ। ਪਰ ਉਹ ਮੇਰੇ ਤਨੋ ਤੋਸ਼ ਤਖਲੱਸ ਹੋਸ਼ ਤੇਰੂਸੀ ਜੋਸ਼ ਨੂੰ ਦੇ ਖਕੇ ਥੋੜਾ ਡਰ ਗਿਆ ਤੇ ਥੋੜਾ ਹਕਲਾਕੇ ਬੋਲਿਆ—ਮੈਨੂੰ ਨਹੀਂ ਪਤਾ !

ਮੈਂ ਕਿਹਾ—ਮੈਨੂੰ ਵੀ ਨਹੀਂ ਪਤਾ......

ਅਤੇ ਆਪਣੇ ਇਸ ਲਤੀਫੇ ਉਤੇ ਮੈਂ ਖੁਦ ਹੀ ਏਨਾ ਹੱਸਿਆ ਕਿ ਲਾਗੇ ਚਾਗੇ ਦੇ ਲੋਕ ਵੀ ਹੱਸਣ ਲੱਗੇ। ਇਹ ਕਥਨ ਠੀਕ ਹੀ ਤਾਂ ਹੈ ਕਿ ਹੱਸੋ ਦੁਨੀਆਂ ਤੁਹਾਡੇ ਨਾਲ ਹੱਸੇਗੀ, ਰੋਵੋ ਤਾਂ—ਫਿਰ ਵੀ ਉਹ ਹੱਸੇਗੀ !

ਚੂੰਕਿ ਉਸ ਖੰਜੀਰ ਨੂੰ ਪਤਾ ਲਗ ਚੁਕਿਆ ਸੀ ਕਿ ਮੈਂ ਰੂਸੀ ਕਾਂਸੁਲੇਟ ਵਿਚ ਕੰਮ ਕਰਦਾਂ, ਇਸ ਲਈ ਉਸਨੇ ਸਿੱਧੀ ਹੀ ਰੂਸੀਆਂ ਦੀ ਬੁਰਾਈ ਸ਼ੁਰੂ ਕਰ ਦਿੱਤੀ। ਮੈਨੂੰ ਬੜਾ ਤਾਅ ਆਇਆ, ਬਾਕਰ ਭਾਈ......ਕੋਈ ਤੇਰੀ ਤਾਈ ਨੂੰ ਵੀ ਗਾਲ ਦੇਵੇ, ਇਹ ਜਾਣਦਿਆਂ ਹੋਇਆਂ ਵੀ ਕਿ ਤੂੰ ਮੇਰਾ ਜਿਗਰੀ ਦੋਸਤ ਹੈਂ, ਤਾਂ ਦੱਸ, ਗਾਲ ਤੈਨੂੰ ਲੱਗੇਗੀ ਜਾਂ ਮੈਨੂੰ ?

ਮੈਂ ਚਸ਼ਮਾ ਉਤਾਰਕੇ ਮੇਜ਼ ਉਤੇ ਸੁੱਟ ਦਿੱਤਾ ਅਤੇ ਸੀ. ਆਈ. ਏ. ਨੂੰ ਗਾਲ ਦਿਤੀ। ਉਹ ਕੇ. ਜੀ. ਬੀ. ਨੂੰ ਵਿਚ ਲੈ ਆਇਆ ਅਤੇ ਚਸ਼ਮੇ ਦਾ ਜਵਾਬ ਚਸ਼ਮੇ ਨਾਲ ਦਿੱਤਾ।

ਮੈਂ ਖਾਲਸ ਪ੍ਰੋਲੇਤਾਰੀ ਅੰਦਾਜ਼ ਵਿਚ ਜੁੱਤੀ ਲਾਹਕੇ ਮੇਜ਼ ਉਤੇ ਮਾਰੀ ਜਿਵੇਂ ਖਰੁਸ਼ਚੋਫ ਨੇ ਸੰਯੁਕਤ ਰਾਸ਼ਟਰ ਦੀ ਬੈਠਕ ਵਿਚ ਮਾਰੀ ਸੀ। ਇਸ ਨਾਲ ਦੋਵੇਂ ਚਸ਼ਮੇ ਮੇਜ਼ ਉਤੇ ਇਉਂ

ਉਛਲੇ ਜਿਵੇਂ ਉਹ ਮੁਰਗੇ ਹੋਣ ਤੇ ਆਪੋ ਵਿਚ ਲੜ ਰਹੇ ਹੋਣ......

ਮੈਂ ਰੋਜ਼ਨਬਰਗ ਨੂੰ ਮਾਰ ਦਿੱਤੇ ਜਾਣ ਦੀ ਗੱਲ ਕੀਤੀ। ਮੇਰਾ ਵੱਸ ਚਲਦਾ ਤਾਂ ਫੈਜ਼ ਦੀ ਗਜ਼ਲ ਦੀ ਗਜ਼ਲ ਉਸਦੇ ਮੂੰਹ ਉਤੇ ਵਗਾਹ ਮਾਰਦਾ......ਉਹ ਸਾਲਾ ਸਖਾਰੋਫ ਤੇ ਸੋਲਿਜ਼ਨਿਤਸਨ ਤੇ ਚਲਾ ਗਿਆ ਅਤੇ ਉਸਦੀ 'ਗੁਲਾਗ ਆਰਕਪਿਲਾਗੋ' ਦੇ ਹਵਾਲੇ ਦੇਣ ਲੱਗਿਆ... ਉਸ ਮੋਟੇ ਤਾਜ਼ੇ ਕੁੱਤੇ ਦੀ ਗੱਲ ਕਰਨ ਲਗਿਆ ਜੋ ਫਰਾਂਸ ਵਿਚ ਇਸ ਲਈ ਚਲਾ ਗਿਆ ਸੀ ਕਿ ਉਸਦੇ ਆਪਣੇ ਮੁਲਕ ਵਿਚ—'ਰੂਸ ਵਿਚ—ਖਾਣ ਨੂੰ ਤਾਂ ਬਹੁਤ ਦਿੰਦੇ ਨੇ, ਪਰ ਭੌਂਕਣ ਨਹੀਂ ਦਿੰਦੇ...'

ਹੁਣ ਸਾਡੀਆਂ ਆਵਾਜ਼ਾਂ ਉਚੀਆਂ ਹੋਕੇ ਆਲੇ ਦੁਆਲੇ ਦੀਆਂ ਸਭ ਆਵਾਜ਼ਾਂ ਨੂੰ ਬੌਣਾ ਕਰ ਰਹੀਆਂ ਸਨ। ਅਰੇ ਅਰੇ...ਏ ਯੂ ਲਿਸਨ ! ਸਭ ਬੇਕਾਰ ਹੋ ਗਿਆ, ਕੀ ਮੱਛੀ ਮੰਡੀਹੈ ?... ਅਜਿਹੀ ਹਾਲਤ ਵਿਚ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ ਕਿ ਬਰਾਬਰ ਦੀ ਮੇਜ਼ ਉਤੇ ਬੈਠੀ ਹੋਈ ਕੁੜੀ ਆਪਣੇ ਪਿਆਰ ਦੇ ਵਾਕਾਂ ਨੂੰ ਹੋਠਾਂ ਉਤੇ ਲਿਆਵੇ ਅਤੇ ਆਪਣੇ ਪਿਆਰੇ ਤੋਂ ਪੁੱਛ ਸਕੇ— ਕਦ ਮਿਲੋਗੇ, ਜਾਨ ? ਕਿੱਥੇ ਮਿਲੋਗੇ ?

ਜਾਪਦਾ ਸੀ ਕਿ ਸਾਡੇ ਕਾਰਣ ਉਹ ਕਿਤੇ ਵੀ ਨਹੀਂ ਮਿਲ ਸਕਦੇ।

—ਤੂੰ ਗੱਲ ਕਰਦਾ ਹੈਂ ਯੈਂਕੀ ! ਮੈਂ ਜ਼ੋਰ ਦੀ ਕਿਹਾ, ਜਿਸਦੀ ਤਹਿਜ਼ੀਬ ਹੀ ਮਸਾਂ ਚਾਰ ਸੌ ਸਾਲ ਪੁਰਾਣੀ ਹੈ ! ਜੋ ਕਦੇ ਮਹੇਸ਼ ਜੋਗੀ ਦਾ ਸਹਾਰਾ ਲੈਂਦਾ ਹੈ ਤੇ ਕਦੇ ਪ੍ਰਭੂਪਾਦ ਦੀ ਪੂਛ ਸੁੰਘਦਾ ਹੈ ! ...ਹਰੇ ਰਾਮ ਹਰੇ ਕ੍ਰਿਸ਼ਨ ਦੇ ਬੱਚੇ !

—ਕਿਊਮਸ ਦੇ ਨੁਤਫੇ !

ਅਤੇ ਅਸੀਂ ਦੋਵੇਂ ਇਕੋ ਸਮੇਂ ਉਠ ਖੜੇ ਹੋਏ ਤੇ ਗਰਜ ਗਰਜਕੇ ਗੱਲਾਂ ਕਰਨ ਲੱਗੇ— ਤੁਸੀ ਹਿੰਦੁਸਤਾਨੀ ਜਾਹਿਲ ਹੁੰਦੇ ਹੋ ! ਬਦਤਮੀਜ਼ ਹੁੰਦੇ ਹੋ ! ਉਸਨੇ ਕਿਹਾ। ਦਰਵਾਜ਼ਾ ਖੜਕਾਏ ਬਿਨਾਂ ਤਾਂ ਕਮਰੇ ਵਿਚ ਆ ਵੜਦੇ ਹੋ !

ਮੈਂ ਵੀ ਉਸੇ ਪਾਟਵੀਂ ਆਵਾਜ਼ ਵਿਚ ਕਿਹਾ—— ਹਿੰਦੁਸਤਾਨੀ ਹੋਵੇਂਗਾ ਤੂੰ, ਤੇਰਾ ਪਿਉ ! ਤੂੰ ਜਦ ਇਸ ਦੁਨੀਆਂ ਵਿਚ ਆਇਆ, ਕੋਈ ਦਰਵਾਜ਼ਾ ਖੜਕਾਇਆ ?

ਹੁਣ ਤਕ ਅਸੀਂ ਦੋਵੇਂ ਪੂਰੀ ਤਰ੍ਹਾਂ ਰੂਸੀ ਤੇ ਅਮਰੀਕੀ ਹੋ ਚੁੱਕੇ ਸੀ। ਜਾਪਦਾ ਸੀ ਕਿਤੇ ਹਾਟ ਲਾਈਨ ਤੋਂ ਆਵਾਜ਼ ਆ ਰਹੀ ਹੈ——ਰੋਕੋ ! ਰੋਕੋ ! ਪਰ ਅਸੀਂ ਦੋਵੇਂ ਇਸ ਗੱਲ ਲਈ ਤਿਆਰ ਸੀ ਕਿ ਬਟਨ ਦਬਾਈਏ ਤੇ ਦੋਹਾਂ ਮੁਲਕਾਂ ਦੇ ਆਈ. ਸੀ. ਬੀ. ਐਮ. ਛੱਡਕੇ ਨਿਊਯਾਰਕ ਤੇ ਮਾਸਕੋ ਤਾਂ ਤਬਾਹ ਕਰ ਦੇਈਏ, ਰਾਵਲਪਿੰਡੀ ਤੇ ਦਿੱਲੀ ਦੀ ਫਿਰ ਦੇਖੀ ਜਾਵੇਗੀ।

ਪਹਿਲਾਂ ਮੇਜ਼ ਉਲਟੀ। ਫੇਰ ਕੁਰਸੀਆਂ ਡਿੱਗੀਆਂ। ਉਹਨਾਂ ਵਿਚੋਂ ਹੁੰਦਾ ਹੋਇਆ 'ਲਿਟਲ ਹੱਟ' ਦਾ ਮੈਨੇਜਰ ਸਾਡੇ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਔਰਤਾਂ ਦੇ ਸਾਲ ਵਾਲੀ ਇਕ ਔਰਤ ਬੇਹੋਸ਼ ਹੋ ਗਈ ਸਾਲੀ। ਕੁਝ ਲੋਕ ਮੌਕੇ ਦਾ ਫਾਇਦਾ ਉਠਾਕੇ ਬਾਹਰ ਭੱਜ ਗਏ ਤੇ ਬਿੱਲ ਤਾਰਨ ਦੇ ਝੰਜਟ ਤੋਂ ਛੁੱਟੇ......ਨਹੀਂ, ਨਹੀਂ, ਕੁਝ ਲੋਕ ਦਹਿਸ਼ਤ ਦੇ ਆਲਮ ਵਿਚ ਅੰਦਰ ਘੁਸ ਆਏ। ਮਰਿਆਨਾ ਵਿੰਗ ਵਿਚ ਅੱਧੀ ਅੰਦਰ ਤੇ ਅੱਧੀ ਬਾਹਰ ਵਿਖਾਈ ਦੇ ਰਹੀ ਸੀ। ਚਸ਼ਮਿਆਂ ਦੀ ਗੈਰ ਮੌਜੂਦਗੀ ਵਿਚ ਸਿਰਫ ਏਨਾ ਹੀ ਵਿਖਾਈ ਦੇ ਰਹਾ ਸੀ ਕਿ ਉਸ ਕਾਲਾ ਗਾਊਨ ਪਹਿਨਿਆ ਹੋਇਆ ਸੀ। ਉਸ ਸਾਲੇ ਸਟੰਟ ਨੇ ਮੈਨੂੰ ਟਾਈ ਤੋਂ ਫੜ ਰਖਿਆ ਸੀ।

ਮੈਂ ਉਸ ਦੀ ਬੁਸ਼ਰਟ ਦੇ ਕਾਲਰ ਨੂੰ ਏਨੇ ਜ਼ੋਰ ਨਾਲ ਮਰੋੜਿਆ ਕਿ ਉਸ ਦਾ ਗਲ ਘੁਟਿਆ ਗਿਆ, ਉਸਦੇ ਆਂਡੇ ਬਾਹਰ ਨਿਕਲ ਆਏ ਸੀ। ਬਾਹਰ ਤਾਂ ਜ਼ਬਾਨ ਵੀ ਨਿਕਲ ਆਈ ਸੀ ਪਰ ਥੋੜੀ ਜਿੰਨੀ...

ਹੁਣ ਜਿਸ ਜ਼ਬਾਨ ਨਾਲ ਉਹ ਗਾਲਾਂ ਦੇ ਰਿਹਾ ਸੀ, ਉਹ ਕਿਸੇ ਮੁਲਕ ਦੀ ਨਹੀਂ ਸੀ। ਇਹ ਉਹੀ ਆਵਾਜ਼ ਸੀ ਜੋ ਭਾਸ਼ਾ ਦੀ ਈਜਾਦ ਤੋਂ ਸਦੀਆਂ ਪਹਿਲਾਂ ਇਨਸਾਨ ਗੁਫਾਵਾਂ ਵਿਚ ਬੋਲਦਾ ਹੁੰਦਾ ਸੀ। ਇਹ ਹੋ ਸਕਦਾ ਹੈ ਉਹ ਕੋਈ ਫਰੀ ਮੇਸਨਰੀ ਹੋਵੇ, ਕੋਈ ਐਸਪਰੈਂਟੋ ......ਨਹੀਂ ਹੁਣ ਮੈਨੂੰ ਯਾਦ ਆਉਂਦਾ ਹੈ ਉਹ ਕੂ ਕੂ ਕੂ ਕੂ ਕਲਾਂ ਸੀ। ਇਕ ਗੱਲ ਤਹਿ ਹੈ ਕਿ ਉਸਦਾ ਲਹਿਜਾ ਹੁਣ ਹਿੰਦੁਸਤਾਨੀ ਵੀ ਨਹੀਂ ਸੀ ਰਿਹਾ।

ਫਿਰ ਹਿੰਦੁਸਤਾਨੀ ਫਿਲਮ ਵਾਂਗ ਪਤਾ ਨਹੀਂ ਕਿਥੋਂ ਗੁਲਦਾਨ ਉਸਦੇ ਹੱਥ ਵਿਚ ਆ ਗਿਆ ਤੇ ਉਸਨੇ ਮੇਰੇ ਸਿਰ ਵਿਚ ਮਾਰਿਆ। ਜੇ ਸਾਡੇ ਫਿਲਮਕਾਰ ਅਮਰੀਕੀ ਫਿਲਮਾਂ ਦੀ ਨਕਲ ਨਾ ਕਰਦੇ ਤਾਂ ਉਹ ਕਦੇ ਇਸ ਤਰ੍ਹਾਂ ਨਾ ਕਰਦਾ। ਮੈਂ ਚਕਰਾ ਗਿਆ। ਤਦੇ ਇਕ ਚੀਖ ਜਿਹੀ ਆਈ— ਗੈੱਟ ਆਊਟ ! ਵਿਲ ਯੂ ਉ ......। ਅਤੇ ਹਾਲ ਦੇ ਇਕ ਬੰਨੇ ਦੀਆਂ ਬੱਤੀਆਂ ਬੁਝ ਗਈਆਂ। ਸਪਾਟ ਲਾਈਟ ਸਾਡੇ ਉਤੇ ਸੀ ਜਿਵੇਂ ਥੀਏਟਰ ਵਿਚ ਕੇਂਦਰੀ ਪਾਤਰਾਂ ਉਤੇ ਹੁੰਦੀ ਹੈ।

—ਦੇਖਿਆ ਨਹੀਂ ! ਉਸਨੇ ਨੇੜੇ ਆਉਂਦਿਆਂ, ਪੂਰੀ ਬਾਂਹ ਬਾਹਰ ਦੇ ਦਰਵਾਜ਼ੇ ਵੱਲ ਫੈਲਾਉਂਦਿਆਂ ਕਿਹਾ, ਰਾਈਟਸ ਔਫ ਐਡਮਿਸ਼ਨ ਰੀਜ਼ਰਵਰਡ !

ਨਾਲੋਂ ਕਿਸੇ ਮਸਖਰੇ ਨੇ ਉਸ ਇਬਾਰਤ ਵੱਲ ਵੇਖਿਆ ਜੋ ਦਰਵਾਜ਼ੇ ਦੇ ਬਾਹਰ ਲਿਖੀ ਹੋਈ ਸੀ ਤੇ ਇਸ ਬੰਨਿਉਂ ਉਲਟੀ ਪੜ੍ਹੀ ਜਾ ਰਹੀ ਸੀ। ਉਸਨੂੰ ਪਹਿਲਾ ਅੱਖਰ ਡੀ ਵਿਖਾਈ ਦਿੱਤਾ 'ਰੀਜ਼ਰਵਰਡ' ਦਾ, ਤੇ ਉਹ ਬੋਲਿਆ— 'ਡੀ' ਫਾਰ ਡੇਵਿਲ ! 'ਈ' ਫਾਰ ਈਵਲ !... ਪਰ ਮੈਨੇਜਰ ਕੜਕਿਆ— ਤੁਸੀਂ ਬਾਹਰ ਨਿਕਲਦੇ ਹੋ ਜਾਂ ਮੈਂ ਪੁਲਸ ਨੂੰ ਬੁਲਾਵਾਂ !?

ਹੁਣ ਸੱਚੀ ਗੱਲ ਹੈ, ਬਾਕਰ ਭਾਈ, ਰੂਸੀ ਹੋਣ ਦੇ ਬਾਵਜੂਦ ਮੈਂ ਥੋੜਾ ਡਰ ਗਿਆ। ਹਾਂ, ਇਸ ਜਾਨਬਦਾਰੀ ਨਾਲ ਮੈਨੂੰ ਲੈਨਿਨ ਪ੍ਰਾਈਜ਼ ਤਾਂ ਕੀ ਨਹਿਰੂ ਐਵਾਰਡ ਵੀ ਨਹੀਂ ਸੀ ਮਿਲਣ ਲੱਗਾ। ਪੁਲਸ ਦੀ ਧਮਕੀ ਦਿੰਦਿਆਂ ਹੀ ਮੈਨੇਜਰ ਬੈਰਿਆਂ ਦੀ ਮਦਦ ਨਾਲ ਆਪ ਹੀ ਪੁਲਸ ਹੋ ਗਿਆ। ਅਸੀਂ ਮੇਜ਼ ਹੇਠਾਂ ਹੱਥ ਮਾਰਕੇ ਚਸ਼ਮੇ ਲੱਭੇ, ਚੁੱਕੇ ਤੇ ਲੜਦੇ ਭਿੜਦੇ ਬਾਹਰ ਵਲ ਵਧੇ। ਉਹ ਸਾਲਾ ਅਮਰੀਕੀ ਮੈਥੋਂ ਪਹਿਲਾਂ ਨਿਕਲ ਗਿਆ ਸੀ, ਨਹੀਂ ਤਾਂ ਮੈਂ ਉਸਦੇ ਸੱਤਵੇਂ ਬੇੜੇ ਦਾ ਹਿੰਦ ਮਹਾਂ ਸਾਗਰ, ਅਰਬ ਸਾਗਰ ਤਕ ਪਿੱਛਾ ਕਰਦਾ ਹਾਲਾਂਕਿ ਹਾਲ ਦੀਆਂ ਬੁਝੀਆਂ ਹੋਈਆਂ ਬੱਤੀਆਂ ਦੇ ਕਾਲੇ ਸਾਗਰ ਤੋਂ ਇਹ ਕਿੰਨਾ ਵੱਡਾ ਫਾਸਲਾ ਸੀ !

'ਲਿਟਲ ਹੱਟ' ਤੋਂ ਬਾਹਰ ਆਇਆ ਤਾਂ ਕੋਈ ਧੁੰਦਲੀ ਜਿਹੀ ਸਫੈਦ ਚੀਜ਼ ਉਡਦੀ ਹੋਈ ਵਿਖਾਈ ਦਿੱਤੀ। ਗਾਲਬਨ ਇਹ ਉਸ ਅਮਰੀਕੀ ਪਿੱਲੇ ਦੀ ਗੱਡੀ ਹੋਵੇਗੀ। ਮੈਂ ਸਿਰਫ ਆਵਾਜ਼ ਸੁਣੀ— ਜਲਦੀ ਸ਼ੋਫਰ, ਜਲਦੀ...

ਆਪਣੇ ਸਿਸਟਮ ਤੋਂ ਬਦਲਾ ਨਾ ਕਢ ਸਕਣ ਕਾਰਣ ਮੈਂ ਅਜੇ ਤਕ ਹਫ ਰਿਹਾ ਸੀ। ਦਿਲ ਕਰਦਾ ਸੀ ਕਿ ਐਵੇਂ ਹੀ ਕੋਈ ਮੇਰੇ ਨਾਲ ਤਕਰਾਰ ਸ਼ੁਰੂ ਕਰੇ ਤਾਂ ਮੈਂ ਉਸਨੂੰ ਦੱਸਾਂ। ਜਿਵੇਂ ਅੰਦਰ ਦੇ ਗੁੱਸੇ ਨੂੰ ਦੂਰ ਕਰਨ ਲਈ ਲੋਕ ਰੇਤ ਦੀਆਂ ਬੋਰੀਆਂ ਟੰਗ ਕੇ ਉਹਨਾਂ ਉਤੇ ਮੁੱਕੇ ਮਾਰਦੇ ਨੇ, ਸੁਪਨੇ ਵਿਚ ਭੇੜੀਏ ਦੇ ਮੂੰਹ ਵਿਚ ਹੱਥ ਪਾਕੇ ਉਸਨੂੰ ਪਾੜਕੇ ਟੁਕੜੇ ਕਰ

ਦਿੰਦੇ ਨੇ, ਉਵੇਂ ਹੀ ਮੈਂ......ਪਰ ਕੋਈ ਮਾਈ ਦਾ ਲਾਲ ਸਾਹਮਣੇ ਨਹੀਂ ਆਇਆ ਅਤੇ ਮੈਂ ਅੰਦਾਜ਼ੇ ਨਾਲ ਬੱਸ ਸਟੈਂਡ ਵਲ ਮੁੜਿਆ। ਚਸ਼ਮਾ ਲਾਇਆ ਤਾਂ ਮੈਨੂੰ ਇਕ ਚਾਬੀ ਲੱਗੀ ਖਿਲੌਣਾ ਗੱਡੀ ਸਟੈਂਡ ਵਲ ਆਉਂਦੀ ਵਿਖਾਈ ਦਿੱਤੀ। ਹੈਂ ?

ਬਾਕਰ ਭਾਈ, ਸਾਡੇ ਚਸ਼ਮੇ ਬਦਲ ਗਏ ਸਨ। ਇਸ ਝਗੜੇ ਰਗੜੇ ਵਿਚ ਉਹ ਮੇਰਾ ਚਸ਼ਮਾ ਲੈ ਗਿਆ ਸੀ ਅਤੇ ਉਸਦਾ ਮੇਰੇ ਹੱਥ ਵਿਚ ਆ ਗਿਆ। ਫਰੇਮ ਕਰੀਬ ਕਰੀਬ ਇਕੋ ਜੇਹੇ ਸਨ ਜਾਂ ਸਾਨੂੰ ਇਉਂ ਲੱਗ ਰਹੇ ਸਨ।

ਉਸ ਵਕਤ ਗਿਆਰਾਂ ਵਜੇ ਸਨ ਰਾਤ ਦੇ, ਜੋ ਮੈਂ ਯੂਨੀਵਰਸਿਟੀ ਦੇ ਘੜਿਆਲ ਵਿਚੋਂ ਕੰਨਾਂ ਨਾਲ ਵੇਖੇ ਤੇ ਅੱਖਾਂ ਨਾਲ ਸੁਣੇ......

ਮੇਰਾ ਪਹਿਲਾ ਤਜਰਬਾ ਬੱਸ ਦਾ ਸੀ-ਉਸ ਚਸ਼ਮੇ ਨਾਲ। ਕੁਝ ਵੀ ਨਾ ਵਿਖਾਈ ਦੇਣ ਨਾਲੋਂ ਕੁਝ ਵਿਖਾਈ ਦੇਣਾ ਚੰਗਾ ਹੀ ਸੀ। ਇਸ ਲਈ ਮੈਂ ਉਹ ਚਸ਼ਮਾ ਲਾਈ ਰੱਖਿਆ। ਪਰ ਮੈਂ ਬੱਸ ਵਿਚ ਬੈਠਣ ਲਈ ਅੱਗੇ ਵਧਿਆ ਤਾਂ ਇਉਂ ਲੱਗਿਆ ਜਿਵੇਂ ਏਨੇ ਤੰਗ ਦਰਵਾਜ਼ੇ ਵਿਚ ਮੈਂ ਅੰਦਰ ਕਿਵੇਂ ਜਾਵਾਂਗਾ ? ਪਰ ਆਪਣੇ ਸਰੀਰ ਨੂੰ ਸੰਗੋੜਕੇ ਮੈਂ ਡੈੱਕ ਉਤੇ ਕਦਮ ਰੱਖਿਆ ਹੀ ਸੀ ਤਾਂ ਦੇਖਿਆ ਕਿ ਕੋਈ ਬੱਚਾ ਬੱਸ ਵਿਚ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਮੈਂ ਆਪਣਾ ਪੈਰ ਪਿੱਛੇ ਹਟਾ ਲਿਆ। ਇਉਂ ਹੀ ਬੱਚੇ ਨੇ ਵੀ ਕੀਤਾ। ਸ਼ਾਇਦ ਉਹ ਮੇਰੀ ਬਜ਼ੁਰਗੀ ਦਾ ਆਦਰ ਕਰ ਰਿਹਾ ਸੀ। ਮੈਂ ਫਿਰ ਕਦਮ ਵਧਾਇਆ ਤਾਂ ਉਸ ਬੱਚੇ ਨੇ ਵੀ ਨਾਲ ਵਧਾ ਦਿੱਤਾ ਤੇ ਮੈਂ ਫਿਰ ਖਿਚ ਲਿਆ। ਤਦੇ ਬੱਸ ਕੰਡਕਟਰ ਦੀ ਆਵਾਜ਼ ਆਈ— ਸਾਹਿਬ ਦਾਰੂ ਪਿਏਲਾ ਕਿਆ ?......ਅਤੇ ਉਸਨੇ ਮੇਰੀ ਬਾਂਹ ਫੜਕੇ ਮੈਨੂੰ ਬੱਸ ਦੇ ਅੰਦਰ ਘਸੀਟ ਲਿਆ ਅਤੇ ਸੀਟ ਉਤੇ ਜਾ ਬਠਾਇਆ। ਤਦ ਮੈਨੂੰ ਪਤਾ ਲੱਗਿਆ ਕਿ ਪੈਰ ਕਿਸੇ ਬੱਚੇ ਦਾ ਨਹੀਂ ਮੇਰਾ ਆਪਣਾ ਹੀ ਸੀ !

ਬੱਸ ਕੰਡਕਟਰ ਦੀ ਆਵਾਜ਼ ਆਈ—ਦੇਖੋ ਕੋਈ ਲਫੜਾ ਨਹੀਂ ਕਰਨੇ ਕਾ, ਆਂ ! ਉਹ ਹੁਣ ਤਕ ਮੈਨੂੰ ਪੀਤੇ ਹੋਏ ਸਮਝ ਰਿਹਾ ਸੀ। ਮੈਂ ਕਿਹਾ—ਮੈਂ ਪੀਤੀ ਨਹੀਂ, ਕੰਡਕਟਰ, ਥੋੜ੍ਹੀ ਜਿੰਨੀ ਪੀਤੀ ਹੈ, ਪਰ ਮੇਰੀ ਨਿਗਾਹ ਕਮਜ਼ੋਰ ਹੈ !

—ਤੋ ਫਿਰ ਚਸ਼ਮਾ ਕਾਹੇ ਕੋ ਰੱਖਾ ? ਉਹ ਬੋਲਿਆ।

ਹੁਣ ਮੈਂ ਕਿਥੇ ਏਨੀ ਲੰਮੀ ਰਾਵਣ-ਕਹਾਣੀ ਦੁਹਰਾਉਂਦਾ। ਮੈਂ ਸਿਰਫ ਏਨਾ ਕਿਹਾ—ਵੋਰਲੀ ਨਾਕਾ ਆਏ ਤਾਂ ਮੈਨੂੰ ਉਤਾਰ ਦੇਣਾ......

ਹੋ...ਉਸਨੇ ਕਿਹਾ, ਪੈਸੇ ਲਏ, ਟਿਕਟ ਦਿੱਤਾ ਤੇ ਦੂਸਰੀਆਂ ਸਵਾਰੀਆਂ ਨਾਲ ਰੁਝ ਗਿਆ।

ਸੀਟ ਤੇ ਬੈਠਦਿਆਂ ਹੀ ਮੈਂ ਆਪਣਾ ਚਸ਼ਮਾ ਉਤਾਰ ਲਿਆ (ਦੇਖੋ, ਮੈਂ ਫਿਰ ਉਸਨੂੰ ਆਪਣਾ ਹੀ ਕਹੀ ਜਾ ਰਿਹਾ ਹਾਂ ! ਆਦਤ ਨਹੀਂ ਛੁੱਟਦੀ ਨਾ !) ਉਸਦੇ ਬਿਨਾਂ ਜਿਵੇਂ ਮੈਨੂੰ ਹਮੇਸ਼ਾ ਲੱਗਦਾ ਸੀ, ਅੱਜ ਵੀ ਉਵੇਂ ਹੀ ਲਗਿਆ ਕਿ ਬੱਸ ਖੜੀ, ਤੇ ਸੜਕ ਦੀਆਂ ਰੋਸ਼ਨੀਆਂ ਆਪਣੇ ਦੁਆਲੇ ਬੇਸ਼ੁਮਾਰ ਕਿਰਣਾਂ ਤੇ ਹਾਲੇ ਲਈ ਅੱਧੇ ਦਾਇਰੇ ਵਿਚ ਘੁੰਮ ਰਹੀਆਂ ਨੇ। ਅਤੇ ਵੱਡੇ ਵੱਡੇ ਧੱਬੇ ਨੀਲੇ ਪੀਲੇ, ਊਦੇ ਕਾਲੇ ਜੋ ਨਜ਼ਰ ਆਉਂਦੇ ਨੇ, ਨਵੀਆਂ ਪੁਰਾਣੀਆਂ ਬਿਲਡਿੰਗਾਂ ਨੇ।

ਫਿਰ ਮਹਿਜ਼ ਘਬਰਾਹਟ ਕਾਰਣ ਮੈਂ ਚਸ਼ਮਾ ਦੁਬਾਰਾ ਲਾ ਲਿਆ। ਮੇਰੇ ਨਾਲ ਦੀ

ਸੀਟ ਉਤੇ ਇਕ ਬੜੀ ਪਿਆਰੀ ਜਿਹੀ ਬੱਚੀ ਬੈਠੀ ਹੋਈ ਸੀ। ਜਦ ਮੇਰੇ ਵਿਚ ਪਿਆਰ ਉਮੜਦਾ ਹੈ ਨਾ, ਬਾਕਰ ਭਾਈ, ਤਾਂ ਮੈਂ ਉਸਦੇ ਹੜ੍ਹ ਨੂੰ ਰੋਕ ਨਹੀਂ ਸਕਦਾ। ਮੈਂ ਆਲਿੰਗਨ ਵੀ ਰਿੱਛ ਵਾਂਗ ਕਰਦਾ ਹਾਂ......ਮੈਂ ਕਿਸੇ ਰੂਸੀ ਤੋਂ ਘੱਟ ਹਾਂ?

ਮੈਂ ਉਸ ਬੱਚੀ ਦੀਆਂ ਗੱਲ੍ਹਾਂ ਤੇ ਥਪੋਕੀ ਮਾਰਨ ਹੀ ਲਗਿਆ ਸੀ ਕਿ ਝੱਟ ਮੈਨੂੰ ਯਾਦ ਆ ਗਿਆ ਅਤੇ ਮੈਂ ਆਪਣਾ ਉਮੜਿਆ ਹੋਇਆ ਪਿਆਰ, ਆਪਣਾ ਹੱਥ ਖਿੱਚ ਲਿਆ। ਠੀਕ ਹੀ ਕੀਤਾ ਮੈਂ। ਅਗਲੇ ਸਟਾਪ ਤੇ ਜਦ ਬੱਸ ਰੁਕੀ ਤੇ ਉਹ ਬੱਚੀ ਉਤਰਨ ਲਈ ਉਠੀ ਤਾਂ ਮੈਂ ਆਪਣਾ ਚਸ਼ਮਾ ਉਤਾਰ ਕੇ ਵੇਖਿਆ—ਜੋ ਖਾਕਾ ਮੇਰੇ ਲਾਗਿਉਂ ਲੰਘਿਆ, ਉਹ ਇਕ ਜਵਾਨ ਭਰਪੂਰ ਔਰਤ ਦਾ ਸੀ। ਸਾਹਮਣਾ ਹਿੱਸਾ ਜਾਪਦਾ ਸੀ ਜਿਵੇਂ ਆਪਣੇ ਆਪ ਤੋਂ ਇਕ ਫੁੱਟ ਅੱਗੇ ਚੱਲ ਰਿਹਾ ਹੈ। ਮੈਂ ਆਪਣੀ ਤੁਰਤ ਬੁਧੀ ਨਾਲ ਬਚਿਆ, ਬਾਕਰ ਭਾਈ, ਵਰਨਾ ਉਸ ਰਾਤ ਮੈਂ ਮਾਰ ਖਾ ਬੈਠਾ ਸੀ!

ਮਜ਼ੇ ਨਾਲ ਬੈਠਾ ਮੈਂ ਯਾਦ ਦੇ ਮੂੰਹ ਵਿਚ ਉਸ ਸੁੰਦਰੀ ਨੂੰ ਪਪੋਲ ਹੀ ਰਿਹਾ ਸੀ ਕਿ ਬੱਸ ਕੰਡਕਟਰ ਦੀ ਆਵਾਜ਼ ਆਈ—ਅਰੇ, ਅਰੇ! ਮਿਸ਼ਟਿਕ ਹੋ ਗਿਆ ਸਾਲਾ! ਉਹ ਕਹਿ ਰਿਹਾ ਸੀ, ਵੋਰਲੀ ਨਾਕਾ ਤੋ ਤੀਨ ਸਟਾਪ ਉਧਰ ਰਹਿ ਗਿਆ। ਅਬ ਹਮ ਪ੍ਰਭਾ ਦੇਵੀ ਕੇ ਬੀਚ ਹੋਤਾ।

—ਕੰਡਕਟਰ! ਮੈਂ ਗੁੱਸੇ ਨਾਲ ਇੰਨਾ ਹੀ ਕਹਿ ਸਕਿਆ।

—ਉਤਰੋ ਉਤਰੋ......ਲੋਕਰ......ਉਹ ਬੋਲਿਆ! ਸਾਮਨੇ ਸਟਾਪ ਹੋਤਾ ਉਲਟਾ ਬੱਸ ਕਾ। ਚੈਕਰ ਆ ਗਿਆ ਤੋ ਜਾਸਤੀ ਪੈਸਾ ਦੇਨੇ ਕੋ ਪੜੇਗਾ......

ਜਿਵੇਂ ਕੰਡਕਟਰ ਨੇ ਮੇਰਾ ਹੱਥ ਫੜਕੇ ਬੱਸ ਵਿਚ ਬਿਠਾਇਆ ਸੀ, ਉਵੇਂ ਹੀ ਫੜਕੇ ਕੱਢ ਵੀ ਦਿੱਤਾ। ਬੱਸ ਚਲ ਜਾਣ ਪਿਛੋਂ ਮੈਨੂੰ ਗਾਲ ਚੇਤੇ ਆਈ—ਇਉਂ ਹੁੰਦਾ ਹੈ ਨਾ, ਬਾਕਰ ਭਾਈ?

* * *

ਮੈਂ ਘਰ ਕਿਵੇਂ ਪਹੁੰਚਿਆ, ਇਹ ਮੈਂ ਹੀ ਜਾਣਦਾਂ। ਆਪਣੇ ਘਰ ਦੀ ਬਜਾਏ ਦੂਜੇ ਘਰ ਵਿਚ ਗਲਤੀ ਨਾਲ ਘੁਸ ਜਾਣ ਦੀ ਜੋ ਖ਼ੁਸ਼ੀ ਹੁੰਦੀ ਹੈ, ਮੈਨੂੰ ਤਾਂ ਉਹ ਵੀ ਨਾ ਹੋਈ। ਘਰ ਪਹੁੰਚਕੇ ਪੈਰਾਂ ਨੂੰ ਅੱਖਾਂ ਬਣਾਕੇ ਪੌੜੀਆਂ ਚੜ੍ਹਿਆ। ਜਿਸ ਦਰਵਾਜ਼ੇ ਨੂੰ ਮੈਂ ਆਪਣਾ ਸਮਝਿਆ ਸੀ, ਉਹ ਆਪਣਾ ਹੀ ਨਿਕਲ ਆਇਆ। ਅੰਦਰ ਜਾਂਦਿਆਂ ਹੀ ਮੈਂ ਸਿੱਧਾ ਕੁਰਸੀ ਤੇ ਜਾ ਬੈਠਾ। ਤੂੰ ਤਾਂ ਜਾਣਦਾ ਹੀ ਹੈਂ ਅੰਨ੍ਹੇ ਨੂੰ ਵੀ ਆਪਣੇ ਘਰ ਦੇ ਸਭ ਮੋੜ ਘੋੜ ਪਤਾ ਹੁੰਦੇ ਨੇ। ਬੀਵੀ ਨੂੰ ਗੱਲ ਦੱਸੀ ਤਾਂ ਉਸਨੇ ਉਸ ਅਮਰੀਕੀ ਨੂੰ ਬਹੁਤ ਗਾਲ੍ਹਾਂ ਕੱਢੀਆਂ। ਪਰ ਮੈਨੂੰ ਇਉਂ ਲਗਿਆ ਜਿਵੇਂ ਤਸੱਵਰ ਵਿਚ ਉਸਨੂੰ ਫੁਲਾਂ ਦੀ ਛੜੀ ਮਾਰ ਰਹੀ ਹੈ, ਕਿਉਂ ਕਿ ਔਰਤ ਦੀ ਗਾਲ ਵਿਚ ਉਹ ਗੱਲ ਕਿਥੇ ਹੁੰਦੀ ਹੈ ਜੋ ਮਰਦ ਦੀ ਗਾਲ ਵਿਚ ਹੁੰਦੀ ਹੈ।

ਉਸ ਰਾਤ ਹੋਰ ਤਾਂ ਕੁਝ ਨਹੀਂ ਹੋਇਆ, ਬਾਕਰ ਭਾਈ, ਮੈਂ ਆਦਤ ਤੋਂ ਮਜਬੂਰ, ਚਸ਼ਮਾ ਫਿਰ ਅੱਖਾਂ ਉਤੇ ਰੱਖ ਲਿਆ। ਜਿਉਂ ਹੀ ਮੁੜਕੇ ਵੇਖਿਆ ਤਾਂ ਇਕ ਬੜੀ ਪਿਆਰੀ ਗੁੱਡੀ ਜਿਹੀ ਤੀਵੀਂ ਬਾਹਰ ਅੰਦਰ ਆਉਂਦੇ ਜਾਂਦੇ ਦਿਖਾਈ ਦਿੱਤੀ। ਹੇ ਭਗਵਾਨ! ਇਹ ਮੇਰੀ ਹੀ ਬੀਵੀ ਸੀ? ਤੂੰ ਤਾਂ ਜਾਣਦਾ ਹੀ ਹੈਂ ਨਾ, ਬਾਕਰ ਭਾਈ, ਲਲਿਤਾ ਇਕ ਆਮ ਰੂਸੀ ਔਰਤ ਵਾਂਗ ਮੋਟੀ ਤਾਜ਼ੀ ਹੈ। ਉਸਦੀ ਕਮਰ ਕਮਰਾ ਹੈ। ਪਰ ਹੁਣ...ਇਹ ਅਮਰੀਕੀ ਕੀ ਅੱਖ ਝਮੱਕੇ

ਵਿਚ ਸੱਤਰ ਮਿਲੀਮੀਟਰ ਤੋਂ ਅੱਠ ਮਿਲੀਮੀਟਰ ਦਾ ਪਿੰਟ ਬਣਾ ਲੈਂਦੇ ਨੇ। ਮੈਂ ਬਾਹਾਂ ਪਸਾਰਕੇ ਉਸਨੂੰ ਅ ਪਣੀਆਂ ਬਾਹਾਂ ਵਿਚ ਲੈ ਲਿਆ। ਪਤਾ ਨਹੀਂ ਕਦ ਤੋਂ ਪਿਆਰ ਲਈ ਤਰਸੀ ਹੋਈ ਉਸਨੇ ਜ਼ਰਾ ਵੀ ਨਾਂਹ ਨੁਕਰ ਨਾ ਕੀਤੀ, ਉਹ ਨਾਂਹ ਨੁਕਰ ਵੀ ਜੋ ਤੀਵੀਆਂ ਬਹੁਤ ਦੇਰ ਤਕ ਪਿਆਰ ਨ ਕੀਤੇ ਜਾਣ ਤੇ ਗੁੱਸੇ ਵਿਚ ਕਰਦੀਆਂ ਨੇ। ਸ਼ਾਇਦ ਉਸਨੇ ਸੋਚਿਆ ਇਨਕਾਰ ਕੀਤਾ ਤਾਂ ਇਹ ਮੌਕਾ ਵੀ ਹੱਥੋਂ ਜਾਂਦਾ ਰਹੇਗਾ। ਇਹੀ ਨਹੀਂ ਉਸਨੇ ਸ਼ਾਇਦ ਔਰਤਾਂ ਦਾ ਸਾਲ ਮਨਾਉਣ ਦੇ ਸਿਲਸਿਲੇ ਵਿਚ ਮੈਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਤੇ ਹੌਲੀ-ਹੌਲੀ... ਉਸਨੂੰ ਜਾਪਣ ਲਗਿਆ ਕਿ ਕੋਈ ਚੀਜ਼ ਉਸਦੇ ਪਿਆਰ ਦੇ ਰਾਹ ਵਿਚ ਆ ਰਹੀ ਹੈ। ਅਤੇ ਉਸਨੂੰ ਛੇਤੀ ਹੀ ਪਤਾ ਲੱਗ ਗਿਆ। ਉਹ ਬੋਲੀ, ਤੁਸੀਂ ਚਸ਼ਮਾ ਕਿਉਂ ਨਹੀਂ ਉਤਾਰਦੇ ? ਮੈਂ ਇਕਦਮ ਉਸਦੇ ਵਧੇ ਹੋਏ ਹੱਥ ਨੂੰ ਝਟਕ ਦਿੱਤਾ—ਖਬਰਦਾਰ !

ਐਤਵਾਰ ਦੇ ਦਿਨ ਸਾਊਥ ਬੰਬਈ ਬੰਦ ਹੁੰਦਾ ਹੈ, ਮਗਰ ਨਾਰਥ—ਦਾਦਰ, ਬਾਂਦਰਾ ਦਾ ਇਲਾਕਾ—ਖੁਲ੍ਹਾ ਰਹਿੰਦਾ ਹੈ। ਆਦਮੀ ਚਾਹੇ ਤਾਂ ਅਰਜੰਟ ਆਰਡਰ ਦੇ ਕੇ ਦੂਜਾ ਚਸ਼ਮਾ ਬਣਵਾ ਸਕਦਾ ਹੈ, ਪਰ ਇਨਸਾਨ ਨੂੰ ਏਨੀ ਸਾਦਾ ਜਿਹੀ ਹਕੀਕਤ ਵੀ ਕੌਣ ਸਮਝਾਏ ਕਿ ਚਸ਼ਮੇ ਤਕ ਪਹੁੰਚਣ ਲਈ ਵੀ ਤਾਂ ਚਸ਼ਮਾ ਚਾਹੀਦਾ ਜਾਂ ਸੂਰਦਾਸ ਦੇ ਆਸ਼ਰਮ ਦਾ ਕੋਈ ਕਰਮਚਾਰੀ। ਤੇ ਫਿਰ ਕੌਣ ਏਨਾ ਖਰਚ ਕਰੇ ? ਸਾਨੂੰ ਡਾਲਰਾਂ ਦੇ ਹਿਸਾਬ ਨਾਲ ਤਨਖਾਹ ਥੋੜ੍ਹੇ ਮਿਲਦੀ ਹੈ !

ਮੇਰਾ ਐਤਵਾਰ ਜਿਵੇਂ ਬੀਤਿਆ, ਉਸ ਨਾਲੋਂ ਤਾਂ ਸ਼ੁਕਰ-ਜੁੰਮਾ ਹੀ ਹਜ਼ਾਰ ਦਰਜੇ ਚੰਗਾ ਸੀ। ਉਹੋ ਤੇਰੀ ਗੱਲ ਕਿ ਗਏ ਸੀ ਰੋਜ਼ੇ ਬਖਸ਼ਾਉਣ, ਉਲਟਾ ਨਮਾਜ਼ ਗਲ ਪੈ ਗਈ। ਤੇ ਫਿਰ ਤੇਰੇ ਵਰਗੇ ਨਾਸਤਕ ਸ਼ਨਿਚਰ ਤੇ ਉਸਦੇ ਕੋਪ ਨੂੰ ਵੀ ਨਹੀਂ ਮੰਨਦੇ। ਕੋਈ ਮੰਨੇ ਵੀ ਤਾਂ ਉਸਦੀ ਕਰੈਕਟਰ ਸ਼ੀਟ ਖਰਾਬ ਕਰ ਦਿੰਦੇ ਨੇ। ਅੱਧਾ ਦਿਨ ਤਾਂ ਮੇਰਾ ਇਹੀ ਸੋਚਣ ਵਿਚ ਲੰਘ ਗਿਆ ਕਿ ਉਸ ਕਾਰਡ ਇੰਡੈਕਸ ਦਾ ਦਿਨ ਕਿਵੇਂ ਬੀਤਿਆ ਹੋਵੇਗਾ। ਇੰਡੈਕਸ ਦਾ ਨਾਬ ਲੱਭਣ ਲਈ ਵੀ ਤਾਂ ਚਸ਼ਮੇ ਦੀ ਲੋੜ ਪੈਂਦੀ ਹੈ। ਅਤੇ ਹੁਣ ਉਹ ਨਾਬ ਉਸਨੂੰ ਹਡਸਨ ਕਾਰ ਦਾ ਵ੍ਹੀਲ ਜਾਪੇ ਤਾਂ ਉਹ ਆਪਣਾ ਹੱਥ ਖਿੱਚ ਲਏਗਾ! ਪਤਾ ਨਹੀਂ ਉਸ ਨਾਲ ਕੀ ਹੋਇਆ ਤੇ ਕੀ ਹੋ ਰਿਹਾ ਹੋਵੇਗਾ। ਹੋ ਸਕਦਾ ਹੈ ਉਸ ਕੋਲ ਸਪੇਅਰ ਚਸ਼ਮਾ ਹੋਵੇ, ਕਿਉਂਕਿ ਉਹ ਅਮੀਰ ਆਦਮੀ ਹੈ। ਪਰ ਅਗਲੇ ਦਿਨ ਪਤਾ ਲਗਿਆ ਕਿ ਉਸ ਕੋਲ ਸਪੇਅਰ ਸੀ ਪਰ ਕੁਝ ਹੀ ਦਿਨ ਪਹਿਲਾਂ ਉਸ ਹਾਥੀ ਦੇ ਆਂਡੇ ਨੇ ਆਪਣਾ ਹੀ ਪੈਰ ਉਸ ਸਪੇਅਰ ਉਤ ਰੱਖ ਦਿੱਤਾ ਤੇ ਉਹ ਕਰੰਚ ਹੋ ਗਿਆ।

ਦੂਜਾ ਉਹ ਬਣਵਾ ਨਹੀਂ ਸਕਦਾ ਸੀ, ਕਿਉਂਕਿ ਉਸਦਾ ਆਪਟੀਸ਼ੀਅਨ ਵੀ ਸਾਊਥ ਬੰਬਈ ਵਿਚ ਹੀ ਸੀ। ਉਸਨੇ ਇਹ ਵੀ ਦਸਿਆ ਕਿ ਗਲਤੀ ਦਾ ਪਤਾ ਲਗਦਿਆਂ ਹੀ ਉਹ 'ਲਿੱਟਲ ਹੱਟ' ਮੁੜਕੇ ਆਇਆ ਕਿ ਸ਼ਾਇਦ ਮੈਨੂੰ ਮੇਰੀ ਗਲਤੀ ਦਾ ਪਤਾ ਲਗ ਚੁਕਿਆ ਹੋਵੇ। ਜੇ ਦੋ ਗਲਤੀਆਂ ਮਿਲਕੇ ਇਕ ਠੀਕ ਨਹੀਂ ਹੋ ਸਕਦੀਆਂ ਤਾਂ ਇਕ ਗਲਤੀ ਦੂਜੇ ਦੇ ਨਾਲ ਤਬਾਦਲੇ ਵਿਚ ਤਾਂ ਠੀਕ ਹੋ ਸਕਦੀ ਹੈ। ਮੈਂ ਤਾਂ ਖੈਰ ਇਸ ਲਈ ਵੀ ਪਰਵਾਹ ਨ ਕੀਤੀ ਕਿਉਂਕਿ ਮੈਨੂੰ ਇਸ ਚਸ਼ਮੇ ਵਿਚੋਂ ਆਪਣੀ ਗਲਤੀ ਬਹੁਤ ਛੋਟੀ ਜਾਪ ਰਹੀ ਸੀ ਅਤੇ ਮੈਂ ਚਾਹੁੰਦਾ ਸੀ, ਉਸ ਨੂੰ ਪਤਾ ਲੱਗੇ ਕਿ ਉਸਦੀ ਗਲਤੀ ਕਿੰਨੀ ਵੱਡੀ ਹੈ !

ਮੈਨੇਜਰ ਦੀ ਮਿੰਨਤ ਕਰਕੇ ਉਸਨੇ 'ਲਿਟਲ ਹੱਟ' ਵਿਚ ਝਾਕਿਆ। ਉਥੇ ਸਭ ਕੁਝ ਅਜ਼ੀਮੁਲਸ਼ਾਨ ਸੀ। ਪਰ ਮੈਂ ਨਹੀਂ ਸੀ। ਜੇ ਮੈਂ ਹੁੰਦਾ ਤਾਂ ਇੰਜ ਇਨਸਾਨ ਦੀ ਹਉਂ ਵਾਂਗੂ ਜਿੰਨ ਵਿਖਾਈ ਦਿੰਦਾ ਕਿ ਉਹ ਬੇਹੋਸ਼ ਹੋ ਕੇ ਡਿਗ ਜਾਂਦਾ। 'ਲਿਟਲ ਹੱਟ' ਵਿਚੋਂ ਮਰਿਆਨਾ

ਦੀ ਆਵਾਜ਼, ਸਿਰਫ ਆਵਾਜ਼ ਆ ਰਹੀ ਸੀ। ਜਾਪਦਾ ਸੀ ਜਿਵੇਂ ਉਹ ਗਾ ਰਹੀ ਹੈ—

'ਤੁਮ ਮੇਰਾ ਚਸ਼ਮਾ ਲੇ ਆਏ ਹੋ—ਅੱਛਾ ਕੀਆ, ਅੱਛਾ ਕੀਆ......'

ਅੰਦਰ ਉਸ ਕਾਰਡ ਇੰਡੈਕਸ, ਉਸ ਕੰਪਿਊਟਰ ਨੂੰ ਕੁਝ ਗੁਲਾਬੀ, ਕੁਝ ਗੇ੍ਰ ਧੱਬੇ
ਜਿਹੇ ਵਿਖਾਈ ਦਿੱਤੇ ਅਤੇ ਫਿਰ ਇਕ ਕਾਲਾ ਧੱਬਾ ਜੋ ਲਗਾਤਾਰ ਹਿੱਲ ਰਿਹਾ ਸੀ। ਉਸਨੇ ਵੀ
ਤੁਰਤ ਬੁੱਧੀ ਵਰਤਦਿਆਂ ਹੋਇਆਂ ਚਸ਼ਮਾ ਲਾਇਆ ਤਾਂ ਇਕਦਮ ਉਲਟਾ ਭੱਜ ਨਿਕਲ ਆਇਆ,
ਕਿਉਂਕਿ ਉਹ 'ਲਿਟਲ ਹੱਟ' ਵਿਚ ਕੋਈ ਮੱਝ ਲੈ ਆਏ ਸਨ ਤੇ ਉਹ ਨੱਚ ਵੀ ਰਹੀ ਸੀ।

ਸੀ ਉਹ ਮਰਿਆਨਾ......ਮੇਰੇ ਚਸ਼ਮੇ ਦਾ ਮਿਹਰਬਾਨਾ!

ਆਪਣੇ ਖੌਫ, ਆਪਣੀ ਝੱਲਾਹਟ ਵਿਚ ਉਹ ਆਪਣੇ ਆਪਟੀਸ਼ੀਅਨ ਕਪਾੜੀਆ ਦੀ
ਦੁਕਾਨ ਤੋਂ ਦੀ ਵੀ ਲੰਘ ਗਿਆ ਕਿ ਸ਼ਾਇਦ ਦੁਕਾਨ ਦੀ ਦਰਾੜ ਵਿਚੋਂ ਕੋਈ ਰੋਸ਼ਨੀ ਦੀ
ਕਿਰਣ ਨਜ਼ਰ ਆ ਜਾਵੇ। ਪਰ ਕਪਾੜੀਆਂ ਦੀ ਦੁਕਾਨ ਹੋਰ ਵੀ ਬੰਦ ਵਿਖਾਈ ਦੇ ਰਹੀ ਸੀ।
ਇਕ ਤਾਂ ਇਸ ਲਈ ਕਿ ਉਹ ਵਾਕਿਆ ਹੀ ਬੰਦ ਸੀ, ਦੂਜੇ ਇਸ ਲਈ ਕਿ ਉਹ ਉਸਨੂੰ ਵਿਖਾਈ
ਨਹੀਂ ਦੇ ਰਹੀ ਸੀ। ਅਤੇ ਜਦ ਉਸਨੇ ਮੇਰਾ ਚਸ਼ਮਾ ਲਾਕੇ ਵੇਖਿਆ......

ਇਸ ਨਿਰੰਤਰ ਹਮਾਕਤ ਨਾਲ ਉਸਨੂੰ ਇਉਂ ਲਗਿਆ ਕਿ ਉਹ ਅਜਿਹਾ ਗੁਲੀਵਰ
ਹੈ ਜੋ ਜਿੰਨਾਂ ਦੇ ਦੇਸ਼ ਵਿਚ ਪਹੁੰਚ ਗਿਆ ਹੈ, ਜਿਥੇ ਸਭ ਲੋਕ ਮਿਲਕੇ ਉਸ ਵਲ ਵਧ ਰਹੇ ਨੇ।

ਡਰਿਆ ਸਹਿਮਿਆ ਹੋਇਆ ਉਹ ਅਮਰੀਕੀ-ਹਿੰਦੁਸਤਾਨੀ ਘਰ ਪਹੁੰਚਿਆ। ਸ਼ੋਫਰ ਤੇ
ਗੱਡੀ ਦੇ ਕਾਰਣ ਘਰ ਪਹੁੰਚਣ ਵਿਚ ਉਸਨੂੰ ਕੋਈ ਬਹੁਤੀ ਦਿਕਤ ਨਹੀਂ ਹੋਈ। ਹੋਈ ਵੀ
ਤਾਂ ਸਿਰਫ ਏਨੀ ਕਿ ਵੀ. ਟੀ. ਦਾ ਸਟੇਸ਼ਨ, ਕਾਰਪੋਰੇਸ਼ਨ ਦੀ ਇਮਾਰਤ ਸਭ, ਪਾਂਪੋਆਈ ਦੇ
ਭੁਚਾਲ ਵਿਚ ਉਸਨੂੰ ਆਪਣੇ ਉਪਰ ਡਿਗਦਾ ਜਾਪ ਰਿਹਾ ਸੀ। ਘਰ ਦੇ ਬੁਲੰਦ ਸ਼ਹਿਰੀ
ਦਰਵਾਜ਼ੇ ਅੰਦਰ ਪਹੁੰਚਦੇ ਜਦ ਉਸਨੇ ਪੌੜੀਆਂ ਉਤੇ ਕਦਮ ਰਖਿਆ ਤਾਂ ਲੜਖੜਾਕੇ ਡਿਗਿਆ,
ਕਿਉਂਕਿ ਜਿਸਨੂੰ ਉਹ ਤੀਜੀ ਪੌੜੀ ਸਮਝਿਆ ਸੀ ਉਹ ਹਾਲੇ ਪਹਿਲੀ ਹੀ ਸੀ। ਉਸਨੂੰ ਸੱਟ ਵੀ
ਵੱਜੀ, ਪਰ ਕੋਈ ਬਹੁਤੀ ਨਹੀਂ।

ਘਰ ਅੰਦਰ ਪਹੁੰਚਿਆ ਤਾਂ ਉਸਨੂੰ ਇਕ ਗਧਾ ਟਪੂਸੀਆਂ ਮਾਰਦਾ ਵਿਖਾਈ ਦਿੱਤਾ।
ਉਸਨੂੰ ਬਹੁਤ ਤਾਅ ਆਇਆ, ਕਿਉਂਕਿ ਉਹ ਸਮਝ ਹੀ ਨਹੀਂ ਸਕਿਆ ਕਿ ਗਧਾ ਵੀ ਪਾਲਤੂ
ਜਾਨਵਰਾਂ ਵਿਚੋਂ ਹੋ ਸਕਦਾ ਹੈ। ਆਖਰ ਉਸਦੀ ਬੇਟੀ ਜੂਲੀ ਆਈ ਅਤੇ ਉਸਨੇ ਦਸਿਆ ਕਿ
ਬੈਕਯਾਰਡ ਵਿਚ ਜੋ ਧੋਬੀ ਰਹਿੰਦੇ ਨੇ ਨਾ, ਪੱਪਾ, ਉਹਨਾਂ ਨੇ ਮੈਨੂੰ ਖ਼ਰਗੋਸ਼ ਦਿੱਤਾ ਹੈ।

ਮੈਨੂੰ ਤਾਂ ਉਸ ਰਾਤ ਬੀਵੀ ਨੇ ਪਿਆਰ ਕੀਤਾ ਸੀ ਨਾ, ਬਾਕਰ ਭਾਈ, ਪਰ ਉਸ ਕਾਰਡ
ਇੰਡੈਕਸ ਤੇ ਕੰਪਿਊਟਰ ਦੀ ਆਪਣੀ ਬੀਵੀ ਨਾਲ ਲੜਾਈ ਹੋ ਗਈ—ਇਸ ਲਈ ਕਿ ਬੀਵੀ
ਉਸਨੂੰ ਆਪਣੀ ਵਲ ਆਉਂਦਾ ਵਿਜਯੰਤ ਟੈਂਕ ਦਿਸਣ ਲੱਗੀ ਸੀ। ਅਤੇ ਜਦ ਉਸਤੋਂ ਬਚਣ
ਲਈ ਉਸਨੇ ਬੂਹਿਉਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਸਿਰ ਫਟ ਗਿਆ, ਕਿਉਂਕਿ
ਜਿਸਨੂੰ ਉਹ ਦਰਵਾਜ਼ਾ ਸਮਝ ਬੈਠਾ ਸੀ, ਅਸਲ ਵਿਚ ਉਹ ਖਿੜਕੀ ਸੀ!

ਸੋਮਵਾਰ ਨੂੰ ਸਵੇਰੇ ਜਦ ਨੌਂ ਸਾਢੇ ਨੌਂ ਵਜੇ ਮੈਂ ਆਪਣੇ ਅੰਦਾਜ਼ੇ ਮੁਤਾਬਕ ਸਹੀ 'ਲਿਟਲ
ਹੱਟ' ਦੇ ਬਾਹਰ ਪਹੁੰਚਿਆ ਤਾਂ ਉਹ ਚੂਹਾ ਮੇਰੀ ਉਡੀਕ ਕਰ ਰਿਹਾ ਸੀ—ਆਪਣੀ ਬੱਚਾ ਗੱਡੀ
ਵਿਚ......

ਮੈਂ ਅਮਨ ਦੇ ਅੰਦਾਜ਼ ਵਿਚ ਅੱਗੇ ਵਧਿਆ। ਉਹ ਜੰਗ ਦੇ ਭੈ ਨਾਲ ਪਿਛੇ ਹਟ

ਗਿਆ। ਪਰ ਛੇਤੀ ਹੀ ਸਮਝ ਦੇ ਉਪਰ ਆ ਜਾਣ ਨਾਲ ਅਸਾਂ ਦੋਨਾਂ ਚਸ਼ਮੇ ਲਾਹ ਲਏ। ਅਤੇ ਦੋ ਭੂਤਾਂ ਵਾਂਗ ਇਕ ਦੂਜੇ ਵਲ ਵਧੇ। ਬਗੈਰ ਕੁਝ ਕਹੇ ਸੁਣੇ ਚਸ਼ਮੇ ਬਦਲੇ। ਹੁਣ ਅਸੀਂ ਇਕ ਦੂਜੇ ਨਾਲ ਹੱਥ ਮਿਲਾ ਰਹੇ ਸੀ। ਮਾਫ ਕਰਨਾ, ਖਿਮਾ ਕਰਨਾ, ਵਰਗੇ ਵਾਕ ਦੁਹਰਾ ਰਹੇ ਸੀ। ਉਹ ਕਹਿ ਰਿਹਾ ਸੀ—ਮੇਰਾ ਕਸੂਰ ਹੈ। ਮੈਂ ਕਹਿ ਰਿਹਾ ਸੀ—ਮੇਰਾ ਦੋਸ਼। ਫਰਕ ਏਨਾ ਰਹਿ ਗਿਆ ਕਿ ਅਸਾਂ ਆਪਣੇ ਆਪ ਨੂੰ ਗਾਲਾਂ ਦੇਣੀਆਂ ਨਹੀਂ ਸ਼ੁਰੂ ਕਰ ਦਿੱਤੀਆਂ। ਜੇ ਇਉਂ ਕਰਦੇ ਤਾਂ ਦਫਤਰੋਂ ਪਛੜ ਜਾਂਦੇ......

ਪਰ ਇਕ ਗੱਲ ਨਿਸ਼ਚਿਤ ਹੈ, ਬਾਕਰ ਭਾਈ, ਇਸ ਅੱਧੀ ਰਾਤ ਤੇ ਸਵਾ ਦਿਨ ਵਿਚ ਅਸੀਂ ਦੋਵੇਂ ਹਿੰਦੁਸਤਾਨੀ ਹੋ ਚੁੱਕੇ ਸੀ।□

[**18**, ਸੇਠੀਆ ਸਦਨ, ਮਾਟੁੰਗਾ, ਬੰਬਈ **400019**]

ਲਘੂ ਕਥਾ

ਤਲਾਅ

ਸੁਰਿੰਦਰ ਮਿਨਹਾਸ

ਆਮ ਆਬਾਦੀ ਤੋਂ ਦੁਰਾਡੇ ਇਕ ਪਹਾੜੀ ਪਿੰਡ ਵਿਚ ਪਾਣੀ ਦੀ ਬਹੁਤ ਦਿੱਕਤ ਰਹਿੰਦੀ ਸੀ ਅਤੇ ਲੋਕਾਂ ਨੂੰ ਬਹੁਤ ਦੂਰ ਦੇ ਇਕ ਚਸ਼ਮੇ ਤੋਂ ਪਾਣੀ ਲਿਆਉਣਾ ਪੈਂਦਾ ਸੀ।

ਇਕ ਵਾਰੀ ਜਨ ਕਲਿਆਣ ਵਿਭਾਗ ਦੇ ਅਧਿਕਾਰੀਆਂ ਦਾ ਉਧਰੋਂ ਭਰਮਣ ਹੋਇਆ। ਵੱਡੇ ਵੱਡੇ ਮਟਕੇ ਚੁਕੀ ਪਹਾੜੀ ਤੇ ਚੜ੍ਹਦੀਆਂ ਮੁਟਿਆਰਾਂ ਨੂੰ ਵੇਖਕੇ ਉਹਨਾਂ ਨੂੰ ਬਹੁਤ ਤਰਸ ਆਇਆ। ਹੈਡਕੁਆਰਟਰ ਪਹੁੰਚਕੇ ਉਹਨਾਂ ਪਿੰਡ ਦੇ ਲੋਕਾਂ ਨੂੰ ਪਾਣੀ ਮੁਹਈਆ ਕਰਨ ਬਾਰੇ ਉਚ ਪੱਧਰੀ ਵਿਚਾਰ ਵਿਮਰਸ਼ ਕੀਤੀ ਤੇ ਫ਼ੈਸਲਾ ਕੀਤਾ ਕਿ ਪਿੰਡ ਵਿਚ ਤਲਾਅ ਖੋਦਿਆ ਜਾਵੇ ਜਿਸ ਵਿਚ ਮੀਂਹ ਦਾ ਪਾਣੀ ਜਮ੍ਹਾਂ ਹੋਵੇ, ਜੋ ਸਾਰਾ ਸਾਲ ਵਰਤਿਆ ਜਾਵੇ। ਲੋੜੀਂਦਾ ਸਰਵੇਖਣ ਕਰਕੇ ਤਲਾਅ ਖੋਦਣ ਦੀ ਥਾਂ ਵੀ ਨਿਸ਼ਚਿਤ ਕਰ ਦਿੱਤੀ ਗਈ ਅਤੇ ਇਸ ਕਾਰਜ ਲਈ ਪੰਜ ਲੱਖ ਰੁਪਏ ਦੀ ਰਕਮ ਵੀ ਮਨਜ਼ੂਰ ਹੋ ਗਈ।

ਕੁਝ ਸਮੇਂ ਪਿਛੋਂ ਤਲਾਅ ਖੋਦਿਆ ਜਾ ਚੁਕਿਆ ਸੀ, ਕਾਗਜ਼ਾਂ ਵਿਚ। ਅਤੇ ਰਕਮ ਵੀ ਸਕਾਰਥੇ ਲੱਗ ਗਈ ਸੀ, ਅਧਿਕਾਰੀਆਂ ਦੇ ਪੇਟ ਦੇ ਤਲਾਅ ਵਿਚ। ਦਿਨ ਬੀਤਦੇ ਗਏ ਤੇ ਪਹਾੜੀ ਪਿੰਡ ਦੀਆਂ ਮੁਟਿਆਰਾਂ ਪਹਿਲਾਂ ਵਾਂਗ ਦੂਰ ਚਸ਼ਮੇ ਤੋਂ ਪਾਣੀ ਢੋਂਦੀਆਂ ਰਹੀਆਂ। ਕਾਫੀ ਸਮਾਂ ਬੀਤਣ ਉਪਰੰਤ ਅਧਿਕਾਰੀ ਹੈਰਾਨ ਹੋਏ ਕਿ ਤਲਾਅ ਨਾ ਖੋਦੇ ਜਾਣ ਬਾਰੇ ਲੋਕਾਂ ਕੋਈ ਸ਼ਿਕਾਇਤ ਹੀ ਨਹੀਂ ਕੀਤੀ। ਅਤੇ ਫਲ ਸਰੂਪ ਇਕ ਹੋਰ ਯੋਜਨਾ ਬਣੀ। ਹੁਣ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਦਾ ਇਕ ਹੋਰ ਦੌਰਾ ਕੀਤਾ ਗਿਆ। ਨਿਸ਼ਚਿਤ ਹੋਇਆ ਕਿ ਪਿੰਡ ਵਿਚ ਖੋਦਿਆ ਤਲਾਅ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹੈ ਕਿਉਂਕਿ ਉਸ ਵਿਚ ਮੱਛਰ ਬਹੁਤ ਪੈਦਾ ਹੋ ਜਾਂਦਾ ਹੈ ! ਦੋਹਾਂ ਵਿਭਾਗਾਂ ਦੀ ਸਾਂਝੀ ਮਾਹਿਰ ਟੋਲੀ ਨੇ ਤਲਾਅ ਪੂਰੇ ਜਾਣ ਦੀ ਸਿਫਾਰਸ਼ ਕੀਤੀ।

ਸੁਣਨ ਵਿਚ ਆਉਂਦਾ ਹੈ ਕਿ ਦੋ ਲੱਖ ਰੁਪਏ ਦੀ ਨਿਸ਼ਚਿਤ ਰਕਮ ਨਾਲ ਤਲਾਅ ਪੂਰਨ ਦਾ ਕੰਮ ਠੀਕ ਠਾਕ ਨੇਪਰੇ ਚੜ੍ਹ ਗਿਆ ਸੀ !□

ਗ਼ਜ਼ਲ

ਫਤਿਹਜੀਤ

ਭਾਵੇਂ ਕਿ ਮੇਰੇ ਜੀਣ ਨੂੰ ਰਾਹਤ ਵੀ ਨਹੀਂ ਕਿਤੇ
ਅਹਿਸਾਸ ਜ਼ਿੰਦਗੀ ਦਾ, ਮਰਿਆ ਨਹੀਂ ਅਜੇ।
ਰੁੱਤਾਂ ਦੇ ਆਉਣ ਜਾਣ ਤੇ ਨਿਰਭਰ ਨਹੀਂ ਸਾਂ ਮੈਂ
ਪੱਤਝੜ 'ਚ ਵੀ ਬਹਾਰ ਦੇ ਕੀਤੇ ਨੇ ਫ਼ੈਸਲੇ।
ਰੰਗਾਂ ਦੀ ਤਪਸ਼ ਨਾਲ ਸੜਦਾ ਤਾਂ ਮੈਂ ਜ਼ਰੂਰ
ਅੱਗਾਂ ਦੇ ਸੇਕ ਨ ਜੇ ਘੇਰਦੇ ਕਦੇ।
ਮੰਨਿਆਂ ਕਿ ਹੈ ਉਦਾਸ ਮੌਸਮ ਦੀ ਜੁਸਤਜੂ
ਪਰ ਕਿਸਦਾ ਸ਼ੌਕ ਹੈ-ਕਿ ਉਹ ਥੈਠਕੇ ਤੁਰੇ।
ਨੀਅਤ ਤੇ ਹੈ ਸਫ਼ਰ ਦੀ ਦਾਸਤਾਂ ਜਨਾਬ
ਕਦ ਕਦਮ ਰੋਕਦੇ ਨੇ—ਸੜਕਾਂ ਦੇ ਫ਼ਾਸਲੇ।

(ਸ਼ਾਹਕੋਟ, ਜਲੰਧਰ)

ਗ਼ਜ਼ਲ

ਬਚਨਜੀਤ

ਨਾ ਤਾਂ ਸਾਥੋਂ ਸਾਗਰ ਹੋਇਆ, ਮੁੱਠੀ ਵਿੱਚ ਦਬੋਚ।
ਨਾ ਮੱਥੇ ਦੀ ਰੇਖ ਮਿਟੀ ਹੈ, ਨਹੁੰਆਂ ਨਾਲ ਖਰੋਚ।
ਅੰਦਰ ਫੈਲੇ ਮਾਰੂਥਲ ਵਿਚ, ਕਿੰਨਾ ਕੁ ਚਿਰ ਭਟਕੇ ?
ਰੇਤੇ ਵਾਂਗੂੰ ਕਿਰਦੇ ਰਹੇ ਆਂ, ਰਾਤ ਸਮੁੱਚੀ ਸੋਚ।
ਪੰਨੂੰ ਨੂੰ ਹੁਣ ਸੱਦ ਲੈਂਦੀ ਵਿਚ ਸੱਸੀ ਕਾਹਵਾਖਾਨੇ,
ਹੁਣ ਤਾ ਸੱਖਣੇ ਊਠਾਂ ਵਾਲੇ, ਜਾਂਦੇ ਪਰਤ ਬਲੋਚ।
ਸਾਡਾ ਵੀ ਤਾਂ ਜੀ ਕਰਦਾ ਸੀ ਮੋਰਾਂ ਵਾਂਗੂੰ ਨੱਚੀਏ,
ਫਿਕਰਾਂ ਦੇ ਪਰ ਝੁਰਮਟ ਅੰਦਰ, ਰਹੀ ਅਪੂਰਨ ਲੋਚ।
ਇੰਟਰਵਿਊ ਤੋਂ ਮੁੜੇ ਸਦਾ ਹੀ, ਖੋਟੇ ਸਿੱਕੇ ਵਾਂਗਰ,
ਸਾਡੀ ਨਾ ਸੀ ਸ਼ਕਤੀਸ਼ਾਲੀ, ਹਸਤੀ ਦੀ ਅਪਰੋਚ।
ਇਹ ਸਾਡੇ ਬੇਨਾਮ ਦਰਦ ਦਾ, ਗੀਤ ਬਣੇ ਤਾਂ ਚੰਗਾ,
ਨਹੀਂ ਤਾਂ ਇਸਨੇ ਚੁੱਪ ਚੁਪੀਤੇ, ਦੇਹ ਨੂੰ ਜਾਣਾ ਨੋਚ।

(ਨਵੀਂ ਅਬਾਦੀ, ਵੇਰਕਾ ਅੰਮ੍ਰਿਤਸਰ)

ਕਾਲਾ ਪੱਥਰ

ਸੁਖਬੀਰ

ਉਹ ਕਾਲੇ ਰੰਗ ਦਾ ਅਨਘੜ ਪੱਥਰ ਸੀ, ਜੋ ਰਾਹ ਦੇ ਇਕ ਪਾਸੇ ਘਾਹ-ਫੂਸ ਤੇ ਕੂੜੇ ਵਿਚ ਪਿਆ ਹੋਇਆ ਸੀ। ਉਸ 'ਤੇ ਧੂੜ-ਮਿੱਟੀ ਜੰਮੀ ਹੋਈ ਸੀ, ਤੇ ਕਈ ਥਾਈਂ ਛੋਟੇ-ਵੱਡੇ ਧੱਬੇ ਪਏ ਹੋਏ ਸਨ।

ਕਹਿੰਦੇ ਹਨ ਕਿ ਪੱਥਰ ਦਾ ਵੀ ਦਿਲ ਹੁੰਦਾ ਹੈ। ਉਸ ਕਾਲੇ ਪੱਥਰ ਦਾ ਦਿਲ ਤਾਂ ਬਹੁਤ ਹੀ ਸੂਹਲ ਸੀ, ਜੋ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਮਹਿਸੂਸ ਕਰਨੋਂ ਨਹੀਂ ਸੀ ਰਹਿੰਦਾ। ਕਈ ਵਾਰ ਉਸ ਨੂੰ ਆਪਣੀ ਉਸ ਹਾਲਤ 'ਤੇ ਤਰਸ ਆਉਂਦਾ ਤੇ ਉਹ ਸੋਚਦਾ ਕਿ ਇਕ ਦਿਨ ਉਹ ਆਪਣੇ ਆਲੇ-ਦੁਆਲੇ ਦੇ ਘਾਹ-ਫੂਸ ਤੇ ਕੂੜੇ ਵਿਚ ਗੁਆਚ ਕੇ ਰਹਿ ਜਾਏਗਾ।

ਉਸ ਦੇ ਇਕ ਪਾਸੇ ਛੋਟੀ ਜਹੀ, ਟੁੱਟੀ ਹੋਈ ਕੰਧ ਸੀ ਤੇ ਦੂਜੇ ਪਾਸੇ, ਕਾਫੀ ਅਗਾਂਹ, ਸਮੁੰਦਰ ਦਾ ਕੰਢਾ ਸੀ। ਆਮ ਤੌਰ 'ਤੇ ਸ਼ਾਮ ਵੇਲੇ ਦੋ-ਚਾਰ ਬੰਦੇ ਉਸ ਕੰਧ 'ਤੇ ਬੈਠ ਸਮੁੰਦਰ ਨੂੰ ਦੇਖ ਰਹੇ ਹੁੰਦੇ। ਉਸ ਪੱਥਰ ਵਲ ਕਦੇ ਕਿਸੇ ਦਾ ਧਿਆਨ ਨਹੀਂ ਸੀ ਗਿਆ। ਅਜਿਹੇ ਮੌਕਿਆਂ 'ਤੇ ਉਸ ਨੂੰ ਅੰਤਾਂ ਦੀ ਇਕੱਲ ਮਹਿਸੂਸ ਹੁੰਦੀ।

ਇਕ ਦਿਨ ਇਕ ਤੀਵੀਂ ਕੰਧ 'ਤੇ ਆ ਕੇ ਬੈਠੀ, ਤਾਂ ਪੱਥਰ ਉਸ ਨੂੰ ਬੜੀ ਦਿਲਚਸਪੀ ਨਾਲ ਦੇਖਣ ਲਗਾ। ਉਸ ਦੀ ਰੇਸ਼ਮੀ ਸਾੜ੍ਹੀ ਉਸ ਨੂੰ ਬਹੁਤ ਸੁਹਣੀ ਲਗੀ, ਜਿਸ 'ਤੇ ਛੋਟੇ-ਵੱਡੇ ਜਾਮਣੀ ਰੰਗ ਦੇ ਫੁੱਲ ਬਣੇ ਹੋਏ ਸਨ। ਉਸ ਨੂੰ ਤੀਵੀਂ ਦਾ ਚਿਹਰਾ ਵੀ ਸੁਹਣਾ ਲੱਗਾ, ਜਿਸ 'ਤੇ ਗੂੜ੍ਹਾ ਮੇਕ-ਅਪ ਸੀ। ਉਸ ਦੇ ਮੱਥੇ 'ਤੇ ਜਾਮਣੀ ਰੰਗ ਦੀ ਵੱਡੀ ਸਾਰੀ ਬਿੰਦੀ ਸੀ, ਤੇ ਉਸ ਦੇ ਬੁਲ੍ਹਾਂ 'ਤੇ ਜਾਮਣੀ ਰੰਗ ਦੀ ਸ਼ੋਖ਼ ਲਿਪਸਟਿਕ ਸੀ, ਤੇ ਉਸ ਦੇ ਕੰਨਾਂ ਵਿਚ ਜਾਮਣੀ ਰੰਗ ਦੇ ਲਿਸ਼ਕਦੇ ਝੁਮਕੇ ਸਨ।

ਪੱਥਰ ਉਸ ਨੂੰ ਇਕ ਟਕ ਵੇਖਦਾ ਰਿਹਾ। ਤੀਵੀਂ ਕਾਗਜ਼ ਦੀ ਇਕ ਪੁੜੀ ਖੋਹਲ ਕੇ ਉਸ 'ਚੋਂ ਕੋਈ ਚੀਜ਼ ਖਾਣ ਲਗੀ ਸੀ। ਇਕ ਮੌਕੇ 'ਤੇ ਉਸਨੇ ਭੈੜਾ ਜਿਹਾ ਮੂੰਹ ਬਣਾਇਆ ਤੇ ਜ਼ੋਰ ਨਾਲ ਥੁੱਕਿਆ। ਥੁੱਕ ਪੱਥਰ 'ਤੇ ਜਾਕੇ ਪਿਆ, ਤਾਂ ਉਹ ਸਿਹਰ ਉਠਿਆ। ਤਦੇ ਉਸ ਦਾ ਮਨ ਤੀਵੀਂ ਲਈ ਗੁੱਸੇ ਤੇ ਨਫ਼ਰਤ ਨਾਲ ਭਰ ਗਿਆ। ਤਦ ਉਸ ਦਾ ਸੁਹੱਪਣ ਉਸ ਨੂੰ ਬੜਾ ਕੋਝਾ ਬਣ ਗਿਆ ਲੱਗਾ। ਕੁਝ ਚਿਰ ਪਿਛੋਂ ਤੀਵੀਂ ਉਠ ਕੇ ਚਲੀ ਗਈ, ਤਾਂ ਵੀ ਪੱਥਰ ਦਾ ਮਨ ਭੈੜੇ ਜਿਹੇ ਅਹਿਸਾਸ ਨਾਲ ਭਰਿਆ ਰਿਹਾ।

ਅਗਲੇ ਦਿਨ ਸਵੇਰੇ ਉਸ ਨੇ ਆਪਣੇ ਲਾਗੇ ਉੱਗੇ ਹੋਏ ਇਕ ਛੋਟੇ ਜਿਹੇ ਬੂਟੇ ਨੂੰ ਵੇਖਿਆ, ਜਿਸ 'ਤੇ ਇਕ ਨਿੱਕਾ ਜਿਹਾ ਸੰਤਰੀ ਰੰਗ ਦਾ ਫੁੱਲ ਖਿੜਿਆ ਹੋਇਆ ਸੀ। ਬੂਟਾ ਹਵਾ ਸਦਕਾ ਲਹਿਰਾਉਂਦਾ ਹੋਇਆ ਕਿਸੇ-ਕਿਸੇ ਵੇਲੇ ਪੱਥਰ ਉਤੇ ਨਿਉਂ ਆਉਂਦਾ ਸੀ, ਤਾਂ ਫੁੱਲ ਉਸ ਨੂੰ ਛੋਹ ਜਾਂਦਾ ਸੀ। ਫੁੱਲ ਦੀ ਉਹ ਛੋਹ ਉਸ ਨੂੰ ਬਹੁਤ ਚੰਗੀ ਲਗ ਰਹੀ ਸੀ। ਤਦ ਉਸਦੇ ਮਨ ਵਿਚ ਇਕ ਨਵੀਂ ਖੁਸ਼ੀ ਜਾਗੀ, ਤੇ ਉਹ ਦਿਨ ਭਰ ਉਸ ਬੂਟੇ ਤੇ ਫੁੱਲ ਨੂੰ ਵੇਖਦਾ ਰਿਹਾ।

ਅਜਿਹਾ ਅਹਿਸਾਸ ਉਸ ਨੂੰ ਪਹਿਲਾਂ ਕਦੇ ਨਹੀਂ ਸੀ ਹੋਇਆ।

ਸ਼ਾਮ ਹੋਈ, ਤਾਂ ਉਸ ਦਾ ਧਿਆਨ ਕੰਧ 'ਤੇ ਬੈਠੇ ਇਕ ਆਦਮੀ ਵਲ ਗਿਆ, ਜੋ ਸਮੁੰਦਰ ਨੂੰ ਵੇਖਣ ਦੀ ਥਾਂ ਉਸ ਨੂੰ ਬੜੀ ਡੂੰਘੀ ਨਜ਼ਰ ਨਾਲ ਵੇਖ ਰਿਹਾ ਸੀ। ਉਸ ਨੇ ਲਾਲ-ਸੂਹੀ ਕਮੀਜ਼ ਤੇ ਕਾਲੀ ਪਤਲੂਨ ਪਾਈ ਹੋਈ ਸੀ। ਉਸਦੇ ਸਿਰ ਦੇ ਵਾਲ ਉਲਝੇ ਹੋਏ ਸਨ, ਤੇ ਉਸ ਦੀਆਂ ਅੱਖਾਂ ਵਿਚ ਅਜਿਹੀ ਚਮਕ ਸੀ, ਜਿਵੇਂ ਉਹ ਪੱਥਰ ਨੂੰ ਵਿੰਨ੍ਹਦੀਆਂ ਹੋਈਆਂ ਉਸਦੇ ਦਿਲ ਤਕ ਪਹੁੰਚ ਗਈਆ ਹੋਣ। ਉਸ ਨਜ਼ਰ ਤੋਂ ਉਸ ਨੂੰ ਘਬਰਾਹਟ ਹੋਣ ਲਗੀ। ਤਦੇ ਉਸ ਨੇ ਉਸਦੇ ਬੁੱਲ੍ਹਾਂ 'ਤੇ ਅਜੀਬ ਜਹੀ ਮੁਸਕਰਾਹਟ ਵੇਖੀ, ਤਾਂ ਉਸ ਦੀ ਘਬਰਾਹਟ ਜਾਂਦੀ ਰਹੀ। ਫੇਰ, ਉਸ ਨੇ ਉਸ ਨੂੰ ਆਪਣੇ ਕੋਲ ਆਉਂਦਿਆਂ ਵੇਖਿਆ।

ਉਸ ਆਦਮੀ ਨੇ ਉਥੇ ਪਏ ਇਕ-ਦੋ ਰੱਦੀ ਕਾਗਜ਼ ਚੁੱਕੇ ਤੇ ਉਨ੍ਹਾਂ ਨਾਲ ਪੱਥਰ ਨੂੰ ਰਗੜਦਾ ਹੋਇਆ ਜਿਵੇਂ ਸਾਫ ਕਰਨ ਲਗਾ। ਜਿਉਂ-ਜਿਉਂ ਪੱਥਰ ਦਾ ਰੰਗ ਉਘੜਦਾ ਗਿਆ, ਉਸ ਆਦਮੀ ਦੀਆਂ ਅੱਖਾਂ ਵਿਚਲੀ ਚਮਕ ਵਧਦੀ ਗਈ। ਫੇਰ, ਜਦ ਉਸ ਨੇ ਪੱਥਰ ਦਾ ਉਹ ਹਿੱਸਾ ਸਾਫ ਕੀਤਾ, ਜੋ ਕਾਲੇ ਦੀ ਥਾਂ ਸੂਹੇ-ਭੂਰੇ ਰੰਗ ਦਾ ਸੀ, ਤੇ ਜਿਸ 'ਤੇ ਚਿੱਟੀਆ ਧਾਰੀਆਂ ਸਨ, ਤਾਂ ਉਸ ਦੀਆਂ ਅੱਖਾਂ ਜਿਵੇਂ ਖੁਸ਼ੀ ਨਾਲ ਭਰ ਗਈਆਂ। ਉਸੇ ਵੇਲੇ ਉਸ ਨੇ ਪੱਥਰ ਨੂੰ ਚੁੱਕ ਕੇ ਖੜਾ ਕੀਤਾ ਤੇ ਆਪ ਵੀ ਖੜਾ ਹੋ ਕੇ ਏਧਰ-ਉਧਰ ਵੇਖਣ ਲਗਾ।

ਇਕ ਟੈਕਸੀ ਉਥੋਂ ਲੰਘੀ, ਤਾਂ ਉਸ ਨੇ ਉਸ ਨੂੰ ਰੁਕਣ ਲਈ ਕਿਹਾ ਤੇ ਪੱਥਰ ਨੂੰ ਬੜੀ ਔਖਿਆਈ ਨਾਲ ਚੁੱਕਕੇ ਉਸ ਵਲ ਵਧਿਆ। ਪੱਥਰ ਏਨਾ ਭਾਰਾ ਸੀ ਕਿ ਟੈਕਸੀ ਤਕ ਜਾਂਦਿਆਂ ਉਹ ਹੱਫਣ ਲਗਾ ਸੀ।

ਟੈਕਸੀ ਤੁਰੀ, ਤਾਂ ਪੱਥਰ ਨੂੰ ਉਹ ਹਵਾ ਨਾਲ ਗੱਲਾਂ ਕਰਦੀ ਹੋਈ ਜਾਪੀ। ਅਖੀਰ, ਜਦ ਉਹ ਇਕ ਥਾਂ ਰੁਕੀ, ਤਾਂ ਉਸ ਆਦਮੀ ਨੇ ਪੱਥਰ ਨੂੰ ਮੁੜ ਕੇ ਚੁਕਿਆ ਤੇ ਇਕ ਕਮਰੇ ਵਿਚ ਲੈ ਜਾ ਕੇ ਰਖਿਆ।

ਉਹ ਕਾਫੀ ਵੱਡਾ ਕਮਰਾ ਸੀ, ਜਿਸ ਵਿਚ ਥਾਂ-ਥਾਂ ਛੋਟੇ-ਵੱਡੇ ਪੱਥਰ ਪਏ ਹੋਏ ਸਨ। ਵੇਖ ਕੇ ਉਸ ਪੱਥਰ ਨੂੰ ਪਹਿਲਾਂ ਤਾਂ ਹੈਰਾਨੀ ਹੋਈ ਤੇ ਫੇਰ ਖੁਸ਼ੀ ਹੋਈ ਕਿ ਉਹ ਆਪਣੀ ਬਿਰਾਦਰੀ ਵਿਚ ਆ ਗਿਆ ਸੀ। ਤਦ ਉਹ ਉਹਨਾਂ ਪੱਥਰਾਂ ਨੂੰ ਇਕ-ਇਕ ਕਰਕੇ ਗਹੁ ਨਾਲ ਵੇਖਣ ਲੱਗਾ। ਉਹ ਕਈ ਸ਼ਕਲਾਂ ਤੇ ਰੰਗਾਂ ਦੇ ਪੱਥਰ ਸਨ। ਕਈ ਪੱਥਰ ਤਾਂ ਆਦਮੀਆਂ ਦੀਆਂ ਸ਼ਕਲਾਂ ਦੇ ਸਨ। ਉਹਨਾਂ 'ਚੋਂ ਕੁਝ ਸ਼ਕਲਾਂ ਅਧੂਰੀਆਂ ਸਨ। ਤੇ ਉਹ ਸਾਰੀਆ ਹੀ ਅਜੀਬ-ਅਜੀਬ ਸ਼ਕਲਾਂ ਸਨ। ਉਹ ਉਹਨਾਂ ਲੋਕਾਂ ਵਰਗੀਆਂ ਨਹੀਂ ਸਨ, ਜਿਹਨਾਂ ਨੂੰ ਉਹ ਆਮ ਤੌਰ 'ਤੇ ਵੇਖਿਆ ਕਰਦਾ ਸੀ।

ਕੁਝ ਹੀ ਚਿਰ ਪਿਛੋਂ ਉਹ ਆਦਮੀ ਉਸ ਕੋਲ ਆਇਆ ਤੇ ਇਕ ਗਿੱਲੇ ਕਪੜੇ ਨਾਲ ਉਸ ਨੂੰ ਸਾਫ ਕਰਨ ਲੱਗਾ। ਵੇਖਦੇ-ਵੇਖਦੇ ਉਸ ਦਾ ਕਾਲਾ ਰੰਗ ਚਮਕ ਉਠਿਆ ਤੇ ਉਸ ਦੇ ਇਕ ਹਿੱਸੇ ਦਾ ਚਿੱਟੀਆਂ ਧਾਰੀਆਂ ਵਾਲਾ ਸੂਹਾ-ਭੂਰਾ ਰੰਗ ਹੋਰ ਵੀ ਨਿਖਰ ਆਇਆ। ਫੇਰ, ਉਸ ਆਦਮੀ ਨੇ ਤੀਲੀ ਚੁੱਕ ਕੇ ਉਸ ਦੇ ਇਕ ਸਿਰੇ 'ਤੇ ਰਖੀ ਤੇ ਉਸ 'ਤੇ ਹਥੌੜੇ ਦੀ ਸੱਟ ਮਾਰੀ। ਪੱਥਰ ਦਹਿਲ ਉਠਿਆ। ਫੇਰ ਤਾਂ ਕਈ ਹੋਰ ਸੱਟਾਂ ਪਈਆਂ। ਉਸ ਆਦਮੀ ਦੇ ਹੱਥਾਂ ਵਿਚ ਬੜੀ ਫੁਰਤੀ ਸੀ, ਤੇ ਉਹ ਬੜੀ ਤੇਜ਼ੀ ਨਾਲ ਕੰਮ ਕਰ ਰਿਹਾ ਸੀ। ਅਖੀਰ, ਪੱਥਰ ਚੋਂ ਇਕ ਸ਼ਕਲ ਉਭਰੀ, ਤਾਂ ਉਸ ਆਦਮੀ ਨੇ ਉਸ ਨੂੰ ਕੁਝ ਮਿੰਟ ਗਹੁ ਨਾਲ ਵੇਖਿਆ ਤੇ ਮੁੜ ਕੰਮ ਵਿਚ

ਰੁੱਝ ਗਿਆ। ਉਸ ਦੀਆਂ ਅੱਖਾਂ ਦੀ ਚਮਕ ਵਧਦੀ ਗਈ। ਉਸ ਚਮਕ ਵਿਚ ਖੁਸ਼ੀ ਸੀ, ਦਿਲਚਸਪੀ ਸੀ, ਤ੍ਰਿਪਤੀ ਸੀ। ਹੁਣ ਉਹ ਪੱਥਰ ਨੂੰ ਛੋਟੇ-ਛੋਟੇ ਸੰਦਾਂ ਨਾਲ ਤਰਾਸ਼ਣ ਲਗਾ ਸੀ ਤੇ ਉਸ ਦੇ ਹੱਥਾਂ ਵਿਚ ਬੜੀ ਨਰਮੀ ਸੀ।

ਕੁਝ ਦਿਨਾਂ ਪਿਛੋਂ ਉਹ ਪੱਥਰ ਇਕ ਨਿੱਕੀ ਜਹੀ ਕੁੜੀ ਦਾ ਚਿਹਰਾ ਬਣ ਗਿਆ—ਸੁਪਨਿਆਂ ਭਰੀਆ ਅੱਖਾਂ ਵਾਲਾ, ਬੜਾ ਹੀ ਪਿਆਰਾ ਤੇ ਭੋਲਾ ਭਾਲਾ ਚਿਹਰਾ। ਉਸ ਦੇ ਰੰਗ ਵਿਚ ਅਜਿਹੀ ਚਮਕ ਪੈਦਾ ਹੋ ਗਈ ਸੀ ਕਿ ਉਹ ਕਾਲੇ ਦੀ ਥਾਂ ਸਉਲਾ ਲਗਣ ਲਗਾ ਸੀ। ਤੇ ਉਸ ਦਾ ਸਿਰ ਸੂਹੇ-ਭੂਰੇ ਰੰਗ ਦਾ ਸੀ, ਜਿਸ ਵਿਚ ਚਿੱਟੀਆਂ ਧਾਰੀਆਂ ਲਿਸ਼ਕਣ ਲਗੀਆਂ ਸਨ।

ਲੋਕ ਉਥੇ ਆਉਂਦੇ, ਤਾਂ ਉਨ੍ਹਾਂ ਦੀ ਨਜ਼ਰ ਉਸ ਚਿਹਰੇ 'ਤੇ ਪੈਣੋ ਨਾ ਰਹਿੰਦੀ, ਤੇ ਉਹ ਉਸ ਦੀ ਪ੍ਰਸੰਸਾ ਕਰਦੇ ਹੋਏ ਦੇਰ ਤਾਈਂ ਵੇਖਦੇ ਰਹਿੰਦੇ! ਕਦੇ ਕੋਈ ਉਸ ਦਾ ਮੁੱਲ ਪੁਛਦਾ, ਤਾਂ ਉਹ ਆਦਮੀ ਪੰਦਰਾਂ ਸੌ ਰੁਪਏ ਦਸਦਾ।

ਅਖੀਰ, ਇਕ ਦਿਨ ਇਕ ਤੀਵੀਂ ਉਸ ਨੂੰ ਖਰੀਦ ਕੇ ਲੈ ਗਈ। ਉਸ ਨੇ ਉਸ ਨੂੰ ਆਪਣੇ ਡਰਾਇੰਗ ਰੂਮ ਵਿਚ ਲੈ ਜਾ ਕੇ ਰਖਿਆ। ਉਥੇ ਜੋ ਵੀ ਉਸ ਨੂੰ ਵੇਖਦਾ, ਉਸ ਦੀ ਪ੍ਰਸੰਸਾ ਕੀਤੇ ਬਿਨਾਂ ਨਾ ਰਹਿੰਦਾ ਤੇ ਉਸ ਦਾ ਮੁੱਲ ਸੁਣ ਕੇ ਹੈਰਾਨੀ ਪ੍ਰਗਟ ਕਰਦਾ ਹੋਇਆ ਕਹਿੰਦਾ, "ਏਨੀ ਵੱਡੀ ਕੀਮਤ !...ਉਂਜ, ਪੱਥਰ ਵਿਚ ਜਿਵੇਂ ਜਾਨ ਪੈ ਗਈ ਏ। ਸੱਚਮੁੱਚ, ਬਹੁਤ ਵਧੀਆ ਕਲਾ-ਕਿਰਤ ਏ।..."

[ਬੀ-19, ਸਨ ਐਂਡ ਸੀ, ਵਰਸੋਵਾ ਰੋਡ, ਬੰਬਈ-61]

□

ਸੁਖਬੀਰ ਦੀਆਂ ਰਚਨਾਵਾਂ

ਨਾਵਲ :

ਸੜਕਾਂ ਤੇ ਕਮਰੇ
ਗਰਦਸ਼
ਰਾਤ ਦਾ ਚਿਹਰਾ
ਪਾਣੀ ਤੇ ਪੁਲ

ਕਹਾਣੀ-ਸੰਗ੍ਰਹਿ :

ਬਾਰੀ ਵਿਚਲਾ ਸੂਰਜ
ਕੱਲੀਆਂ ਕਾਰੀਆਂ
ਮਿੱਟੀ ਤੇ ਮਨੁੱਖ

ਗ਼ਜ਼ਲ

ਨਿਰੰਜਨ ਸਿੰਘ ਨੂਰ

ਚਿੜੀ ਦੀ ਲਲਕਾਰ ਨੇ ਇਕ ਬਾਜ਼ ਕੱਚਾ ਖਾ ਲਿਆ
ਰੋਹ ਭਰੀ ਕੀੜੀ ਨੇ ਇਕ ਮਦ-ਮਸਤ ਹਾਥੀ ਢਾ ਲਿਆ

ਇਕ ਤੇ ਇਕ ਇਕ ਹੁੰਦਾ, ਇਸ਼ਕ ਦਾ ਜਿਥੇ ਸੁਆਲ
ਪਾਣੀਆਂ ਵਿਚ ਲੀਕ ਪਾ ਪਾ ਕੇ ਕਿਸੇ ਅਜ਼ਮਾ ਲਿਆ

ਹਵਸ ਹੈ ਪੀੜਾਂ ਦੀ ਮਾਂ, ਦੁੱਖਾਂ ਦੀ ਮਾਂ, ਭੁੱਖਾਂ ਦੀ ਮਾਂ
ਦਾਤਿਆਂ ਨੇ ਪੀੜ ਦੀ ਮਾਂ ਦਾ ਕਲੇਜਾ ਖਾ ਲਿਆ

ਹਰਨ ਹੋਇਆ ਕਾਗ਼ਜ਼ਾਂ ਦਾ ਸ਼ੇਰ ਗਿੱਦੜ ਵਾਂਗਰਾਂ
ਅੱਜ ਗਊਆਂ ਨੇ ਕਸਾਈ ਕਿਵੇਂ ਅੱਗੇ ਲਾ ਲਿਆ

ਜ਼ੁਲਮ ਕਰਨਾ ਪਾਪ ਹੈ ਤੇ ਜ਼ੁਲਮ ਸਹਿਣਾ ਘੋਰ ਪਾਪ
ਤਸਬੀਆਂ ਨੇ ਅੰਤ ਨੂੰ ਤਲਵਾਰ ਨੂੰ ਹੱਥ ਪਾ ਲਿਆ

ਅੱਜ ਕਿਸੇ ਨੇ ਸੀਸ ਦੇ ਕੇ ਫੇਰ ਅੰਮ੍ਰਿਤ ਵੰਡਿਆ
ਫਿਰ ਕਿਸੇ ਨੇ ਬਰਫ਼ ਨੂੰ ਫੌਲਾਦ ਅੰਦਰ ਢਾਲਿਆ

ਕੋਈ ਟੀਸੀ ਕੋਈ ਦੂਰੀ ਸਿਦਕ ਦੀ ਹਾਨਣ ਨਹੀਂ
ਹਿੰਮਤੀ ਪੈਰਾਂ ਨੇ ਆਖਰ ਮੰਜ਼ਲਾਂ ਨੂੰ ਜਾ ਲਿਆ

ਸੁੱਟ ਦਿਤੀ ਬੇਕਸੀ ਦੀ ਬੇਸੁਰੀ ਬੇਕਾਰ ਬੀਨ
ਜੋਗੀਆਂ ਨੇ ਨਾਗ ਦੀ ਵਰਮੀ 'ਚ ਭਾਂਬੜ ਬਾਲਿਆ

ਨੌਂ ਗਜ਼ੇ ਦੀ ਹਿੱਕ ਤੇ ਖੰਣਾ ਖਲੋਤਾ ਗਾ ਰਿਹਾ
ਵੇਖ ਕੇ ਜਾਣਾ ਨਜ਼ਾਰਾ ਦੂਰ ਜਾਵਣ ਵਾਲਿਆ

[18, ਕਰਜ਼ਨ ਰੋਡ, ਵੂਲਵਰ ਹੈਂਪਟਨ, ਯੂ. ਕੇ.]

ਹੱਥ

ਨਛੱਤਰ ਸਿੰਘ

ਅੰਦਰ ਬੈਠੇ ਘੋਗੇ ਦੇ ਕੰਨੀਂ ਜਦੋਂ ਇਹ ਭਿਣਕ ਪਈ ਤਾਂ ਉਸ ਨੂੰ ਲੱਗਿਆ ਜਿਵੇਂ ਉਸ ਨੂੰ ਜਿਉਂਦੇ ਨੂੰ ਹੀ ਬਲਦੀ ਚਿਖਾ ਤੇ ਬਿਠਾ ਦਿੱਤਾ ਹੋਵੇ। ਆਪਣੇ ਅੰਦਰ ਬਲ ਰਹੀ ਅੱਗ ਦੇ ਸੇਕ ਨਾਲ ਉਸ ਦੀਆਂ ਅੱਖਾਂ ਲਾਲ-ਸੂਹੀਆਂ ਹੁੰਦੀਆਂ ਜਾ ਰਹੀਆਂ ਸਨ ਤੇ ਉਸਦੇ ਡੌਲਿਆਂ ਦੀਆਂ ਫਰਕਦੀਆਂ ਮਛਲੀਆਂ ਮਾਰੂਥਲ ਦੇ ਸੜਦੇ ਰੇਤ 'ਤੇ ਭੁੱਜ ਜਾਣ ਲਈ ਉਸਲਵੱਟੇ ਲੈ ਰਹੀਆਂ ਸਨ। ਆਪਣੇ ਪਿੰਡੇ 'ਤੇ ਜੰਮੀ ਹੋਈ ਗਰਦ ਨੂੰ ਝਾੜ ਕੇ ਪਰ੍ਹਾਂ ਸੁੱਟ ਦੇਣਾ ਲੋਚਦੀ ਕੋਣੇ 'ਚ ਖੜੀ ਸੱਤ ਪੋਰੀਆਂ ਦੀ ਡਾਂਗ ਅੱਜ ਕਿਸੇ ਦੇ ਡੌਲਿਆਂ ਦਾ ਜ਼ੋਰ ਦੇਖਣ ਲਈ ਘੋਗੇ ਵੱਲ ਇਕ ਟੱਕ ਦੇਖੀ ਜਾ ਰਹੀ ਸੀ।

ਭੜੀਂਅ ਉਹਲਿਓਂ ਉੱਠ ਜਦੋਂ ਘੋਗਾ ਢਾਬ ਤੇਨੂੰ ਆਇਆ ਤਾਂ ਢਾਬ ਕੰਢੇ ਬੈਠ ਪਾਣੀ ਪੀ ਰਹੀ ਗੋਲੇ ਕਬੂਤਰਾਂ ਦੀ ਡਾਰ ਉਸ ਦੀ ਪੈੜ-ਚਾਲ ਸੁਣਕੇ ਲਹਿੰਦੇ ਵਲ ਨੂੰ ਭੱਜ ਤੁਰੀ ਅਤੇ ਖੰਭਾਂ ਦੇ ਫੜ-ਫੜਾਉਣ ਦੀ ਆਵਾਜ਼ ਉਨ੍ਹਾਂ ਦੇ ਕਿੰਨੀ ਹੀ ਦੂਰ ਚਲੇ ਜਾਣ ਤੋਂ ਬਾਅਦ ਵੀ ਵਾਤਾਵਰਣ ਦੀ ਚੁੱਪ ਨੂੰ ਮੱਠਾ ਮੱਠਾ ਤੋੜਦੀ ਰਹੀ। ਘੋਗਾ ਉੱਡ ਗਏ ਕਬੂਤਰਾਂ ਦੇ ਰਾਹ ਵਲ ਨੂੰ ਖੜ੍ਹਾ ਦੇਖਦਾ ਰਿਹਾ। ਪਾਣੀ ਪੀ ਰਹੇ ਕਬੂਤਰ ਅੱਗੇ ਕਦੇ ਵੀ ਉਸਦੀ ਪੈੜ-ਚਾਲ ਸੁਣਕੇ ਨਹੀਂ ਸਨ ਉੱਡੇ ਪਰ ਅੱਜ ਤਾਂ ਉਸਦੇ ਨੇੜੇ ਆਉਣ ਤੋਂ ਵੀ ਪਹਿਲਾਂ ਹੀ ਉਨ੍ਹਾਂ ਦੇ ਉਡਾਰੀ ਮਾਰ ਜਾਣ ਬਾਰੇ ਉਸਨੂੰ ਸਮਝ ਨਹੀਂ ਸੀ ਆ ਰਹੀ। ਉਸ ਨੇ ਗਰਦਨ ਘੁਮਾ ਕੇ ਪਿੱਛੇ ਨੂੰ ਦੇਖਿਆ। ਭੜੀਂਅ ਦੇ ਪਰਲੇ ਪਾਰ ਤਿੰਨ ਚਾਰ ਖੱਤੇ ਲੰਘ ਕੇ ਕਿੱਕਰ ਲਾਗੇ ਕੁਤਰਾ ਕਰ ਰਹੀ ਟੋਕੇ ਵਾਲੀ ਮਸ਼ੀਨ ਨਾਲ ਅਸਮਾਨ ਵਲ ਨੂੰ ਉਠਦਾ ਗਰਦਾ ਕਿਸੇ ਵਾ-ਵਰੋਲੇ ਵਾਂਗ ਲਗ ਰਿਹਾ ਸੀ ਅਤੇ ਕਾਲੇ ਤੇਲ ਵਾਲੇ ਇੰਜਣ ਦੀ 'ਤੁਕ' 'ਤੁਕ' ਕਰਦੀ ਆਵਾਜ਼ ਉਸਦੇ ਇਕੋ ਸਾਹੇ ਚਲਦੇ ਹੋਣ ਦਾ ਸਬੂਤ ਦਿੰਦੀ ਘੋਗੇ ਦੇ ਊਂਘਲਾਅ ਰਹੇ ਮਨ ਨੂੰ ਜਗਾਉਣ ਲਈ ਚੌਕੀਦਾਰੇ ਦਾ ਕੰਮ ਕਰ ਰਹੀ ਲੱਗਦੀ ਸੀ। ਉਸ ਗਰਦੇ ਦੇ ਪਰਲੇ ਪਾਸੇ ਠੰਢਾ ਪੈ ਚੱਲੇ ਸੂਰਜ ਦੇ ਗੋਲੇ ਦਾ ਰੰਗ ਗੂੜ੍ਹਾ ਹੁੰਦਾ ਹੁੰਦਾ ਫਿੱਕਾ ਪੈਣ ਲਗ ਪਿਆ ਸੀ।

ਢਾਬ ਤੋਂ ਹੱਥ ਧੋ ਉਹ ਕੁਤਰਾ ਕਰ ਰਹੀ ਮਸ਼ੀਨ ਵਲ ਨੂੰ ਤੁਰ ਪਿਆ। ਤਿੰਨ ਚਾਰ ਦਿਨਾਂ ਦਾ ਉਨੀਂਦਾ ਹੋਣ ਕਾਰਨ ਉਸ ਦੀਆਂ ਅੱਖਾਂ ਮੱਲੋ ਮੱਲੀ ਮਿਚਦੀਆਂ ਜਾਂਦੀਆਂ ਸਨ ਅਤੇ ਕਈ ਵਾਰ ਤਾਂ ਵੱਟਾਂ 'ਚ ਠੇਡੇ ਲੱਗ ਲੱਗ ਉਹ ਡਿੱਗਦਾ ਡਿੱਗਦਾ ਮਸਾਂ ਹੀ ਬਚਿਆ ਸੀ। ਪੋਲੇ ਪੋਲੇ ਜਿਹੇ ਕਦਮ ਪੁੱਟਦਾ ਉਹ ਮਸ਼ੀਨ ਲਾਗ ਪਹੁੰਚ ਗਿਆ। ਪਾਖਰ ਤੇ ਨੀਲਾ ਦਬਾਦਵ ਥੱਬੇ ਭਰ ਭਰ ਸੁੱਚੇ ਲਾਗੇ ਸੁੱਟ ਰਹੇ ਸਨ ਅਤੇ ਸੁੱਚਾ ਮਸ਼ੀਨ ਲਾਗ ਨੀਵੀਂ ਪਾਈ ਖੜ੍ਹਾ ਰੁੱਗ ਲਾਉਣ 'ਚ ਮਗਨ ਸੀ। ਉਸਦੇ ਹੱਥ ਵੀ ਮਸ਼ੀਨ ਵਾਂਗ ਹੀ ਚਲ ਰਹੇ ਸਨ। ਉਸਦਾ ਮੂੰਹ-ਸਿਰ ਖੱਦਰ ਦੇ ਪਰਨੇ ਨਾਲ ਲਪੇਟਿਆ ਹੋਇਆ ਸੀ। ਸਿਰਫ਼ ਉਸ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਹੀ ਐਧਰ ਉਧਰ ਘੁੰਮ ਰਹੀਆਂ ਸਨ। ਉਸ ਦੀ ਨਿਗਰਾਨੀ ਕਰ ਰਿਹਾ ਬਚਨੇ ਨੰਬਰਦਾਰ ਦਾ ਵੱਡਾ ਮੁੰਡਾ

ਕਮਿੱਕਰ ਥੋੜੀ ਦੂਰ ਹੀ ਪਰ੍ਹਾਂ ਕਿੱਕਰ ਦੇ ਲੰਮੇ ਹੁੰਦੇ ਜਾਂਦੇ ਪ੍ਰਛਾਵੇਂ 'ਚ ਮੰਜਾ ਡਾਹੀ ਬੈਠਾ ਸੀ। ਘੋਗੇ ਨੇ ਵਾਰੇ ਵਾਰੀ ਉਨ੍ਹਾਂ ਸਾਰਿਆਂ ਵਲ ਦੇਖਿਆ। ਅੱਜ ਉਸਦਾ ਕੰਮ ਕਰਨ ਨੂੰ ਉੱਕਾ ਹੀ ਚਿੱਤ ਨਹੀਂ ਸੀ ਮੰਨਦਾ। ਉਸ ਦੀਆਂ ਅੱਖਾਂ 'ਚ ਰੜਕਦੀ ਤਿੰਨ ਚਾਰ ਰਾਤਾਂ ਦੀ ਨੀਂਦ ਕਾਰਣ ਉਸਦਾ ਸਿਰ ਭਾਰਾ ਭਾਰਾ ਹੋਇਆ ਪਿਆ ਸੀ। ਉਸਦਾ ਚਿੱਤ ਕੀਤਾ ਕਿ ਉਹ ਕਰਚਿਆਂ ਵਾਲੇ ਵਾਹਣ ਵਿਚ ਹੀ ਲੰਮਾ ਪੈ ਜਾਏ ਅਤੇ ਉੱਨਾ ਚਿਰ ਉਸ ਨੂੰ ਕੋਈ ਨਾ ਜਗਾਏ ਜਦੋਂ ਤਕ ਉਸਦੀ ਨੀਂਦ ਪੂਰੀ ਨਹੀਂ ਹੋ ਜਾਂਦੀ।

ਉਸ ਨੂੰ ਇਸ ਤਰ੍ਹਾਂ ਖੜਾ ਦੇਖ ਕਮਿੱਕਰ ਗੋਡਿਆਂ 'ਤੇ ਹੱਥ ਧਰਕੇ ਉਠਿਆ ਅਤੇ ਗਰਦ ਤੋਂ ਬਚਣ ਲਈ ਖਾਲ ਦੇ ਪਰਲੇ ਪਾਸੇ ਦੀ ਹੁੰਦਾ ਹੋਇਆ ਘੋਗੇ ਵਲ ਨੂੰ ਵਧਿਆ।

"ਕੀ ਗੱਲ ਇਉਂ ਖੜ੍ਹਾਂ?" ਕਮਿੱਕਰ ਨੇ ਘੋਗੇ ਦੇ ਲਾਗੇ ਆਉਂਦਿਆਂ ਕਿਹਾ।

ਕਮਿੱਕਰ ਦਾ ਬੋਲ ਸੁਣ ਅਤੇ ਉਸਨੂੰ ਕੋਲ ਆ ਗਿਆ ਦੇਖ ਘੋਗੇ ਨੂੰ ਲੱਗਿਆ ਜਿਵੇਂ ਉਹ ਚੋਰੀ ਕਰਦਾ ਪਾੜ 'ਚੋਂ ਹੀ ਫੜਿਆ ਗਿਆ ਹੋਵੇ।

"ਊਈਂ।" ਘੋਗੇ ਨੇ ਕੁਤਰੇ ਵਾਲੀ ਮਸ਼ੀਨ ਵਲ ਨੂੰ ਤੇਜ਼ ਤੇਜ਼ ਤੁਰਨ ਦੀ ਕੋਸ਼ਿਸ਼ ਕਰਦਿਆਂ ਕਿਹਾ। ਪਹਿਲਾਂ ਤਾਂ ਉਸ ਨੂੰ ਕੁਝ ਵੀ ਨਹੀਂ ਸੀ ਸੁਝਿਆ ਕਿ ਕੀ ਜੁਆਬ ਦੇਵੇ।

"ਮੀਂਹ ਕਣੀ ਜਿਹੇ ਦੇ ਡਰੋਂ ਈ ਆ, ਨਹੀਂ ਆਪਾਂ ਨੂੰ ਕੇਹੜਾ ਕਾਹਲੀ ਆ।" ਕਮਿੱਕਰ ਨੇ ਉਸ ਨੂੰ ਤੁਰ ਪਿਆ ਦੇਖ ਕਿਹਾ।

ਘੋਗੇ ਨੇ ਤੁਰੇ ਜਾਂਦਿਆਂ ਕਮਿੱਕਰ ਦੀ ਗੱਲ ਸੁਣ ਕੇ ਇਕ ਵਾਰ ਉਹਦੇ ਵਲ ਗਰਦਨ ਘੁਮਾ ਕੇ ਦੇਖਿਆ ਜਿਵੇਂ ਕੁਝ ਕਹਿਣਾ ਹੋਵੇ ਪਰ ਉਹ ਬਿਨਾਂ ਕੁਝ ਕਹਿਣ ਤੋਂ ਹੀ ਫੇਰ ਅੱਗੇ ਨੂੰ ਤੁਰ ਪਿਆ।

"ਮੈਂ ਚਾਹ ਧਰਦਾਂ ਥੋੜੇ ਵਾਸਤੇ। ਕਰਦਾਂ ਥੋਨੂੰ ਕੰਡੇ 'ਤੇ। ਤੂੰ ਤਾਂ ਕੋਹੜੀਆ ਉਈਂ ਦਿਲ ਛੱਡੀ ਫਿਰਦਾਂ। ਜਦੋਂ ਸਿੱਟੀ ਮੱਕੀ ਦੇ ਦਾਣੇ ਜਿੰਨੀ ਅੰਦਰ ਤੂੰ ਤਾਂ ਫੇਰ ਊਰੀ ਆਂਗੂ ਘੂਕਦੇ ਨੇ ਫਿਰਨਾ।" ਕਮਿੱਕਰ ਨੇ ਆਥਣ ਵੇਲੇ ਦੀ ਚਾਹ ਨਾਲ ਲਿਬੜੇ ਪਏ ਪਤੀਲੇ ਨੂੰ ਚੁਕਦਿਆਂ ਕਿਹਾ।

ਘੋਗਾ ਮਸ਼ੀਨ ਦੇ ਪਾੜਛੇ ਦੇ ਸੱਜੇ ਪਾਸੇ ਜਾ ਖੜ੍ਹਿਆ ਅਤੇ ਸੁੱਚੇ ਦੇ ਨਾਲੋ ਨਾਲ ਹੀ ਮਸ਼ੀਨ 'ਚ ਰੁੱਗ ਲਾਉਣ ਲੱਗ ਪਿਆ। ਭਾਵੇਂ ਰੁੱਗ ਲਾਉਂਦਿਆਂ ਉਸਦੇ ਹੱਥ ਕਾਫੀ ਤੇਜ਼ ਚਲ ਰਹੇ ਸਨ ਪਰ ਉਸਦਾ ਅੰਦਰ ਉੱਨਾ ਹੀ ਢਿੱਲਾ ਢਿੱਲਾ ਹੋਇਆ ਪਿਆ ਸੀ।

ਕਮਿੱਕਰ ਨੇ ਕਿੱਕਰ ਦੀਆਂ ਜੜ੍ਹਾਂ 'ਚ ਪਏ ਘੜੇ ਨੂੰ ਨਿਵਾ ਕੇ ਪਤੀਲੇ 'ਚ ਥੋੜ੍ਹਾ ਜਿਹਾ ਪਾਣੀ ਪਾ ਕੇ ਮਾੜਾ ਜਿਹਾ ਧੋਣ ਤੋਂ ਬਾਅਦ ਅੱਧਾ ਕੁ ਪਤੀਲਾ ਕਰਕੇ, ਵੱਟ ਨਾਲ ਦੋ ਕੁ ਡਲੇ ਖੜੇ ਕਰਕੇ ਬਣਾਏ ਹੋਏ ਚੁਲ੍ਹੇ 'ਤੇ ਜਾ ਟਿਕਾਇਆ। ਕਣਕ ਦੀ ਥੋੜ੍ਹੀ ਜਿਹੀ ਨਾਲੀ ਥੱਲੇ ਕਰਕੇ ਅੱਗ ਮਚਾ ਦਿਤੀ। ਪਰਨੇ ਦੇ ਲੜ ਬੰਨ੍ਹੇ ਹੋਏ ਗੁੜ ਦੀ ਇਕੋ ਇਕ ਵੱਡੀ ਸਾਰੀ ਡਲੀ ਅਤੇ ਲੱਪ ਭਰਕੇ ਚਾਹ ਦੀ ਠੰਡੇ ਪਾਣੀ 'ਚ ਹੀ ਸੁੱਟ ਦਿੱਤੀ। ਦੋ ਤਿੰਨ ਮਿੰਟ ਉਹ ਮੱਚ ਰਹੀ ਅੱਗ ਨੂੰ ਦੇਖਦਾ ਰਿਹਾ। ਫੇਰ ਉਸਨੂੰ ਜਿਵੇਂ ਕੁਝ ਯਾਦ ਆ ਗਿਆ ਹੋਵੇ—ਉਸ ਨੇ ਕਾਹਲੀ ਕਾਹਲੀ ਗੀਝੇ 'ਚ ਹੱਥ ਮਾਰਿਆ ਅਤੇ ਇਕ ਚਿਲਕਵੀਂ ਜਿਹੀ ਡੱਬੀ ਕੱਢ, ਉਸ 'ਚੋਂ ਬੇਰ ਜਿੰਨੀ ਅਫੀਮ ਪਤੀਲੇ ਅੰਦਰ ਸੂੰ-ਸੂੰ ਕਰ ਰਹੇ ਪਾਣੀ 'ਚ ਸੁੱਟ ਦਿੱਤੀ। ਫੇਰ ਡੱਬੀ ਨੂੰ ਮੁੜ ਗੀਝੇ 'ਚ ਪਾਉਂਦਾ ਨਿਸ਼ਚਿੰਤ ਹੋਕੇ ਥੋੜ੍ਹਾ ਜਿਹਾ ਪਰ੍ਹਾਂ ਨੂੰ ਹੋ ਕੇ ਖੜ੍ਹ ਗਿਆ।

ਘੋਗਾ ਬਚਨੇ ਨੰਬਰਦਾਰ ਕਿਆਂ ਨਾਲ ਦਸ ਮਣ ਦਾਣਿਆਂ ਤੇ ਇਸ ਸ਼ਰਤ ਤੇ ਰਲਿਆ ਸੀ ਕਿ ਉਹ ਉਹਨਾਂ ਨਾਲ ਓਨਾ ਚਿਰ ਕੰਮ ਕਰਾਏਗਾ ਜਦੋਂ ਤਕ ਪਿੜਾਂ ਦੀ ਸਾਂਭ ਸੰਭਾਲੀ ਨਹੀਂ ਹੋ ਜਾਂਦੀ। ਘੋਗੇ ਦਾ ਬਾਪੂ ਜਾਗਰ ਕੁੰਦਨ ਕਾਰੀਗਰ ਨਾਲ ਸ਼ਹਿਰ ਦਿਹਾੜੀ ਤੇ ਜਾਇਆ ਕਰਦਾ ਸੀ। ਕੁੰਦਨ ਰਾਜਗਿਰੀ ਦਾ ਕੰਮ ਕਰਦਾ ਸੀ ਅਤੇ ਜਾਗਰ ਉਸਦਾ ਪੁਰਾਣਾ ਬੇਲੀ ਹੋਣ ਕਾਰਨ ਚਾਰ ਪੰਜ ਸਾਲਾਂ ਤੋਂ ਕੁੰਦਨ ਦੇ ਨਾਲ ਹੀ ਟਿਕਿਆ ਹੋਇਆ ਸੀ। ਜਦੋਂ ਕਦੇ ਅੜੇ ਥੁੜੇ ਕੁੰਦਨ ਨੂੰ ਕੋਈ ਹੋਰ ਬੰਦਾ ਕੰਮ ਤੇ ਲਾਉਣਾ ਪੈਂਦਾ ਤਾਂ ਉਸ ਦਿਨ ਉਸ ਤੋਂ ਅੱਧਾ ਕੰਮ ਵੀ ਨਹੀਂ ਸੀ ਨਿਬੜਦਾ ਪਰ ਜਦੋਂ ਜਾਗਰ ਉਹਦੇ ਨਾਲ ਹੁੰਦਾ ਸੀ ਇੱਟ ਆਪਣੇ ਆਪ ਹੀ ਥਾਂ ਤੇ ਟਿਕਦੀ ਤੁਰੀ ਜਾਂਦੀ। ਜਦੋਂ ਵੀ ਕਿਸੇ ਚੀਜ਼ ਦੀ ਕੁੰਦਨ ਨੂੰ ਲੋੜ ਹੁੰਦੀ ਤਾਂ ਜਾਗਰ ਦਾ ਮਨ ਪਹਿਲਾਂ ਹੀ ਤਾੜ ਜਾਂਦਾ ਕਿ ਕੁੰਦਨ ਨੇ ਹੁਣ ਕੀ ਮੰਗਣਾ ਹੈ। ਕੁੰਦਨ ਉਸਦੀ ਏਸ ਹੁਸ਼ਿਆਰੀ ਨੂੰ ਦੇਖ ਅੰਦਰੇ ਅੰਦਰ ਹੀ ਗਦ ਗਦ ਹੋ ਉਠਦਾ। ਪਤਾ ਨਹੀਂ ਜਾਗਰ ਨਾਲ ਉਸਦਾ ਕਿਹੋ ਜਿਹੇ ਮੋਹ ਦਾ ਰਿਸ਼ਤਾ ਸੀ। ਉਸ ਤੋਂ ਬਗੈਰ ਤਾਂ ਕੰਮ ਤੇ ਆਉਣ ਨੂੰ ਕੁੰਦਨ ਦੀ ਉਈਂ ਵੱਢਿਆਂ ਰੂਹ ਨਹੀਂ ਸੀ ਕਰਦੀ ਅਤੇ ਉਹ ਜਾਗਰ ਤੋਂ ਬਿਨਾਂ ਸਾਰਾ ਦਿਨ ਟੁੱਟਿਆ ਟੁੱਟਿਆ ਜਿਹਾ ਤੁਰਿਆ ਫਿਰਦਾ ਰਹਿੰਦਾ। ਪੰਜ ਛੇ ਮਹੀਨਿਆਂ ਤੋਂ ਤਾਂ ਘੋਗਾ ਵੀ ਜਾਗਰ ਦੇ ਨਾਲ ਹੀ ਸ਼ਹਿਰ ਦਿਹਾੜੀ ਤੇ ਜਾਂਦਾ ਹੁੰਦਾ ਸੀ। ਜਾਗਰ ਤਾਂ ਹੁਣ ਉਈਂ ਰਹਿ ਖੜਿਆ ਸੀ। ਉਸ ਨੂੰ ਤਾਂ ਘਰ ਦੀ ਕਬੀਲਦਾਰੀ ਦੇ ਹੀ ਫਿਕਰ ਵੱਢ ਵੱਢ ਖਾਈ ਜਾਂਦੇ ਸਨ। ਦੂਸਰਾ ਜਦੋਂ ਦੀ ਚਰਨੋ ਪੰਦਰ੍ਹਵਾਂ ਟੱਪੀ ਸੀ ਉਦੋਂ ਦਾ ਤਾਂ ਜਾਗਰ ਉਸ ਨੂੰ ਦਰੋਂ ਉਠਾਉਣ ਬਾਰੇ ਸੋਚਾਂ 'ਚ ਗਰਕਿਆ ਅੰਦਰੇ ਅੰਦਰ ਹੀ ਨਿੱਘਰਦਾ ਜਾ ਰਿਹਾ ਸੀ। ਇਸ ਸਾਲ ਵੀ ਜਾਗਰ ਨੇ ਘੋਗੇ ਨੂੰ ਧੱਕੋ-ਧੱਕੀ ਹੀ ਬਚਨੇ ਨੰਬਰਦਾਰ ਕਿਆਂ ਨਾਲ ਦਸ ਮਣ ਦਾਣਿਆਂ ਤੇ ਰਲਣ ਲਈ ਰਾਜ਼ੀ ਕੀਤਾ ਸੀ। ਪਹਿਲੇ ਤਿੰਨ ਚਾਰ ਦਿਨ ਤਾਂ ਘੋਗਾ ਉਈਂ ਬਿਟਰਿਆ ਬੈਠਾ ਰਿਹਾ। ਮਸਾਂ ਜਾਗਰ ਦੇ ਅਤੇ ਕੁੰਦਨ ਦੇ ਵਾਰ ਵਾਰ ਕਹਿਣ ਸੁਣਨ ਤੇ ਉਹ ਕੰਮ ਤੇ ਜਾਣ ਲਈ ਰਾਜ਼ੀ ਹੋਇਆ ਸੀ।

"ਸੁੱਚਿਆ ਪਹਿਲਾਂ ਚਾਹ ਪੀ ਲੋ ਠੰਢੀ ਹੁੰਦੀ ਆ।" ਕਮਿੱਕਰ ਨੇ ਚਾਹ ਵਾਲਾ ਪਤੀਲਾ ਚੁਲ੍ਹੇ ਤੋਂ ਭੁੰਜੇ ਲਾਹ ਕੇ ਰੱਖਦਿਆਂ ਹੋਕਰਾ ਮਾਰਿਆ।

"ਆਏ।" ਸੁੱਚੇ ਨੇ ਚਲ ਰਹੇ ਇੰਜਣ ਦੀ ਆਵਾਜ਼ 'ਚ ਆਪਣੀ ਵੀ ਚੀਕਵੀਂ ਜਿਹੀ ਆਵਾਜ਼ ਰਲਾਉਂਦਿਆਂ ਜੁਆਬ ਮੋੜਿਆ।

ਝੱਟ ਹੀ ਉਹ ਇੰਜਣ ਬੰਦ ਕਰਕੇ ਚਾਹ ਪੀਣ ਆ ਬੈਠੇ। ਕਮਿੱਕਰ ਨੇ ਸਾਰਿਆਂ ਨੂੰ ਬਾਟੀਆਂ ਧਰ ਭਰ ਫੜਾ ਦਿੱਤੀਆਂ।

"ਘੋਗਿਆ, ਕੀ ਗੱਲ ਅੱਜ ਢਿੱਲਾ ਜਿਹਾ ਫਿਰਦੈਂ ?" ਸੁੱਚੇ ਨੇ ਚਾਹ ਵਾਲੀ ਬਾਟੀ ਚੁਕਦਿਆਂ ਕਿਹਾ।

"ਉਈਂ ਚਿੱਤ ਜਿਹਾ ਠੀਕ ਨੀ।" ਘੋਗੇ ਨੇ ਘੁਟਵੀਂ ਜਿਹੀ ਆਵਾਜ਼ ਵਿਚ ਕਿਹਾ।

"ਲੈ ਫੜ ਤੇਰਾ ਚਿੱਤ ਕਰੜਾ ਕਰੀਏ।" ਕਮਿੱਕਰ ਨੇ ਮੱਕੀ ਦੇ ਦਾਣੇ ਜਿੰਨੀ ਅਫੀਮ ਘੋਗੇ ਦੀ ਤਲੀ ਤੇ ਰੱਖਦਿਆਂ ਕਿਹਾ।

ਘੋਗੇ ਨੇ ਚੁਪ-ਚੁਪੀਤਿਆਂ ਹੀ ਅਫੀਮ ਚਾਹ ਦੀ ਘੁਟ ਨਾਲ ਸੰਘੋਂ ਹੇਠਾਂ ਕਰ ਲਈ ਅਤੇ ਪਰਨੇ ਦੇ ਲੜ ਨਾਲ ਮੁੜ੍ਹਕਾ ਪੂੰਝਦਾ ਪੂੰਝਦਾ ਕਮਿੱਕਰ ਦੇ ਸਿਰ ਉਤੋਂ ਦੀ ਲੰਮੀ ਨਜ਼ਰ ਸੁੱਟਦਾ ਪਿੰਡ ਵਲ ਨੂੰ ਦੇਖਣ ਲੱਗ ਪਿਆ। ਰਾਤ ਨੇ ਅਸਮਾਨੋਂ ਉਤਰਨਾ ਸ਼ੁਰੂ ਕਰ ਦਿੱਤਾ ਸੀ

ਅਤੇ ਦਰਖਤਾਂ ਦੇ ਝੁੰਡਾਂ ਵਿਚੋਂ ਦੀ ਪਿੰਡ ਦੇ ਘਰਾਂ 'ਚ ਜਗਦੀਆਂ ਬੱਤੀਆਂ ਦਾ ਚਾਨਣ ਜਗਦੇ ਬੁਝਦੇ ਟਟਿਆਣਿਆਂ ਵਾਂਗ ਚਮਕਦਾ ਦਿਖ ਰਿਹਾ ਸੀ।

"ਚਾਹ ਵੀ ਤੂੰ ਤਾਂ ਕਸੂਤੇ ਟੈਮ ਈ ਬਣਾ ਲੀ। ਰੋਟੀ ਕੇਹੜੇ ਵਖਤ ਖਾਵਾਂਗੇ?" ਨੀਲੇ ਨੇ ਬਾਟੀ ਖਾਲੀ ਕਰਕੇ ਵੱਟ ਤੇ ਰੱਖਦਿਆਂ ਕਿਹਾ।

"ਏਹਦੇ ਨਾਲ ਕਿਹੜਾ ਰੱਜਣਾ। ਮਾੜਾ ਜਿਹਾ ਮੁੜਕਾ ਆਇਆ ਨੀ ਤੇ ਚਾਹ ਦਾ ਹਿਸਾਬ-ਕਤਾਬ ਬਰੋਬਰ ਹੋਇਆ ਨੀ।" ਪਾਖਰ ਨੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਅੱਖਾਂ ਦਿਆਂ ਭਰਵੱਟਿਆਂ 'ਚ ਫਸੇ ਨੀਰੇ ਦੇ ਕਣ ਝਾੜਦਿਆਂ ਆਖਿਆ।

"ਕਮਿੱਕਰਾ, ਰੋਟੀ ਲੈਣ ਕੋਈ ਗਿਆ ਜਾਂ ਤੂੰ ਜਾਣਾ?" ਨੀਲੇ ਨੇ ਉਠਦਿਆ ਪੁਛਿਆ।

"ਬਾਪੂ ਤਾਂ ਦਿਨ ਛਿਪੇ ਦਾ ਗਿਆ ਹੋਇਆ! ਹੁਣ ਤਾਂ ਕਿਤੇ ਆਉਂਦਾ ਈ ਹੋਊ। ਮੈਂ ਕਹਿ ਕੇ ਵੀ ਤੋਰਿਆ ਸੀ ਬਈ ਕਾਮਿਆਂ ਦੀ ਰੋਟੀ ਸੰਦੇਹਾਂ ਸੰਦੇਹਾਂ ਅੱਪੜਦੀ ਕਰ ਦਿਓ।" ਕਮਿੱਕਰ ਨੇ ਉਠਕੇ ਪਿੰਡ ਵਲ ਨੂੰ ਝਾਕਦਿਆਂ ਕਿਹਾ।

ਦੋ ਕੁ ਮਿੰਟ ਐਧਰਲੀਆਂ ਉਧਰਲੀਆਂ ਗੱਲਾਂ ਮਾਰਨ ਤੋਂ ਬਾਅਦ ਉਹ ਫੇਰ ਇੰਜਣ ਚਲਾ ਕੁਤਰਾ ਕਰਨ ਜਾ ਲੱਗੇ।

—ਅਫੀਮ ਦਾ ਭੋਰਾ ਅੰਦਰ ਜਾਂਦਿਆਂ ਘੋਗੇ ਦਾ ਚਿੱਤ ਮਾੜਾ ਜਿਹਾ ਸੂਤ ਹੋ ਚੱਲਿਆ ਸੀ। ਹੁਣ ਉਸਦੇ ਹੱਥ ਵੀ ਪਹਿਲਾਂ ਨਾਲੋਂ ਤੇਜ਼ ਚਲ ਰਹੇ ਸਨ ਅਤੇ ਉਹਦਾ ਮਨ ਵੀ ਕੰਮ 'ਚ ਖੁੱਭਦਾ ਜਾ ਰਿਹਾ ਸੀ। ਤੇਜ਼ ਚਲਦੇ ਹੱਥਾਂ ਨਾਲ ਉਹਦਾ ਦਿਮਾਗ ਵੀ ਉਨਾ ਹੀ ਤੇਜ਼ ਘੁੰਮ ਰਿਹਾ ਸੀ। ਦਸ ਮਣ ਦਾਣਿਆਂ ਦੇ ਹਿਸਾਬ-ਕਿਤਾਬ ਵਿੱਚੋਂ ਦੀ ਲੰਘਦਾ ਹੋਇਆ ਉਹ ਚਰਨੋ ਦੇ ਵਿਆਹ ਦੀ ਗੱਲ ਤੇ ਆ ਕੇ ਰੁਕ ਗਿਆ। ਜਿਵੇਂ ਇਸ ਤੋਂ ਅੱਗੇ ਉਸ ਦੀ ਸੋਚ ਪੈਰ ਪੁਟਣੋ ਕੰਨੀ ਕਤਰਾਅ ਰਹੀ ਹੋਵੇ।

"ਘੋਗਿਆ ਐਤਕੀਂ ਮਹਿੰਗੇ ਸਸਤੇ ਆਪਾਂ ਚਰਨੋ ਨੂੰ ਬੂਹਿਓਂ ਉਠਾ ਈ ਦੇਣਾ ਏ। ਏਸ ਬਾਰੇ ਤੈਨੂੰ ਆਪ ਵੀ ਮਾੜਾ ਮੋਟਾ ਫਿਕਰ ਹੋਣਾ ਚਾਹੀਦਾ ਏ।" ਜਾਗਰ ਦੀ ਕਹੀ ਏਹ ਗੱਲ ਮੁੜ ਮੁੜ ਘੋਗੇ ਦੇ ਦਿਮਾਗ 'ਚ ਚੱਕਰ ਲਾ ਰਹੀ ਸੀ।

ਜਿਉਂ ਜਿਉਂ ਅਫੀਮ ਦਾ ਨਸ਼ਾ ਘੋਗੇ ਦੇ ਸਿਰ ਨੂੰ ਚੜ੍ਹਦਾ ਗਿਆ ਤਿਉਂ ਤਿਉਂ ਹੀ ਉਸਦੇ ਦਿਮਾਗ ਅੰਦਰਲੀ ਉਥਲ-ਪੁਥਲ 'ਚ ਵਾਧਾ ਹੁੰਦਾ ਤੁਰਿਆ ਜਾ ਰਿਹਾ ਸੀ।

"ਦਸ ਮਣ ਦਾਣਿਆਂ 'ਚੋਂ ਪੰਜ ਮਣ ਤਾਂ ਘਰ ਵਾਸਤੇ ਰੱਖ ਲਾਂਗੇ। ਬਾਕੀ ਦੇ ਪੰਜ ਮਣ ਵੇਚ ਕੇ ਕੱਪੜਾ ਲੀੜਾ ਅਤੇ ਹੋਰ ਨਿੱਕਾ ਮੋਟਾ ਸਮਾਨ ਖਰੀਦਿਆ ਜਾਊ। ਚਲੋ ਸਿਰੋਂ ਭਾਰ ਤਾਂ ਲਹੂ।" ਘੋਗਾ ਦਸ ਮਣ ਦਾਣਿਆਂ ਦੇ ਗੇੜ 'ਚ ਉਲਝਿਆ ਸੋਚੀ ਜਾ ਰਿਹਾ ਸੀ।

ਅਚਾਨਕ ਹੀ ਘੋਗੇ ਦੀ ਦਬਵੀਂ ਜਿਹੀ ਚੀਕ ਉਭਰੀ ਅਤੇ ਉਸਦੇ ਸੱਜੇ ਪਾਸੇ ਖੜ੍ਹੇ ਸੁੱਚੇ ਦੇ ਕੰਨਾਂ ਨੂੰ ਲੂੰਹਦੀ ਇੰਜਣ ਦੀ ਆਵਾਜ਼ 'ਚ ਹੀ ਗੁਆਚ ਗਈ। ਸੁੱਚੇ ਨੇ ਭੱਜ ਕੇ ਇੰਜਣ ਲਾਗ ਪਈ ਸੰਲਘ ਚੁੱਕੀ ਅਤੇ ਪੁਲੀ ਤੇ ਚਲਦਾ ਪਟਾ ਲਾਹ ਫੇਰ ਉਨ੍ਹੀਂ ਪੈਰੀਂ ਹੀ ਘੋਗੇ ਵਲ ਨੂੰ ਭੱਜਿਆ ਆਇਆ। ਘੋਗਾ ਕਣਕ ਦੇ ਥੱਬੇ ਤੇ ਢੂਹੀ ਪਰਨੇ ਡਿਗਿਆ ਪਿਆ ਸੱਪ ਵਾਂਗ ਮੇਲ੍ਹ ਰਿਹਾ ਸੀ। ਪਾਖਰ ਨੇ ਜੱਫਾ ਭਰ ਕੇ ਉਸ ਨੂੰ ਮੰਜੇ ਤੇ ਲਿਆ ਪਾਇਆ। ਘੋਗੇ ਦੀਆਂ ਦੋਵੇਂ ਬਾਹਵਾਂ ਕੂਹਣੀਆਂ ਤੋਂ ਥੱਲੇ ਤੱਕ ਵਿੱਚੇ ਹੀ ਕੁਤਰੀਆਂ ਗਈਆਂ ਸਨ। ਉਸ ਦੇ ਦੋਵਾਂ ਪਾਸਿਆਂ

ਤੋਂ ਫੁਹਾਰਿਆਂ ਵਾਂਗ ਵਹਿੰਦਾ ਲਹੂ ਪਾਖਰ ਦੇ ਅਤੇ ਘੋਗੇ ਦੇ ਸਾਰੇ ਲੀੜੇ ਗੱਚ ਕਰ ਗਿਆ।

ਏਨੇ ਨੂੰ ਕਮਿੱਕਰ ਵੀ ਪਿੰਡ ਵਲੋਂ ਆਉਂਦੇ ਪਹੇ ਵਲੋਂ ਭੱਜ ਕੇ ਉਨ੍ਹਾਂ ਦੇ ਲਾਗੇ ਆ ਪਹੁੰਚਿਆ।

"ਪਾਖਰਾ ਭੱਜ ਕੇ ਆਪਣੀ ਮੋਟਰ ਤੇ ਜਾ। ਉਥੇ ਸਣ ਦੀਆਂ ਸੱਥਰੀਆਂ ਥੱਲਿਓਂ ਦਾਰੂ ਦੀ ਇੱਕ ਬੋਤਲ ਲਿਆ ਕੱਢ ਕੇ।" ਕਮਿੱਕਰ ਨੇ ਮੰਜੇ ਤੇ ਤੜਫਦੇ ਘੋਗੇ ਵਲ ਦੇਖਦਿਆਂ ਕਿਹਾ।

ਪਾਖਰ ਉਸੇ ਵੇਲੇ ਸੂਟ ਵੱਟ ਕੇ ਮੋਟਰ ਵਲ ਨੂੰ ਭੱਜ ਤੁਰਿਆ ਅਤੇ ਸੁੱਚਾ ਆਪਣੇ ਸਿਰ ਤੋਂ ਪੱਗ ਲਾਹ ਕੇ ਘੋਗੇ ਦੀਆਂ ਕੱਟੀਆਂ ਹੋਈਆਂ ਦੋਵੇਂ ਬਾਹਵਾਂ ਤੇ ਹੌਲੀ ਹੌਲੀ ਲਪੇਟਣ ਲਗ ਪਿਆ। ਪੱਗ ਲਪੇਟਦਿਆਂ ਉਹਦੀਆਂ ਦੋਵੇਂ ਬਾਹਵਾਂ ਲਹੂ ਨਾਲ ਗੱਚ ਹੋ ਗਈਆਂ ਅਤੇ ਦਰਦ ਨਾਲ ਸੱਪ ਵਾਂਗ ਵਿਹੁ ਘੋਲਦੇ ਘੋਗੇ ਦਾ ਮੂੰਹ ਦੇਖਿਆ ਨਹੀਂ ਸੀ ਜਾਂਦਾ। ਮੰਜੇ ਦੇ ਸਿਰਹਾਣੇ ਵਲ ਨੀਲਾ ਲਾਲਟੈਨ ਫੜੀ ਘੋਗੇ ਦੇ ਉਪਰ ਵਲ ਨੂੰ ਝੁਕਿਆ ਸਹਮਿਆ ਜਿਹਾ ਖੜ੍ਹਾ ਸੀ। ਲਾਲਟੈਨ ਦੇ ਮੱਧਮ ਜਿਹੇ ਚਾਨਣ ਵਿੱਚ ਵੀ ਘੋਗੇ ਦੇ ਬੁੱਲ੍ਹਾਂ 'ਚੋਂ ਪਤਲੀ ਪਤਲੀ ਜਿਹੀ ਝੱਗ ਨਿਕਲ ਨਿਕਲ ਕੇ ਉਸਦੀ ਖੱਬੀ ਗੱਲ੍ਹ ਦੇ ਹੇਠਾਂ ਵਲ ਨੂੰ ਵਹਿੰਦੀ ਤੁਰੀ ਜਾਂਦੀ ਦੇਖੀ ਜਾ ਸਕਦੀ ਸੀ।

"ਨੀਲਿਆ, ਔਹ ਬਾਟੀ ਲਿਆ ਚੱਕ ਕੇ।" ਕਮਿੱਕਰ ਨੇ ਦਾਰੂ ਦੀ ਬੋਤਲ ਲਈ ਭੱਜੇ ਆਉਂਦੇ ਪਾਖਰ ਦੀ ਪੈੜ-ਚਾਲ ਸੁਣਦਿਆਂ ਕਿਹਾ।

ਨੀਲੇ ਨੇ ਵੱਟ ਤੇ ਪਈ ਬਾਟੀ ਲਿਆ ਕੇ ਕਮਿੱਕਰ ਦੇ ਹੱਥ ਦੇ ਦਿਤੀ ਅਤੇ ਉਸੇ ਪਲ ਹੀ ਸਾਹੋ ਸਾਹ ਹੋਇਆ ਪਾਖਰ ਵੀ ਉਨ੍ਹਾਂ ਦੇ ਲਾਗੇ ਆ ਖੜ੍ਹਿਆ। ਕਮਿੱਕਰ ਨੇ ਪਾਖਰ ਹੱਥੋਂ ਬੋਤਲ ਫੜ, ਬਾਟੀ ਅੱਧੀ ਕਰਕੇ ਧੱਕੋ-ਧੱਕੀ ਘੋਗੇ ਦੇ ਅੰਦਰ ਸੁਟ ਦਿੱਤੀ। ਘੋਗੇ ਨੇ ਧੁੜਧੁੜੀ ਜਿਹੀ ਲੈਂਦਿਆਂ ਦਾਰੂ ਸੰਘੋਂ ਹੇਠਾਂ ਕਰ ਲਈ ਅਤੇ ਫੇਰ ਪਹਿਲਾਂ ਵਾਂਗ ਹੀ ਬੇ-ਸੁਰਤਾ ਜਿਹਾ ਹੋਇਆ ਐਧਰ ਉਧਰ ਸਿਰ ਮਾਰਨ ਲਗ ਪਿਆ।

ਅੱਧੇ ਪੌਣੇ ਘੰਟੇ ਦੀ ਭੱਜ ਦੌੜ ਕਰਨ ਤੋਂ ਬਾਅਦ ਘੋਗਾ ਮਾੜਾ ਜਿਹਾ ਟਿਕ ਗਿਆ। ਸ਼ਾਇਦ ਦਾਰੂ ਦੇ ਨਸ਼ੇ ਨਾਲ ਉਸਦਾ ਦਰਦ ਮੱਠਾ ਹੋ ਚੱਲਿਆ ਸੀ।

"ਚਲੋ ਏਹਨੂੰ ਪਿੰਡ ਲੈ ਚੱਲੀਏ।" ਸੁੱਚੇ ਨੇ ਪਾਖਰ ਵਲ ਇਸ਼ਾਰਾ ਕਰਕੇ ਘੋਗੇ ਦੇ ਮੰਜੇ ਦੇ ਸਿਰਹਾਣੇ ਵੱਲ ਹੱਥ ਪਾਉਂਦਿਆਂ ਕਿਹਾ।

"ਚਲੋ।" ਪਾਖਰ ਪੈਂਦੀਆਂ ਵਲ ਹੱਥ ਪਾ ਕੇ ਮੰਜੇ ਨੂੰ ਉਪਰ ਨੂੰ ਉਗਾਸਦਿਆਂ ਬੋਲਿਆ।

ਉਹ ਦੋਵੇਂ ਮੰਜਾ ਚੁਕ ਕੇ ਪਿੰਡ ਵਲ ਨੂੰ ਤੁਰ ਪਏ। ਨੀਲਾ ਵੀ ਉਨ੍ਹਾਂ ਦੇ ਮਗਰੇ ਮਗਰ ਹੋ ਤੁਰਿਆ।

"ਇਕ ਜਾਣਾ ਤਾਂ ਏਥੇ ਰਹੋ। ਹੋਰ ਨਾ ਕੋਈ ਮਗਰੋਂ ਦਾਅ ਈ ਲਾਜੇ।" ਕਮਿੱਕਰ ਨੇ ਨੀਲੇ ਨੂੰ ਨਾਲ ਤੁਰਿਆ ਆਉਂਦਾ ਦੇਖ ਕਿਹਾ।

ਨੀਲੇ ਨੇ ਕਮਿੱਕਰ ਵਲ ਘੂਰ ਕੇ ਦੇਖਿਆ ਅਤੇ ਬੇਵਸੀ ਜੇਹੀ 'ਚ ਪੈਰ ਮਲਦਾ ਮਲਦਾ ਉਥੇ ਹੀ ਖੜ ਗਿਆ। ਫੇਰ ਉਹ ਉਨ੍ਹਾਂ ਨੂੰ ਹਨੇਰੇ 'ਚ ਤੁਰਿਆਂ ਜਾਂਦਿਆਂ ਨੂੰ ਉਦੋਂ ਤਕ ਦੇਖਦਾ ਰਿਹਾ ਜਦੋਂ ਤੱਕ ਉਸ ਦੀਆਂ ਦੋਵੇਂ ਅੱਖਾਂ ਸਿੱਲ੍ਹੀਆਂ ਨਾ ਹੋ ਗਈਆਂ।

* * *

ਘੋਗੇ ਦੀਆਂ ਦੋਵੇਂ ਬਾਹਵਾਂ ਤੇ ਪੱਟੀਆਂ ਬੰਨੀਆਂ ਜਾ ਚੁਕੀਆਂ ਸਨ ਅਤੇ ਦੁਆਈਆਂ ਦੇ ਨਸ਼ੇ ਕਾਰਨ ਉਹ ਅੱਖਾਂ ਮੀਚੀ ਗੂਹੜੀ ਨੀਂਦ ਸੁੱਤਾ ਪਿਆ ਸੀ। ਘੋਗੇ ਦੇ ਸਰ੍ਹਾਣੇ ਬੈਠਾ ਜਾਗਰ ਉਸਦੇ ਗਰਮ ਗਰਮ ਮੱਥੇ ਤੇ ਪੋਲਾ ਪੋਲਾ ਹੱਥ ਫੇਰ ਰਿਹਾ ਸੀ। ਉਸ ਦੇ ਪੈਰਾਂ ਵਲ ਬੈਠੀ ਘੋਗੇ ਦੀ ਮਾਂ ਕਿਸ਼ਨੀ ਉਸ ਦੀਆਂ ਲੱਤਾਂ ਘੁਟ ਰਹੀ ਸੀ ਅਤੇ ਸੱਜੀ ਬਾਹੀ ਤੇ ਸਿੱਲ੍ਹੀਆਂ ਅੱਖਾਂ ਕਰੀ ਬੈਠੀ ਚਰਨੋ ਘੋਗੇ ਦੀਆਂ ਬਾਹਵਾਂ ਤੇ ਬੰਨ੍ਹੀਆਂ ਹੋਈਆਂ ਪੱਟੀਆਂ ਵਲ ਇਕ ਟਕ ਦੇਖੀ ਹੀ ਜਾ ਰਹੀ ਸੀ ਜੋ ਦੁਆਈ ਨਾਲ ਪੀਲੀਆਂ ਹੋਈਆਂ ਪਈਆਂ ਸਨ ਅਤੇ ਉਨ੍ਹਾਂ ਦੇ ਲਾਗਲੇ ਬਿਸਤਰੇ ਤੇ ਪਿਆ ਇਕ ਬਿਰਧ ਬੜੀ ਔਖਿਆਈ ਨਾਲ ਖੰਘਦਾ ਇਕੋ ਸਾਹੇ 'ਹਾਏ' 'ਹਾਏ' ਕਰ ਰਿਹਾ ਸੀ ਅਤੇ ਉਸ ਤੋਂ ਅਗਲੇ ਬਿਸਤਰੇ ਤੇ ਪਈ ਇਕ ਅੱਧ-ਖੜ੍ਹ ਜਿਹੀ ਤੀਵੀਂ ਐਧਰ ਉਧਰ ਪਾਸੇ ਪਲਟਦੀ ਸਿਰ ਮਾਰ ਰਹੀ ਸੀ। ਉਸ ਦੇ ਸਿਰ੍ਹਾਣੇ ਬੈਠਾ ਆਦਮੀ ਉਸ ਦੀਆਂ ਹਰਕਤਾਂ ਨੂੰ ਇਕ ਟਕ ਦੇਖੀ ਜਾ ਰਿਹਾ ਸੀ। ਬਸ ਵਿਚ ਵਿਚ ਦੀ ਕਦੇ ਕਦੇ ਆਪਣਾ ਸੱਜਾ ਹੱਥ ਵਧਾ ਕੇ ਉਸਦਾ ਸਿਰ ਫੜਦਾ ਅਤੇ ਹੌਲੀ ਜਿਹੇ ਉਸਨੂੰ ਕੁਝ ਕਹਿੰਦਾ ਪਰ ਉਸਦੇ ਸਿਰ ਛੱਡਦਿਆਂ ਉਹ ਫੇਰ ਪਹਿਲਾਂ ਵਾਂਗ ਹੀ ਕਰਨ ਲੱਗ ਪੈਂਦੀ ਉਸ ਤੋਂ ਅੱਗੇ ਵੀ ਦੋ ਬਿਸਤਰੇ ਸਨ ਜੋ ਖਾਲੀ ਪਏ ਸਨ ਅਤੇ ਸਭ ਤੋਂ ਅਖੀਰਲੇ ਬਿਸਤਰੇ ਤੇ ਪਏ ਇਕ ਮਰੀਜ਼ ਕੋਲ ਦੋ ਨਰਸਾਂ ਚਿੱਟੇ ਕੱਪੜਿਆਂ ਵਿਚ ਐਧਰ ਉਧਰ ਘੁੰਮਦੀਆਂ 'ਗੁਟਕੂੰ' 'ਗੁਟਕੂੰ' ਕਰਦੀਆਂ ਲਗਦੀਆਂ ਸਨ। ਡਾਕਟਰ ਉਸ ਮਰੀਜ਼ ਨੂੰ ਦੇਖ ਕੇ ਉਨ੍ਹਾਂ ਦੋਹਾਂ ਨਰਸਾਂ ਚੋਂ ਇਕ ਨੂੰ ਕੁਝ ਹਦਾਇਤਾਂ ਜਿਹੀਆਂ ਦਿੰਦਾ ਲੰਮੇ ਲੰਮੇ ਕਦਮ ਪੁਟਦਾ ਕਮਰੇ ਤੋਂ ਬਾਹਰ ਹੋ ਗਿਆ ਅਤੇ ਨਰਸਾਂ ਕਾਹਲੀ ਕਾਹਲੀ ਉਸ ਮਰੀਜ਼ ਦੇ ਲਾਗ ਹੀ ਪਏ ਮੇਜ਼ ਤੋਂ ਇਕ ਸ਼ੀਸ਼ੀ ਚੁਕ ਉਸਨੂੰ ਦੁਆਈ ਪਿਆਉਣ 'ਚ ਰੁੱਝ ਗਈਆਂ। ਜਮਾਂਦਾਰ ਬਰਾਂਡੇ 'ਚ ਪੱਲੀ ਫੇਰਦਾ ਦੋਹਾਂ ਨਰਸਾਂ ਵਲ ਉਡਦੀ ਜਿਹੀ ਨਜ਼ਰ ਸੁਟਦਾ ਅੱਗੇ ਲੰਘ ਗਿਆ।

ਚਰਨੋ ਇਹ ਸਭ ਕੁਝ ਨੂੰ ਬੜੇ ਹੀ ਗਹੁ ਨਾਲ ਦੇਖ ਰਹੀ ਸੀ ਪਰ ਅਚਾਨਕ ਹੀ ਜਦੋਂ ਘੋਗੇ ਦੇ ਪਾਸਾ ਪਰਤਣ ਨਾਲ ਉਸਦੇ ਹੂੰਗਣ ਦੀ ਆਵਾਜ਼ ਉਹਦੇ ਕੰਨੀਂ ਪੈਂਦੀ ਤਾਂ ਉਹ ਆਪਣੇ ਖਿੰਡਦੇ ਜਾਂਦੇ ਧਿਆਨ ਨੂੰ ਇਕੋ ਦਮ ਇਕੱਠਾ ਕਰਦੀ ਅਤੇ ਆਪਣੀਆਂ ਅੱਖਾਂ ਘੋਗੇ ਦੇ ਸਾਊ ਜਿਹੇ ਚਿਹਰੇ ਤੇ ਟਿਕਾਅ ਦਿੰਦੀ।

"ਵਾਹਿਗੁਰੂ !" ਜਾਗਰ ਨੇ ਉਬਾਸੀ ਲੈ ਦਿਆਂ ਇਕ ਲੰਬਾ ਜੇਹਾ ਹਉਕਾ ਲਿਆ ਅਤੇ ਕਿਸ਼ਨੀ ਵਲ ਨੂੰ ਮੂੰਹ ਕਰਕੇ ਕੁਝ ਕਹਿੰਦਾ ਕਹਿੰਦਾ ਹੀ ਰੁਕ ਗਿਆ।

ਚਰਨੋ ਨੇ ਉਪਰ ਨੂੰ ਅੱਖਾਂ ਚੁਕੀਆਂ ਅਤੇ ਆਪਣੇ ਬਾਪੂ ਦੀਆਂ ਪਾਣੀ ਨਾਲ ਭਰੀਆਂ ਹੋਈਆਂ ਛਲਕਣ ਛਲਕਣ ਕਰਦੀਆਂ ਅੱਖਾਂ ਵਲ ਦੇਖਿਆ। ਉਹ ਦੋ ਕੁ ਪਲ ਆਪਣੇ ਬਾਪੂ ਦੇ ਬਰੀਕ ਬਰੀਕ ਝੁਰੜੀਆਂ 'ਚ ਉਲਝਦੇ ਜਾਂਦੇ ਚਿਹਰੇ ਵਲ ਦੇਖਦੀ ਰਹੀ। ਅੰਤ ਰੋਣਹਾਕੀ ਜਿਹੀ ਹੋ ਉਸਨੇ ਫੇਰ ਨੀਵੀਂ ਪਾ ਲਈ।

ਤੇ ਦਿਨ ਇਕ ਇਕ ਕਰਕੇ ਜਾਗਰ ਦੇ ਘਰ ਦੀ ਨਿੱਘਰਦੀ ਜਾ ਰਹੀ ਹਾਲਤ ਵਾਂਗ ਹੀ ਮਰਦੇ ਤੁਰੇ ਗਏ।

ਹੁਣ ਘੋਗੇ ਦੇ ਜ਼ਖ਼ਮਾਂ ਤੇ ਖਰੀਂਢ ਆ ਚੁਕਿਆ ਸੀ ਪਰ ਡਾਕਟਰਾਂ ਦੇ ਕਹਿਣ ਮੁਤਾਬਕ ਉਸ ਨੂੰ ਅਜੇ ਇਕ ਵਾਰ ਹੋਰ ਮੁਸੀਬਤ ਝੱਲਣੀ ਪੈਣੀ ਸੀ ਕਿਉਂਕਿ ਉਸਦੇ ਰੋਟੀ ਖਾਣ ਦਾ ਬੰਦੋਬਸਤ ਕਰਨ ਲਈ ਕੱਟੇ ਹੋਏ ਦੋਵੇਂ ਟੁੰਡਾਂ ਨੂੰ ਅਪਰੇਸ਼ਨ ਦੁਆਰਾ ਚੀਰਾ ਦੇ ਕੇ ਦੋ ਉਂਗਲੀਆਂ ਦੀ ਸ਼ਕਲ 'ਚ ਵਿਚਕਾਰੋਂ ਕੱਟਣਾ ਪੈਣਾ ਸੀ । ਫੇਰ ਉਹ ਆਪਣੇ ਸਾਹਮਣੇ ਪਈ

ਰੋਟੀ ਦੀਆਂ ਤੋੜ ਕੇ ਰੱਖੀਆਂ ਹੋਈਆਂ ਬੁਰਕੀਆਂ ਬੜੀ ਅਸਾਨੀ ਨਾਲ ਚੁਕ ਕੇ ਖਾ ਸਕਦਾ ਸੀ।

ਹੁਣ ਤਕ ਜਾਗਰ ਦੇ ਸਿਰ ਚਾਰ ਪੰਜ ਸੌ ਰੁਪਿਆ ਵਿਆਜੂ ਵੀ ਚੜ੍ਹ ਚੁਕਿਆ ਸੀ ਅਤੇ ਪਰਸੋਂ ਕਮਿੱਕਰ ਵੀ ਗੱਲੀਂ ਗੱਲੀਂ ਜਾਗਰ ਦੇ ਕੰਨੀਂ ਏਹ ਕੱਢ ਗਿਆ ਕਿ ਘੋਗੇ ਵਾਲੇ ਦਸ ਮਣ ਦਾਣਿਆਂ ਦੇ ਬਣਦੇ ਪੈਸਿਆਂ ਤੋਂ ਸੱਤਰ ਅੱਸੀ ਰੁਪਏ ਉਪਰ ਚੱਲ ਚੁਕੇ ਸਨ। ਜਾਗਰ ਲੈਣੇ ਦੇਣੇ ਦੇ ਰੱਕਰਾਂ 'ਚ ਉਲਝਿਆ ਸਮੇਂ ਤੋਂ ਪਹਿਲਾਂ ਹੀ ਬੁੱਢਾ ਹੁੰਦਾ ਜਾ ਰਿਹਾ ਸੀ ਅਤੇ ਚਰਨੋ ਬਾਰੇ ਸੋਚ ਕੇ ਤਾਂ ਉਹ ਊਈਂ ਰਹਿ ਖੜ੍ਹਦਾ ਕਿ ਹੁਣ ਗੁਜ਼ਾਰਾ ਕਿਵੇਂ ਚੱਲੂ ਪਰ ਉਸਦੀ ਸੋਚ ਦੇ ਉਲਟ ਕਿਵੇ ਨਾ ਕਿਵੇ ਦਿਨ ਰੁੜ੍ਹੀ ਹੀ ਜਾਂਦੇ ਸਨ।

ਦੋ ਢਾਈ ਮਹੀਨਿਆਂ ਬਾਅਦ ਘੋਗੇ ਦਾ ਦੁਬਾਰਾ ਫੇਰ ਅਪਰੇਸ਼ਨ ਕੀਤਾ ਗਿਆ। ਦੋਵੇਂ ਟੁੰਡਾਂ ਨੂੰ ਚੀਰਾ ਦਿੰਦੇ ਸਮੇਂ ਘੋਗੇ ਨੂੰ ਮਮੂਲੀ ਜਿਹੀ ਹੀ ਤਕਲੀਫ ਹੋਈ। ਬੱਸ ਏਸ ਤੋਂ ਵੱਧ ਉਸ ਨੇ ਕੁਝ ਵੀ ਮਹਿਸੂਸ ਨਾ ਕੀਤਾ । ਘੋਗਾ ਅੰਦਰੇ ਅੰਦਰ ਹੀ ਖੁਸ਼ ਹੋ ਰਿਹਾ ਸੀ ਕਿ ਚਲੋ ਆਪਣੇ ਆਪ ਤਾਂ ਰੋਟੀ ਖਾ ਲਿਆ ਕਰੂੰ। ਏਨ੍ਹਾਂ ਦੋ ਢਾਈ ਮਹੀਨਿਆਂ 'ਚ ਕਦੇ ਜਾਗਰ ਹੱਥੋਂ ਕਦੇ ਕਿਸ਼ਨੀ ਹੱਥੋਂ ਅਤੇ ਕਦੇ ਚਰਨੋ ਹੱਥੋਂ ਰੋਟੀ ਖਾਂਦਿਆਂ ਉਹ ਅੱਕ ਜਿਹਾ ਗਿਆ ਸੀ। ਹੱਥਾਂ ਬਾਝੋਂ ਉਸ ਨੂੰ ਆਪਣਾ ਆਪ ਸੱਖਣਾ ਸੱਖਣਾ ਜਾਪਦਾ। ਛੋਟੇ ਹੁੰਦਿਆਂ ਇਕ ਵਾਰ ਉਸ ਨੂੰ ਖਿਆਲ ਆਇਆ ਸੀ ਕਿ ਹੱਥਾਂ ਬਾਝੋਂ ਬੰਦਾ ਕਿਵੇਂ ਰਹਿ ਸਕਦਾ ਏ ਪਰ ਹੁਣ ਜਦੋਂ ਉਸ ਨੂੰ ਬਚਪਨ ਵਾਂਲੀ ਗੱਲ ਯਾਦ ਆਉਂਦੀ ਤਾਂ ਝੱਟ ਹੀ ਉਸ ਦਾ ਮਨ ਹੁੰਘਾਰਾ ਭਰਦਾ ਕਿ ਹੱਥਾਂ ਬਾਂਝੋਂ ਵੀ ਬੰਦਾ ਰਹਿ ਸਕਦਾ ਏ ਜਿਵੇਂ ਉਹ ਆਪ ਹੱਥਾਂ ਬਾਝੋਂ ਜਿਉਂ ਰਿਹਾ ਸੀ।

ਅਪਰੇਸ਼ਨ ਦੇ ਸੱਤ ਅੱਠ ਦਿਨ ਬਾਅਦ ਹਸਪਤਾਲ ਵਾਲਿਆਂ ਨੇ ਉਸ ਨੂੰ ਘਰ ਆਉਣ ਜਾਣ ਬਾਰੇ ਖੁਲ੍ਹ ਦੇ ਦਿੱਤੀ। ਘਰ ਆ ਉਹ ਖੁਲ੍ਹਾ ਖੁਲ੍ਹਾ ਮਹਿਸੂਸ ਕਰਨ ਲੱਗਿਆ। ਉਹ ਦੂਜੇ ਤੀਜੇ ਦਿਨ ਹਸਪਤਾਲੋਂ ਜਾ ਕੇ ਪੱਟੀ ਕਰਵਾ ਆਉਂਦਾ। ਦਿਨੋ ਦਿਨ ਉਸਦੇ ਅੱਲੇ ਜ਼ਖਮਾਂ ਨੂੰ ਆਰਾਮ ਆਉਂਦਾ ਗਿਆ। ਬੰਨ੍ਹੀਆਂ ਹੋਈਆਂ ਪੱਟੀਆਂ ਦੇ ਵਿਚ ਚੀਰਾ ਦੇ ਕੇ ਬਣਾਈਆਂ ਹੋਈਆਂ ਦੋ ਲੰਬੀਆਂ ਲੰਬੀਆਂ ਉਂਗਲਾਂ ਮਾੜਾ ਮਾੜਾ ਹਿੱਲਣ-ਜੁਲਣ ਲਗ ਪਈਆਂ ਸਨ। ਕਈ ਵਾਰ ਉਸ ਨੂੰ ਅਲਕਤ ਜਿਹੀ ਮਹਿਸੂਸ ਹੁੰਦੀ ਕਿ ਸਾਰੀਆਂ ਪੱਟੀਆਂ ਲਾਹ ਕੇ ਪਰੇ ਵਗਾਹ ਮਾਰੇ ਪਰ ਡਾਕਟਰਾਂ ਦੀਆਂ ਹਦਾਇਤਾਂ ਉਸ ਦੇ ਮਨ ਅੰਦਰਲੇ ਉਬਾਲ ਨੂੰ ਝੱਟ ਹੀ ਠੰਢਿਆਂ ਕਰ ਜਾਂਦੀਆਂ। ਪਰਾਏ ਹੱਥੀਂ ਰੋਟੀ ਖਾ ਖਾ ਕੇ ਉਹ ਅੱਕ ਜਿਹਾ ਗਿਆ ਸੀ। ਕਦੇ ਕਦੇ ਉਸ ਦਾ ਮਨ ਬੜਾ ਕਾਹਲਾ ਪੈਂਦਾ ਕਿ ਕਦੋਂ ਉਸ ਦੀਆਂ ਪੱਟੀਆਂ ਖੁਲ੍ਹਣ ਅਤੇ ਕਦੋਂ ਉਹ ਆਪਣੀਆਂ ਉਂਗਲਾਂ ਨਾਲ ਆਪ ਰੋਟੀ ਖਾਵੇ।

ਲੰਘਦੇ ਦਿਨਾਂ ਨੇ ਉਹ ਦਿਨ ਵੀ ਲੈ ਆਂਦਾ ਜਦੋਂ ਉਸ ਦੀਆਂ ਪੱਟੀਆ ਖੋਹਲ ਕੇ ਉਸ ਨੂੰ ਆਪਣੇ ਆਪ ਰੋਟੀ ਖਾਣ ਜੋਗਾ ਕਰ ਦਿੱਤਾ ਗਿਆ। ਪੱਟੀਆਂ ਖੋਲ੍ਹਣ ਤੋਂ ਬਾਅਦ ਜਦੋਂ ਉਂਗਲਾਂ ਚਲਾ ਕੇ ਦੇਖੀਆਂ ਤਾਂ ਉਸ ਦੇ ਮਨ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਸ ਦੇ ਅੰਦਰਲੀ ਸਾਰੀ ਖੁਸ਼ੀ ਉਸ ਦੀਆਂ ਅੱਖਾਂ ਰਾਹੀਂ ਬਾਹਰ ਡੁਲ੍ਹ ਜਾਣਾ ਚਾਹੁੰਦੀ ਸੀ ਪਰ ਜਦੋਂ ਉਸ ਨੇ ਆਪਣੇ ਬਾਪੂ ਅਤੇ ਮਾਂ ਦੇ ਮੂੰਹਾਂ ਤੇ ਲਿੱਪੀ ਪਈ ਚੁੱਪ ਵਲ ਧਿਆਨ ਦਿੱਤਾ ਤਾਂ ਉਸ ਦੀ ਅੱਖਾਂ ਵਿੱਚਲੀ ਖੁਸ਼ੀ ਝਟ ਹੀ ਕਿਧਰੇ ਗੁਆਚ ਗਈ ਅਤੇ ਉਸ ਦੀਆਂ ਖੁਸ਼ੀ ਤੋਂ ਸੱਖਣੀਆਂ ਸੱਖਣੀਆਂ ਹੋ ਗਈਆਂ ਅੱਖਾਂ 'ਚ ਵੀ ਗਹਿਰੀ ਚੁੱਪ ਉਤਰਦੀ ਚਲੀ ਗਈ। ਪਲਾਂ 'ਚ ਹੀ ਉਸ ਦਾ ਸਾਰਾ ਚਿਹਰਾ ਵੀ ਚੁੱਪ 'ਚ ਘਿਰ ਗਿਆ। ਸਾਰਾ ਘਰ ਹੀ ਚੁੱਪ ਨਾਲ ਭਰਿਆ ਪਿਆ ਸੀ।

ਤੇ ਫੇਰ ਲਗਾਤਾਰ ਦਿਨ ਤੋਂ ਬਾਅਦ ਰਾਤ ਅਤੇ ਰਾਤ ਤੋਂ ਬਾਅਦ ਦਿਨ ਲੰਘਦੇ ਚਲੇ ਗਏ ਅਤੇ ਏਸੇ ਸਿਲਸਿਲੇ 'ਚ ਹੀ ਇਕ ਵਰ੍ਹੇ ਦਾ ਸਮਾਂ ਪਲਾਂ ਛਿਨਾਂ ਵਾਂਗ ਹੀ ਬੀਤ ਗਿਆ। ਜਾਗਰ ਪਹਿਲਾਂ ਵਾਂਗ ਹੀ ਕੁੰਦਨ ਨਾਲ ਕੰਮ ਤੇ ਜਾਣ ਲਗ ਪਿਆ ਅਤੇ ਜ਼ਿੰਦਗੀ ਫੇਰ ਪਹਿਲੀ ਤੋਰੇ ਤੁਰਨ ਲਗ ਪਈ ਪਰ ਹੁਣ ਉਸ ਦੀ ਚਾਲ ਕੁਝ ਕੁਝ ਮੱਠੀ ਪੈ ਚੱਲੀ ਸੀ। ਕਿਸ਼ਨੀ ਅਤੇ ਚਰਨੋ ਕਦੇ ਕਦੇ ਕਿਸੇ ਦੇ ਕਪਾਹ-ਫੁੱਟੀ ਚੁਗਣ ਵੀ ਚਲੀਆਂ ਜਾਂਦੀਆਂ ਸਨ। ਸਾਰੇ ਜੀਆਂ ਦੇ ਚਲੇ ਜਾਣ ਤੋਂ ਬਾਅਦ ਘੋਗਾ ਘਰੇ ਇੱਕਲਾ ਹੀ ਰਹਿ ਜਾਂਦਾ ਅਤੇ ਮੰਜੇ ਤੇ ਪਿਆਂ ਉਸ ਨੂੰ ਇਕਲ ਵੱਢ ਵੱਢ ਖਾਂਦੀ ਪਰ ਉਸ ਦੀ ਕੋਈ ਵਾਹ ਨਾ ਚਲਦੀ। ਉਸ ਦਾ ਚਿੱਤ ਕਰਦਾ ਕਿ ਆਪਣੇ ਬਾਪੂ ਦੀ ਬੁੱਢੀ ਹੁੰਦੀ ਜਾਂਦੀ ਦੇਹ ਦਾ ਉਹ ਵੀ ਮਾੜਾ ਮੋਟਾ ਸਹਾਰਾ ਬਣੇ ਪਰ ਕਿਵੇਂ ? ਏਸ 'ਕਿਵੇਂ' ਦਾ ਉਸ ਨੂੰ ਕੋਈ ਵੀ ਹੱਲ ਦਿਖਾਈ ਨਹੀਂ ਸੀ ਦਿੰਦਾ।

ਇਕ ਦਿਨ ਘੋਗਾ ਢਿੱਲਾ ਜਿਹਾ ਹੋਣ ਕਾਰਨ ਕਿਸ਼ਨੀ ਚਰਨੋ ਦੇ ਨਾਲ ਕਪਾਹ ਚੁਗਣ ਨਹੀਂ ਸੀ ਜਾ ਸਕੀ। ਉਸ ਦਿਨ ਚਰਨੋ ਨੂੰ ਬਚਨੇ ਨੰਬਰਦਾਰ ਕਿਆਂ ਦੇ ਕਪਾਹ ਚੁਗਣ ਇਕੱਲੀ ਹੀ ਜਾਣਾ ਪਿਆ। ਦੁਪਹਿਰਾਂ ਵੇਲੇ ਦੀ ਰੋਟੀ ਖਾਣ ਸਮੇਂ ਨਾਲ ਦੀਆਂ ਚੋਣੀਆਂ ਨੇ ਚਰਨੋ ਨੂੰ ਖੂਹ ਤੋਂ ਪਾਣੀ ਲੈਣ ਘੱਲ ਦਿਤਾ। ਅੱਗੇ ਕਮਾਦ ਲਾਗੇ ਸ਼ਹਿ ਲਾਈ ਬੈਠੇ ਕਮਿੱਕਰ ਦਾ ਚਰਨੋ ਨੂੰ ਉਕਾ ਹੀ ਨਹੀਂ ਸੀ ਪਤਾ। ਪਤਾ ਨਹੀਂ ਉਹ ਕਦੋਂ ਕੁ ਦਾ ਤਾੜ 'ਚ ਬੈਠਾ ਸੀ। ਚਰਨੋ ਦੀਆਂ ਕਮਜ਼ੋਰ ਬਾਹਵਾਂ ਦੀ ਉਸ ਅੱਗੇ ਕੋਈ ਪੇਸ਼ ਨਾ ਗਈ ਅਤੇ ਉਹ ਰੋਣ ਤੋਂ ਸਵਾਏ ਕੁਝ ਵੀ ਨਹੀਂ ਸੀ ਕਰ ਸਕੀ। ਫੇਰ ਉਹ ਮਿੱਟੀ ਦੀ ਦੇਹ ਲਈ ਚੋਣੀਆਂ ਵਲ ਨਹੀਂ—ਸਗੋਂ ਆਪਣੇ ਘਰ ਨੂੰ ਮੁੜ ਆਈ ਸੀ। ਕਿਸ਼ਨੀ ਦੇ ਪੁਛਣ ਤੇ ਉਹ ਧਾਹ ਕੇ ਉਸ ਦੀ ਗਰਦਨ ਨੂੰ ਚੁੰਬੜ ਗਈ ਅਤੇ ਕਿੰਨਾ ਹੀ ਚਿਰ ਮਾਂ ਦੀ ਹਿੱਕ ਨਾਲ ਲੱਗੀ ਹਟਕੋਰੇ ਭਰਦੀ ਰਹੀ। ਉਸਦੇ ਫਰਕ ਰਹੇ ਬੁੱਲ੍ਹ ਬੀਤ ਚੁਕੇ ਪਲਾਂ ਨੂੰ ਫੜਨ ਤੋਂ ਅਸਮਰਥ ਹੋ ਗਏ ਜਾਪਦੇ ਸਨ ਪਰ ਉਨ੍ਹਾਂ ਲੰਘ ਗਏ ਪਲਾਂ ਦੀਆਂ ਪੈੜਾਂ ਅਜੇ ਵੀ ਚਰਨੋ ਦੇ ਚਿਹਰੇ ਤੇ ਸਾਮਰਤੱਖ ਝਲਕ ਰਹੀਆਂ ਸਨ।

ਜਦੋਂ ਅੰਦਰ ਬੈਠੇ ਘੋਗੇ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਦੇ ਅੰਦਰਲੇ ਸੇਕ ਨਾਲ ਉਸਦਾ ਪਿੰਡਾ ਇਕ ਦਮ ਹੀ ਭਖ ਉਠਿਆ ਅਤੇ ਉਸ ਦੇ ਡੌਲਿਆਂ ਦੀਆਂ ਫੜਕ ਰਹੀਆਂ ਮਛਲੀਆਂ ਅੱਜ ਪਾਣੀ 'ਚੋਂ ਬਾਹਰ ਆ ਕੇ ਜਿਉਣਾ ਚਾਹੁੰਦੀਆਂ ਸਨ ਪਰ ਉਨ੍ਹਾਂ ਦੀ ਕੋਈ ਵਾਹ ਨਹੀਂ ਸੀ ਜਾਂਦੀ। ਸਾਹਮਣੇ ਸਾਹ ਰੋਕੀ ਖੜੀ ਕਿਸੇ ਮਰਦ ਦੇ ਹੱਥਾਂ ਦੀ ਛੋਹ ਲਈ ਤਰਸੀ ਪਈ ਡਾਂਗ ਆਪਣੇ ਪਿੰਡੇ ਤੇ ਜੰਮੀ ਪਈ ਗਰਦ ਝਾੜ ਦੇਣਾ ਲੋਚਦੀ ਸੀ ਪਰ ਏਸ ਸਭ ਕੁਝ ਲਈ ਦੋ ਹੱਥਾਂ ਦੀ ਲੋੜ ਹੁੰਦੀ ਏ ਅਤੇ ਸਾਹਮਣੇ ਮੰਜੇ ਤੇ ਤਰਲੋ-ਮੱਛੀ ਹੋ ਰਹੇ ਘੋਗੇ ਦੇ ਹੱਥ ਤਾਂ ਅੱਜ ਤੋਂ ਇੱਕ ਡੇਢ ਵਰ੍ਹਾ ਪਹਿਲਾਂ ਹੀ ਕੁਤਰੇ ਵਾਲੀ ਮਸ਼ੀਨ 'ਚ ਆ ਕੇ ਵੱਢੇ ਗਏ ਸਨ।□

[15-ਨਵਾਂ ਜੰਤਾ ਨਗਰ, ਗਿੱਲ ਰੋਡ, ਲੁਧਿਆਣਾ]

ਦੁਚਿੱਤੀ 'ਚੋਂ ਲੰਘਦਿਆਂ

ਗੁਰਭਜਨ ਗਿੱਲ

ਅੰਬਰ ਵਿਚ ਅੱਜ ਤੁਰ ਜਾਵਣ ਨੂੰ,
ਜੀਅ ਕਰਦਾ ਸੀ,
ਇਹ ਹੀ ਸੋਚ ਕੇ ਬੈਠ ਗਿਆ ਹਾਂ
ਖੰਭਾਂ ਤੋਂ ਬਿਨ ਕੀਕਣ ਅੰਬਰੀਂ ਪਹੁੰਚ ਸਕਾਂਗਾ।
ਹੱਥਾਂ ਤੋਂ ਬਿਨ ਕੀਕਣ ਤਾਰੇ ਤੋੜ ਸਕਾਂਗਾ।

ਮਿੱਤਰ ਬੇਲੀ ਆਪਣੀ ਛਾਵੇਂ
ਕੱਲ ਰਾਤੀਂ ਜਦ ਘੂਕ ਪਏ ਸੀ
ਅੱਖ ਬਚਾ ਕੇ ਮੈਂ ਤਾਂ ਉਥੋਂ ਖਿਸਕ ਗਿਆ ਸਾਂ
ਰਾਹ ਵਿਚ ਐਵੇਂ 'ਚਾਣਚੱਕ ਹੀ ਚੇਤੇ ਆਇਆ
'ਚੇਤੇ' ਦਾ ਹੁਣ ਚੇਤਾ ਨਹੀਂ ਹੈ !

ਖ਼ੈਰ ! ਉਹ ਸਹੁਰਾ ਕੁਝ ਵੀ ਹੋਵੇ !
ਇਹ ਹੀ ਸੋਚ ਕੇ ਮੁੜ ਆਇਆ ਸਾਂ
ਏਥੋਂ ਜਾਕੇ ਮਿੱਤਰਾਂ ਦੇ ਅਹਿਸਾਨ ਮੈਂ ਕੀਕਣ ਮੋੜ ਸਕਾਂਗਾ।
ਜੇ ਅੰਬਰੀਂ ਮੈਂ ਟਿਕ ਨਾ ਸਕਿਆ
ਆ ਕੇ ਕੀਕਣ ਮੁੜ ਕੇ ਰਿਸ਼ਤਾ ਜੋੜ ਸਕਾਂਗਾ

ਯਾਰਾਂ ਦੀ ਛਾਵੇਂ ਜਦ ਰੋਜ਼ ਸ਼ਾਮ ਸਾਂ ਬਹਿੰਦੇ
ਕੇਹੇ ਦਿਨ ਸਨ, ਆਪਣੇ ਹੀ ਆਲਮ ਵਿਚ ਡੁੱਬੇ
ਜਿੱਤ ਵਰਗਾ ਅਹਿਸਾਸ ਹਮੇਸ਼ਾਂ,
ਭਾਵੇਂ ਸਾਂ ਹਰ ਵਾਰੀ ਢਹਿੰਦੇ।
ਹੁਣ ਜਦ ਬੜੇ ਹੌਸਲੇ ਬੰਨ੍ਹ ਕੇ
ਮਨ ਵਿਚ ਰੀਝ ਤੁਰਨ ਦੀ ਲੈ ਕੇ ਚੱਲ ਪੈਂਦੇ ਹਾਂ
ਭਾਵੇਂ ਆਖ਼ਰ ਨੂੰ ਜਿੱਤਣਾ ਹੈ-
ਹਰ ਵਾਰੀ ਹੀ ਹਾਰਨ ਦੀ ਗੱਲੋਂ ਹਾਂ ਤਰਹਿੰਦੇ।

ਹੁਣ ਨਹੀਂ ! ਓਦੋਂ, ਬੜੇ ਖ਼ੂਬ ਸੀ ਦੁਸ਼ਮਣ ਮੇਰੇ
ਬਾਰੂਦੀ ਸੁਰੰਗਾਂ ਦੇ ਵਾਂਗੂ ਰਾਹਾਂ ਦੇ ਵਿਚ ਵਿਛੇ ਪਏ ਸੀ
ਭੁੱਲ ਭੁਲੇਖੇ ਜੇਕਰ ਪੈਂਡੇ ਪੈ ਜਾਂਦਾ ਤਾਂ
ਤੂੰਬਾ ਤੂੰਬਾ ਹੋ ਕੇ ਮੈਂ ਤਾਂ ਉੱਡ ਜਾਣਾ ਸੀ

ਪਰ ਹਰ ਵਾਰੀ ਮਿੱਤਰ ਲੰਮੀਆਂ ਬਾਹਾਂ ਵਾਲੇ
ਮਰਦਾਨੇ ਦੀ ਜਿੰਦ ਦੇ ਵਾਂਗੂ
ਰੱਖ ਲੈਂਦੇ ਸੀ !
ਹੁਣ ਵੀ ਕੀ ਹੈ !
ਐਵੇਂ ਹੀ ਦੁਸ਼ਮਣ ਦੀ ਚਾਲੋਂ ਡਰ ਬੈਠਾ ਸਾਂ
ਸੋਚ ਰਿਹਾ ਸਾਂ-ਧਰਤੀ ਉਤੇ ਰਹਿਕੇ ਵੀ ਮੈਂ
ਦੁਸ਼ਮਣ ਦੀਆਂ ਚਾਲਾਂ ਦਾ ਉੱਤਰ ਮੋੜ ਸਕਾਂਗਾ ?
ਤਾਹੀਉਂ ਹੀ ਅੱਜ ਤੁਰ ਜਾਵਣ ਨੂੰ ਜੀਅ ਕਰਦਾ ਸੀ
ਹੁਣ ਤਾਹੀਂਏ ਹੀ ਮੁੜ ਆਇਆ ਹਾਂ
ਹੁਣ ਤਾਂ ਮੈਨੂੰ ਇੰਜ ਲੱਗਦਾ ਹੈ
ਕੀਕਣ ਮੈਂ ਹੁਣ ਸਭ ਦੀ ਭਾਜੀ ਮੋੜ ਸਕਾਂਗਾ
ਆਪਣੇ ਬੁੱਤ ਨੂੰ ਤੋੜ ਸਕਾਂਗਾ
ਟੁੱਟੇ ਬੁੱਤੇ ਨੂੰ ਜੋੜ ਸਕਾਂਗਾ-
ਹੁਣ ਤਾਂ ਮੈਨੂੰ ਇੰਜ ਲੱਗਦਾ ਹੈ,...... ।
ਤਾਹੀਂਏ ਹੀ ਮੈਂ ਮੁੜ ਆਇਆ ਹਾਂ ।

[410, ਕ੍ਰਿਸ਼ਨਾ ਨਗਰ, ਸਿਵਿਲ ਲਾਈਨਜ਼, ਲੁਧਿਆਣਾ]

ਵਿਤਕਰੇ ਬਿਨਾਂ

ਸੰਤੋਖ ਸਿੰਘ ਸੰਤੋਖ

ਇਕ ਕੁੜੀ, ਅੰਗ ਜੁੜੀ ਪਲ ਦੋ ਪਲ
ਚਾਕਲੇਟ ਵਰਗੇ ਚੁੰਮਣ ਉਸਦੇ, ਬਾਂਵਰੀਆਂ ਦੇ ਛੁੰਮਣ ਉਸਦੇ
ਮਾਣਦੇ ਰਹੇ ਪੋਟਿਆਂ ਦਾ ਝੱਲ
ਨੈਣਾਂ ਵਿਚ ਸਾਂਝ ਸਦੀਵੀ, ਜਜ਼ਬਾਤਾਂ ਦੀ ਬੋਲੀ ਸਾਂਝੀ
ਆਵੇ ਨਾ ਮੈਨੂੰ ਉਸਦੀ ਬੋਲੀ
ਨਾ ਸਮਝੇ ਉਹ ਮੇਰੀ ਗੱਲ
ਬੱਸ ਪਲ ਦੋ ਪਲ
ਲੰਡਨ ਤੋਂ ਲੈਸਟਰ ਦਾ ਪੰਧ, ਨਾ ਤੁਰਿਆ ਨਾ ਮੁਕਿਆ
ਮੁੜ ਮੁੜ ਚੱਟਿਆ ਆਪਣਾ ਥੁੱਕਿਆ
ਗਡੀਉਂ ਉਤਰੇ,
ਉਸਦੀ ਮੰਜ਼ਿਲ ਹੋਰ ਸੀ, ਨਵੀਂ ਨਰੋਈ ਤੋਰ ਸੀ
ਮੇਰਾ ਰਸਤਾ ਹੋਰ ਸੀ, ਜਿਵੇਂ ਕੋਈ ਕਾਲਾ ਚੋਰ ਸੀ
ਅਸੀਂ ਫਿਰ ਅਜਨਬੀ ਤੇ ਬੇਰੰਗ
ਉਹ ਗੋਰੀ ਜਿਵੇਂ ਕੋਈ ਸ਼ਾਹ-ਅਸਵਾਰ
ਮੈਂ ਘੋੜਾ ਕਾਲਾ ਮੇਰਾ ਰੰਗ

□

[26, ਐਲਪਾਈਨ ਸਟਰੀਟ, ਰੀਡਿੰਗ, ਯੂ. ਕੇ.]

ਅਪ੍ਰਮਾਣਿਕ-ਇਕ ਸਹਿਜ ਚਿੰਤਨ

ਅਤਰ ਸਿੰਘ

ਹਰ ਰਾਤ ਗਲੀ ਵਿਚ ਮੈਂ ਤੇ ਤਾਰੇ ਕੱਠੇ ਸੌਂਦੇ ਹਾਂ
ਇਕ ਦੂਜੇ ਦੇ ਨਿਸਤੇਜ ਸੁਲਗਦੇ ਅੰਗਾਂ ਦੇ ਸਾਖੀ
ਇਕ ਦੂਜੇ ਦੀ ਨੀਂਦਰ ਵਿਚ ਵੀ ਆਵਣ ਤੋਂ ਸੰਗਦੇ ਹਾਂ

ਹਰ ਸਵੇਰ ਜਦੋਂ ਮੈਨੂੰ ਅਖ਼ਬਾਰੀ ਆਣ ਜਗਾਉਂਦਾ ਹੈ
ਮੈਂ ਖ਼ੂਬ ਸਮਝਦਾ ਹਾਂ ਮੇਰੇ ਘਰ ਸੂਰਜ ਆਇਆ ਹੈ
ਸਭ ਤਾਰੇ ਗਏ ਬੁਹਾਰੇ ਹੁਣ ਮੇਰੀ ਹੀ ਵਾਰੀ ਹੈ

ਤੇ, ਜਦੋਂ ਬੁਹਾਰੀ ਆਣ ਖਰਖਰਾ ਏਸ ਗਲੀ ਦੀ ਪਿੱਠ ਤੇ ਕਰਦਾ ਹੈ
ਮੈਂ ਖ਼ੂਬ ਸਮਝਦਾ ਹਾਂ ਗਲੀ ਹੁਣ ਸਰਪਟ ਦੌੜੇਗੀ
ਮੈਂ ਉਠ ਬੈਠਾਂ
ਨਹੀਂ ਤਾਂ ਮੈਂ ਚੀਣਾ ਚੀਣਾ ਹੋਕੇ ਡਿਗ-ਡੁੱਲ੍ਹ ਜਾਵਾਂਗਾ
ਯਾ ਕਿਸੇ ਨਜ਼ਰ ਦੇ ਤੇਜ਼ ਤਿਮੂੰਹੇ ਕਾਂਟੇ ਵਿਚ ਵਿਝ ਜਾਵਾਂਗਾ
ਬੋਟੀ ਮਾਸ ਜਿਹਾ, ਨੰਗਾ, ਅਧ-ਕੱਚਾ
ਜਿਸ ਨੂੰ ਨ ਕੋਈ ਖਾਵੇਗਾ
ਨ ਤੇਜ਼ ਤਿਮੂੰਹੇ ਕਾਂਟੇ ਦੀ ਸੂਲੀ ਤੋਂ ਹੇਠਾਂ ਲਾਹੇਗਾ।

ਮੇਰਾ ਦਰਵਾਜ਼ਾ ਇਕ ਉਬਾਸੀ ਵਾਂਗੂ ਖੁਲ੍ਹਦਾ ਹੈ
ਮੈਂ ਆਪਣਾ ਆਪਾ ਹੰਝੂ ਗਲੀ 'ਚੋਂ ਅੰਦਰ ਸੁੱਟਦਾ ਹਾਂ
ਮੈਨੂੰ ਹੁਮਸ ਦਾ ਪਰਦਾ ਹੈ
ਮੈਂ ਸਦਾ ਪੁਰੇ ਵਿਚ ਨੰਗਾ ਹਾਂ
ਮੇਰੀ ਘਰ-ਵਾਲੀ ਘਰ ਦਾ ਕੂੜਾ ਹੂੰਝ ਗਲੀ ਵਿਚ ਬਾਹਰ ਸੁਟਦੀ ਹੈ
ਮੈਂ ਡਰਦਾ ਹਾਂ
ਮੇਰੀ ਘਰ ਵਾਲੀ ਮੈਨੂੰ ਕਿਤੇ ਨ ਵੇਖ ਲਏ !

ਹਰਿਭਜਨ ਸਿੰਘ ਦੀ ਇਸ ਕਵਿਤਾ ਨੂੰ ਮੈਂ ਇਕ ਆਧੁਨਿਕ ਕਵੀ ਦੀ ਚੇਤੰਨ ਰਚਨਾ ਪ੍ਰਵਾਣ ਕਰਦਾ ਹਾਂ। ਦਿਨ ਚੜ੍ਹਨ ਜਾਂ ਪ੍ਰਭਾਤ ਦੇ ਬੜੇ ਸੂਖਮ ਚਿੱਤਰ ਹਰ ਭਾਸ਼ਾ ਦੇ ਸਾਹਿਤ ਵਿਚ ਮਿਲਦੇ ਹਨ। ਪੰਜਾਬੀ ਵਿਚ ਗੁਰੂ ਅਰਜਨ ਦੇਵ ਜੀ ਦੀ ਇਹ ਤੁਕ :

"ਚਿੜੀ ਚੁਹਕੀ ਪਹੁ ਫੁਟੀ ਵਗਣ ਬਹੁਤ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮੈ ਰੰਗ ॥"

ਜਾਂ ਵਾਰਸ ਸ਼ਾਹ ਦੀਆਂ ਪ੍ਰਸਿਧ ਤੁਕਾਂ :

"ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ ਪਈਆਂ ਦੁਧ ਦੇ ਵਿਚ ਮਧਾਣੀਆਂ ਨੀ
ਉਠ ਗੁਸਲ ਦੇ ਵਾਸਤੇ ਜਾ ਪਹੁਤੇ ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੀ।"

ਜਾਂ ਮੋਹਨ ਸਿੰਘ ਦੀਆਂ ਅਨੇਕਾਂ ਕਵਿਤਾਵਾਂ ਵਿਚ ਫੁਟਦੀ ਪਹੁ ਜਾਂ ਚੜ੍ਹਦੇ ਸੂਰਜ ਦੇ ਅਨੇਕਾਂ ਮਨ ਮੋਹਕ ਦ੍ਰਿਸ਼ ਮਿਲਦੇ ਹਨ। ਦਿਨ ਦੇ ਫੁਟਣ ਨਾਲ ਰੰਗ ਤੇ ਗੰਧ ਦੀ ਦੁਨੀਆਂ ਕਿਵੇਂ ਜਾਗਦੀ ਹੈ, ਹੁਲਾਸ ਤੇ ਉਤਸ਼ਾਹ ਕਿਵੇਂ ਅੰਗੜਾਈ ਲੈਂਦੇ ਹਨ। ਆਦਿਮ ਮਾਨਵ ਲਈ ਤਾਂ ਸੂਰਜ ਦੈਵੀ ਸ਼ਕਤੀ ਦਾ ਪ੍ਰਤੀਕ ਸੀ ਜਿਸ ਦੇ ਪ੍ਰਕਾਸ਼ਮਾਨ ਹੋਣ ਨਾਲ ਮਨੁਖ ਆਪਣੇ ਚੁਗਿਰਦੇ ਦੇ ਸਾਰੇ ਪ੍ਰਤੱਖ ਅਪ੍ਰਤੱਖ ਭੈਆਂ ਤੋਂ ਸੁਤੰਤਰ ਹੋ ਜਾਂਦਾ ਸੀ। ਪਰੰਤੂ ਹਰਿਭਜਨ ਸਿੰਘ ਦੀ ਇਸ ਕਵਿਤਾ ਵਿਚ ਸੂਰਜ ਜਾਂ ਦਿਨ ਚੜ੍ਹਨ ਦੇ ਨਾਲ ਕੋਈ ਵੀ ਉਸ ਦਾ ਪਰੰਪਰਾਗਤ, ਪ੍ਰਮਾਣੀਕ ਲੱਛਣ ਉਦੈ ਨਹੀਂ ਹੁੰਦਾ। ਨਾ ਚਿੜੀ ਚੂਕਦੀ ਹੈ, ਨਾ ਕਲੀ ਚਟਕਦੀ ਹੈ, ਨਾ ਅੰਮ੍ਰਿਤ ਵੇਲੇ ਦੀ ਠੰਡੀ ਪੌਣ ਰੁਮਕਦੀ ਹੈ, ਨਾ ਘਰਾਂ ਵਿਚੋਂ ਮਧਾਣੀਆਂ ਦਾ ਸੰਗੀਤ ਫੁਟਦਾ ਹੈ। ਕੇਵਲ ਇਤਨੀ ਗੱਲ ਨਹੀਂ ਕਿ ਕਵਿਤਾ ਦਾ ਪਰਿਵੇਸ਼ ਬਦਲ ਗਿਆ ਹੈ, ਕਿ ਅਜੋਕੇ ਭਾਰਤੀ ਸ਼ਹਿਰਾਂ ਵਿਚ ਪ੍ਰਕਿਰਤੀ ਦਾ ਮੌਲਿਕ ਰੰਗ-ਰੂਪ ਨਸ਼ਟ ਹੋ ਗਿਆ ਹੈ। ਇਹ ਵੀ ਸੱਚ ਹੈ, ਪਰ ਇਸ ਤੋਂ ਵੱਡਾ ਸੱਚ ਇਹ ਹੈ ਕਿ ਕਵਿਤਾ ਵਿਚ ਇਕ ਚੇਤੰਨ ਯਤਨ ਹੈ ਪ੍ਰਕਿਰਤੀ ਦੇ ਦ੍ਰਿਸ਼ ਨੂੰ ਉਸ ਦੇ ਪਰੰਪਰਾਗਤ ਸੰਸਰਗਾਂ ਤੋਂ ਸੁਤੰਤਰ ਕਰਨ ਦਾ ਜਿਸ ਦੁਆਰਾ ਸੰਵੇਦਨਾ ਵੀ ਪਰਿਵਰਤਿਤ ਹੋ ਜਾਂਦੀ ਹੈ! ਇਸ ਕਵਿਤਾ ਵਿਚ ਰੁਚੀ-ਕੇਂਦਰ ਪ੍ਰਕਿਰਤੀ ਦਾ ਦ੍ਰਿਸ਼ ਨਹੀਂ, ਪ੍ਰਕਿਰਤੀ ਦੇ ਦ੍ਰਿਸ਼ ਨੂੰ ਨਵੀਂ ਅੱਖ ਨਾਲ ਵੇਖਣ ਵਾਲਾ ਉਹ ਨਾਟਕੀ ਵਿਅਕਤੀ ਹੈ, ਜਿਸ ਨੂੰ ਕਵਿਤਾ ਵਿਚ "ਮੈਂ" ਕਿਹਾ ਗਿਆ ਹੈ। ਇਹ ਮੈਂ ਕਵੀ ਦੀ ਮੈਂ ਨਹੀਂ, ਉਸਦੀ ਚੇਤੰਨ ਰਚਨਾ ਹੈ, ਜਿਸ ਦੁਆਰਾ ਕਵੀ ਇਕ ਆਂਤਰਿਕ ਦ੍ਰਿਸ਼ਟੀ ਨੂੰ ਮੂਰਤੀਮਾਨ ਕਰਨਾ ਲੋਚਦਾ ਹੈ। ਇਸ ਕਵਿਤਾ ਵਿਚ ਸਾਨੂੰ ਜੋ ਕੁਝ ਵੀ ਦਿਸਦਾ ਹੈ, ਉਹ ਵਾਸਤਵ ਵਿਚ ਇਸ ਨਾਟਕੀ ਵਿਅਕਤੀ ਨੂੰ ਦ੍ਰਿਸ਼ਟਮਾਨ ਹੁੰਦਾ ਹੈ। ਅਸੀਂ ਪ੍ਰਕਿਰਤੀ ਨੂੰ ਇਸ ਨਾਟਕੀ ਵਿਅਕਤੀ ਦੇ ਵਿਚੋਂ ਦੀ ਵੇਖਦੇ ਹਾਂ ਅਤੇ ਦ੍ਰਿਸ਼ ਦੇ ਮਾਨਵੀ ਅਰਥ ਦਾ ਪ੍ਰਸੰਗ ਇਸ ਵਿਅਕਤੀ ਦੀ ਦ੍ਰਿਸ਼ਟੀ ਵਿਚ ਹੈ। ਸੂਰਜ ਚੜ੍ਹਦਾ ਨਹੀਂ, ਇਸ ਵਿਅਕਤੀ ਦੇ ਘਰ ਆਉਂਦਾ ਹੈ, ਇਕ ਮਿਹਤਰ ਦੇ ਰੂਪ ਵਿਚ ਜਿਹੜਾ ਤਾਰਿਆਂ ਨੂੰ ਬੁਹਾਰਦਾ ਹੈ। ਤਾਰੇ ਆਕਾਸ਼ ਦੇ ਤਾਰੇ ਵੀ ਹੋ ਸਕਦੇ ਹਨ ਤੇ ਇਸ ਨਾਟਕੀ ਵਿਅਕਤੀ ਦੇ ਨਿਰੋਲ ਵਿਅਕਤੀਗਤ ਨਿਜੀ ਤਾਰੇ ਵੀ। ਮੇਰਾ ਸੂਰਜ, ਮੇਰੇ ਘਰ ਆਉਣ ਵਾਲੇ ਸੂਰਜ ਵਾਂਗ, ਮੇਰੇ ਆਕਾਸ਼ ਤੇ ਲਿਸ਼ਕਣ ਵਾਲੇ ਮੇਰੇ ਤਾਰੇ। ਇਹ ਤਾਰੇ, ਤਾਰੇ ਵੀ ਹਨ ਤੇ ਕੁਝ ਹੋਰ ਵੀ। ਰਾਤ ਸਮੇਂ ਨੀਂਦਰ ਜਾਂ ਅਕਿਰਿਆਸ਼ੀਲਤਾ ਦੁਆਰਾ ਕਿਰਿਆਸ਼ੀਲ ਜਗਤ ਨਾਲੋਂ ਵਿੱਥ ਪੈਣ ਤੇ ਅੰਦਰੋਂ ਜਾਗ ਪੈਣ ਵਾਲੀਆਂ ਰੀਝਾਂ ਜਾਂ ਸੁਪਨੇ ਵਿਵਹਾਰਕ ਜੀਵਨ ਵਿਚ ਜਿਨ੍ਹਾਂ ਨੂੰ ਚੇਤਣ ਦੀ ਕੋਈ ਵਿਹਲ ਨਹੀਂ। ਸੂਰਜ ਦਾ ਚੜ੍ਹਨਾ ਦਿਨ ਦੇ ਰੁਝੇਵਿਆਂ ਦਾ ਜਾਗਣਾ ਹੈ, ਜਿਸ ਵਿਚ ਇਨ੍ਹਾਂ ਰੀਝਾਂ ਤੇ ਸੁਪਨਿਆਂ ਨੂੰ ਹੂੰਝੇ ਬਿਨਾਂ ਵਿਚਰ ਸਕਣਾ ਅਸੰਭਵ ਹੈ। ਸੂਰਜ ਦੇ ਚੜ੍ਹਨ ਨਾਲ, ਮਨੁੱਖ ਆਪਣੇ ਵਿਅਕਤਿਤਵ ਦੇ ਸਾਥ ਤੋਂ ਬਾਹਰ ਨਿਕਲਣ ਲਈ ਮਜਬੂਰ ਹੈ। ਇਹ ਮਜਬੂਰੀ ਅਖਬਾਰੀ, ਬੁਹਾਰੀ ਅਤੇ ਪਤਨੀ ਦੇ ਤਿੰਨ ਜਾਗ੍ਰਿਤ, ਜੀਵੰਤ ਬਿੰਬਾਂ ਦੁਆਰਾ ਮੂਰਤੀਮਾਨ ਹੁੰਦੀ ਹੈ। ਅਖ਼ਬਾਰੀ ਅਖਬਾਰਾਂ ਲੈ ਕੇ ਆਉਂਦਾ ਹੈ, ਜਿਹੜੀਆਂ ਘਟਨਾਵਾਂ ਤੇ ਸਥਿਤੀਆਂ ਦੇ ਜਗਤ ਨਾਲ ਆਪਣੇ ਸਮਾਚਰਾਂ ਦੁਆਰਾ ਵਿਅਕਤੀ ਨੂੰ ਜੋੜਦੀਆਂ ਹਨ। ਉਹ ਸੰਪਰਕ ਦਾ ਸੰਕੇਤ ਵੀ ਹੈ ਤੇ ਏਜੈਂਟ ਵੀ, ਸੰਪਰਕ ਜਿਸ ਦੁਆਰਾ ਮਨੱਖ ਗੋਚਰ ਜਗਤ ਨਾਲ ਮਾਨਸਿਕ, ਭਾਵਕ ਜਾਂ ਬੌਧਿਕ ਸੰਬੰਧਾਂ ਵਿਚ ਮੁੜ ਜੁੜਦਾ ਹੈ। ਬੁਹਾਰੀ ਗਲੀ ਨੂੰ ਸਾਫ਼ ਨਹੀਂ ਕਰਦਾ ਉਸ ਦੀ ਪਿੱਠ ਤੇ ਖਰਖਰਾ ਕਰਦਾ ਹੈ, ਉਸ ਨੂੰ ਜਗਾਉਂਦਾ ਹੈ ਕਿ ਦੌੜੇ ਤੇ ਜੋ ਕੋਈ ਵੀ ਆਪਣੇ ਹਾਲ ਵਿਚ ਮਸਤ ਇਸ ਦੌੜ ਤੋਂ ਅਚੇਤ ਰਹਿ ਕੇ ਇਸ ਦੀ

ਅਵਗਿਆ ਕਰਨੀ ਲੋਚਦਾ ਹੈ, ਉਹ ਚੀਣਾ ਚੀਣਾ ਹੋ ਕੇ ਡਿਗ ਡੁਲ੍ਹ ਜਾਂਦਾ ਹੈ ਜਾਂ ਲੰਘਦੇ ਰਾਹੀਆਂ ਭਾਵ ਸਾਥੀਆਂ, ਮਿੱਤਰਾਂ ਸੰਬੰਧੀਆਂ ਦੀ ਨਜ਼ਰ ਵਿਚ ਅੜੰਗਿਆ ਜਾਂਦਾ ਹੈ। ਇਕ ਸਿਰ ਫਿਰਿਆ, ਬੇਤਾਲ, ਭੂਤਨਾ। ਤੇ ਅੰਤ ਵਿਚ ਘਰ ਵਾਲੀ, ਘਰ ਦਾ ਕੂੜਾ ਹੂੰਝ ਕੇ, ਜਦੋਂ ਗਲੀ ਵਿਚ ਸੁਟਦੀ ਹੈ ਤਾਂ ਤੀਜਾ ਸਦਮਾ ਜਾਗਦਾ ਹੈ, ਘਰ ਵਿਚੋਂ ਬਾਹਰ ਜਾਣ ਦੀ ਜ਼ਰੂਰਤ ਦਾ। ਨਾ ਗਲੀ ਮਨੁਖ ਦੀ ਆਪਣੀ ਹੈ, ਨਾ ਘਰ ਉਸ ਦਾ ਆਪਣਾ ਹੈ। ਜ਼ਿੰਦਗੀ ਨਾਲ ਉਸ ਦਾ ਰਿਸ਼ਤਾ, ਜ਼ਿੰਦਗੀ ਦੀਆਂ ਉਸ ਤੋਂ ਮੰਗਾਂ ਦਾ ਬਣ ਗਿਆ ਹੈ ਅਤੇ ਸੁਭਾਵਕ ਹੈ ਕਿ ਅਜਿਹੀ ਜ਼ਿੰਦਗੀ ਵਿਚ ਉਸ ਨੂੰ ਸੂਤ ਕੀਤਾ ਜਾਂਦਾ ਹੈ ਜਾਂ ਉਹ ਆਪ ਸੂਤ ਬੈਠਦਾ ਹੈ। ਇਸ ਦਸ਼ਾ ਵਿੱਚ ਮਨੁਖ ਦਾ ਉਸ ਦੇ ਸਮੁਚੇ ਵਾਤਾਵਰਣ ਤੋਂ ਅੰਤਰਣ ਹੁੰਦਾ ਹੈ। ਉਹ ਮਾਨੂਸ ਤੇ ਪਰਿਚਿਤ ਤੋਂ ਅਪਰਿਚਿਤ, ਗੈਰ-ਮਾਨੂਸ, ਓਪਰਾ ਮਹਿਸੂਸ ਕਰਦਾ ਹੈ। ਇਹ ਕਵਿਤਾ ਅਪਰਿਚੈ, ਓਪਰੇਵੇਂ ਤੇ ਅੰਤਰਣ ਦੇ ਇਸ ਸੰਤਾਪ ਨੂੰ ਮੂਰਤੀਮਾਨ ਕਰਦੀ ਹੈ, ਅਤੇ ਇਹ ਸੰਤਾਪ ਹੀ ਇਸ ਕਵਿਤਾ ਦਾ ਇਕਾਗਰਕਾਰੀ ਨਿਯਮ ਹੈ। ਕਵਿਤਾ ਵਿਚ ਵਿਦਮਾਨ ਨਾਟਕੀ ਵਿਅਕਤੀ ਦੀ ਤਾਰਿਆਂ ਨਾਲ ਤਦਰੂਪਤਾ ਦਾ ਆਧਾਰ ਨਿਸਤੇਜ ਸੁਲਗਦੇ ਅੰਗ ਹਨ। ਇਥੇ ਸੁਲਗਣ ਦੀ ਪ੍ਰਿਕਿਰਿਆ ਤੇ ਤੇਜ ਵਿਚਕਾਰ ਅੰਤਰਣ ਪੈਦਾ ਕੀਤਾ ਗਿਆ ਹੈ। ਫਿਰ ਇਸ ਤਦਰੂਪਤਾ ਦੇ ਬਾਵਜੂਦ ਨਾਟਕੀ ਪਾਤਰ ਤੇ ਤਾਰਿਆਂ ਵਿਚਕਾਰ ਵਿੱਥ ਹੈ: ਇਕ ਦੂਜੇ ਦੇ ਸੁਪਨਿਆਂ ਤੋਂ ਸੰਕੋਚ ਦੀ। ਨਾ ਮਨੁਖ ਸਮੁਚੇ ਬ੍ਰਹਿਮੰਡ ਜਾਂ ਅੰਤ੍ਰਿਕਸ਼ (ਤਾਰੇ ਜਿਸ ਦਾ ਸੰਕੇਤ ਹਨ) ਦੀ ਕਿਸੇ ਗਿਣਤੀ ਵਿਚ ਆਉਂਦਾ ਹੈ ਨਾ ਉਸ ਪਾਸ ਇਹ ਹੀ ਵਿਸ਼ਵਾਸ ਬਾਕੀ ਹੈ ਕਿ ਉਹ ਇਸ ਬ੍ਰਹਿਮੰਡ ਦੀ ਥਾਹ ਹੀ ਪਾ ਸਕਦਾ ਹੈ। ਫਿਰ ਸੂਰਜ ਵੀ ਆਪਣੇ ਪ੍ਰਕਾਸ਼ਕਾਰੀ ਕਾਰਜ ਤੋਂ ਟੁੱਟ ਕੇ, ਇਕ ਮਿਹਤਰ ਦਾ ਰੂਪ ਧਾਰਦਾ ਹੈ, ਉਸ ਦਾ ਕੰਮ ਸਕਾਰਾਤਮਕ ਨਹੀਂ; ਚਾਨਣ ਕਰਨ ਦਾ, ਰੁਸ਼ਨਾਣ ਦਾ, ਜੀਵਨ-ਵਰਧਣ ਦਾ; ਨਕਾਰਾਤਮਕ ਹੈ, ਤਾਰਿਆਂ ਨੂੰ ਬੁਹਾਰਨ ਦਾ। ਤੇ ਬੁਹਾਰੀ ਵੀ ਸਫ਼ਾਈ ਨਹੀਂ ਕਰਦਾ ਗਲੀ ਨੂੰ ਉਸ ਦੀ ਦੈਨਿਕ ਪਾਗਲ ਭੱਜ ਦੌੜ, ਕਸ਼ਮਕਸ਼, ਖਿੱਚ ਧੌਹ ਲਈ ਤਿਆਰ ਕਰਦਾ ਹੈ, ਜਿਸ ਵਿਚ ਵਿਅਕਤੀ ਦੇ ਵਿਅਕਤਿਤਵ ਲਈ ਕੋਈ ਆਦਰ ਜਾਂ ਸਤਿਕਾਰ ਨਹੀਂ। ਇਕ ਸਰਪਟ ਦੌੜ ਅੰਨ੍ਹੀ ਤੇ ਬੋਲੀ, ਜਿਸ ਦੇ ਰਾਹ ਵਿਚ ਜੋ ਵੀ ਆਇਆ ਚਿਥਿਆ ਗਿਆ। ਸੂਰਜ ਦਾ ਆਗਮਨ, ਕੁਕੜ ਦੀ ਬਾਂਗ ਨਾਲ ਨਹੀਂ, ਅਖਬਾਰ ਨਾਲ ਘੋਸ਼ਿਤ ਹੁੰਦਾ ਹੈ। ਅਖ਼ਬਾਰ ਜਿਹੜੀ ਮਨੁੱਖ ਨੂੰ ਉਸ ਵਿਸ਼ਾਲ, ਵਿਕਰਾਲ, ਪਰਿਵੇਸ਼ ਦੀ ਚੇਤਨਾ ਦਿੰਦੀ ਹੈ, ਜਿਸ ਵਿਚ ਮਨੁੱਖ ਦੀ ਹਸਤੀ ਬੜੀ ਨਿਗੂਣੀ, ਨਿਰਾਰਥਕ ਹੈ। ਤੇ ਫਿਰ ਗਲੀ ਵਿਚੋਂ ਹੂੰਝਿਆ ਹੋਇਆ ਵਿਅਕਤੀ ਘਰ ਵਿਚ ਦਾਖਲ ਹੁੰਦਾ ਹੈ। ਘਰ, ਜਿਹੜਾ ਇਕ ਹਾਸੇ ਵਾਂਗ ਨਹੀਂ ਖੁਲ੍ਹਦਾ, 'ਜੀਓ ਆਇਆਂ' ਕਹਿੰਦਾ ਹੋਇਆ, ਇਕ ਉਬਾਸੀ ਵਾਂਗ ਖੁੱਲ੍ਹਦਾ ਹੈ। ਗਲੀ ਵਿਚੋਂ ਘਰ ਵਿਚ ਹੂੰਝ ਕੇ ਸੁਟਿਆ ਵਿਅਕਤੀ ਘਰ ਤੋਂ ਹੂੰਝ ਕੇ ਗਲੀ ਵਿਚ ਸੁੱਟੇ ਜਾਣ ਦੀ ਉਡੀਕ ਕਰ ਰਿਹਾ ਹੈ।

ਇਉਂ ਸਾਰੀ ਕਵਿਤਾ ਵਿਚ ਇਕ ਨਿਰੰਤਰ ਗਤੀ ਹੈ, ਅੰਤਰਣ ਦੇ ਓਪਰੇਵੇਂ ਦੀ ਪ੍ਰਤੀਤੀ ਦੀ! ਤੇ ਫੇਰ ਇਸ ਕਵਿਤਾ ਦੇ ਬਿੰਬ ਹੀ ਇਸ ਅੰਤਰਣ ਤੇ ਪਛਾਣਲੋਪ ਨੂੰ ਰੂਪਮਾਨ ਨਹੀਂ ਕਰਦੇ, ਕਵਿਤਾ ਦੀ 'ਅਕਾਵਿਕ' ਜਾਂ 'ਕਾਵਿ ਵਿਰੋਧੀ' ਸ਼ੈਲੀ ਦੁਆਰਾ ਵੀ ਇਹ ਭਾਵ ਰੂਪਮਾਨ ਹੁੰਦੇ ਹਨ। ਕਵੀ ਪਰੰਪਰਾਗਤ ਕਵਿਤਾ ਦੇ ਸੂਖਮ, ਸੁਕੋਮਲ, ਲੁਭਾਵਣੇ ਸ਼ਬਦ, ਚਿੱਤਰ ਜਾਂ ਰੰਗ ਨਹੀਂ ਵਰਤਦਾ ਸਗੋਂ ਉਬਾਸੀ, ਸੁਲਗਣ, ਮਿਹਤਰ, ਖਰਖਰਾ, ਤਿਖੇ ਤਿਮੂੰਹੇ ਕਾਂਟੇ, ਮਾਸ ਦੀ ਅੱਧਕੱਚੀ ਬੋਟੀ, ਵਿਝਣ, ਕੂੜੇ, ਹੁੰਮਸ, ਨੰਗੇਜ, ਬੁਹਾਰਨ ਆਦਿ ਤੇ ਸ਼ਬਦਾਂ

ਦਾ ਪ੍ਰਯੋਗ ਕਰ ਕੇ ਪਾਠਕ ਨੂੰ ਇੱਕ ਪਛਾਣ-ਪ੍ਰਘਾਤ ਪਹੁੰਚਾਂਦਾ ਹੈ, ਇਕ ਉਹ ਗੱਲ ਪਛਾਨਣ ਲਈ ਮਜਬੂਰ ਕਰਦਾ ਹੈ ਜਿਸ ਨੂੰ ਮਹਿਸੂਸ ਤਾਂ ਸਾਰੇ ਕਰਦੇ ਹਨ ਪਰ ਜਿਹੜੀ ਦਿਸਦੀ ਕਿਸੇ ਨੂੰ ਵੀ ਨਹੀਂ। ਫਿਰ ਕੇਵਲ ਕਵਿਤਾ ਵਿਚ ਇਨ੍ਹਾਂ ਸ਼ਬਦਾਂ ਦਾ ਪ੍ਰਵੇਸ਼ ਹੀ ਇਸ ਅਣ-ਕਾਵਿਕ ਪ੍ਰਘਾਤ ਦਾ ਸੋਮਾ ਨਹੀਂ ਸਗੋਂ ਇਨ੍ਹਾਂ ਸ਼ਬਦਾਂ ਨੂੰ ਸੂਰਜ, ਤਾਰੇ, ਰਾਤ, ਸਵੇਰ, ਗਲੀ, ਇਸਤਰੀ, ਪਤਨੀ, ਸੂਲੀ ਆਦਿ ਦੇ ਅਨੇਕਾਂ ਅਜੇਹੇ ਸ਼ਬਦਾਂ ਦੀ ਸਮੀਪਤਾ ਵਿਚ ਰਖਣਾ ਵੀ, ਜਿਨ੍ਹਾਂ ਦੇ ਬੜੇ ਡੂੰਘੇ ਕਾਵਿਕ-ਸੰਸਰਗ ਮੌਜੂਦ ਹਨ। ਇਹ ਕਾਵਿਕ ਸੰਸਰਗ ਇਨ੍ਹਾਂ ਸ਼ਬਦਾਂ ਦੁਆਲੇ ਜੁੜੇ ਕਾਵਿਕ-ਮੰਡਲ ਦੁਆਰਾ ਹੋਰ ਕਵੀਆਂ ਤੇ ਹੋਰ ਸੂਰਜਾਂ, ਤਾਰਿਆਂ, ਰਾਤਾਂ, ਸਵੇਰਾਂ, ਇਸਤਰੀਆਂ, ਪਤਨੀਆਂ, ਸੂਲੀਆਂ ਵਲ ਧੂਹ ਪਾਂਦੇ ਹਨ। ਚੇਤਨਾ ਵਿਚ ਪ੍ਰਤਿਧੁਨੀਆਂ ਉਠਦੀਆਂ ਹਨ ਉਨ੍ਹਾਂ ਕਵਿਤਾਵਾਂ ਦੇ ਕਾਵਿ-ਅਨੁਭਵਾਂ ਵਲ ਜਾਂਦੀਆਂ ਹੋਈਆਂ ਜਿਨ੍ਹਾਂ ਵਿਚ ਇਨ੍ਹਾਂ ਨੂੰ ਧਿਆਇਆ ਤੇ ਮਨਾਇਆ ਗਿਆ ਹੈ। ਇਤ੍ਹੋਂ ਇਨ੍ਹਾਂ ਦੇ ਪਿਛੇ ਇਕ ਕਾਵਿਕ-ਨਿਧੀ ਜੁੜੀ ਪਈ ਹੈ, ਜਿਸ ਦੀ ਜਿਤਨੀ ਵੀ ਪਛਾਣ ਪਾਠਕ ਨੂੰ ਹੋਵੇਗੀ, ਉਤਨਾ ਹੀ ਇਸ ਕਵਿਤਾ ਦੇ ਪਾਠ-ਅਨੁਭਵ ਦੀ ਤੀਬਰਤਾ ਵਧੇਗੀ। ਹੁਣ ਇਸ ਕਾਵਿਕ-ਨਿਧੀ ਅਤੇ ਇਨ੍ਹਾਂ ਸ਼ਬਦਾਂ ਦੇ ਇਨ੍ਹਾਂ ਕਾਵਿਕ-ਸੰਸਰਗਾਂ ਦੇ ਸਮੀਪ ਇਕੱਤਰ ਹੋਈ ਸਾਰੀ ਅਣਕਾਵਿਕ ਸਾਮਗਰੀ ਇਨ੍ਹਾਂ ਸ਼ਬਦਾਂ, ਚਿਤਰਾਂ ਤੇ ਰੰਗਾਂ ਨੂੰ ਧੂਹ ਕੇ ਆਪਣੇ ਵਲ ਖਿਚਦੀ ਹੈ। ਇਤ੍ਹੋਂ ਇਸ ਦੁਪੱਖੀ ਖਿਚ ਵਿਚ ਇਹ ਸ਼ਬਦ ਤੇ ਰੰਗ ਦੁਮੂੰਹੇ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਅਸਤਿਤਵ ਆਪਣਾ ਸਹਿਜ ਸੁਭਾ ਗੁਆ ਕੇ ਇਕ ਤਣਾਓ ਦੀ ਸਥਿਤੀ ਵਿਚ ਆ ਜਾਂਦਾ ਹੈ। ਇਹ ਤਣਾਓ ਅੰਤਰਣ ਦੇ ਉਸ ਸੰਤਾਪ ਦੇ ਸਮਰੂਪ ਹੈ, ਜਿਸ ਦਾ ਜ਼ਿਕਰ ਅਸਾਂ ਉਪਰ ਕੀਤਾ ਸੀ, ਇਸ ਕਵਿਤਾ ਦੇ ਬਿੰਬਾਂ ਦੀ ਵਿਆਖਿਆ ਕਰਦਿਆਂ। ਫਿਰ ਇਹ ਸ਼ਬਦ ਸੂਰਜ, ਰਾਤ, ਤਾਰੇ, ਗਲੀ, ਇਸਤਰੀ, ਸਵੇਰ, ਸੂਲੀ, ਪਤਨੀ ਨਿਸ਼ਚਿਤ ਨਿਯਮ ਹਨ। ਇਨ੍ਹਾਂ ਦੀ ਇਕ ਸਥਾਪਿਤ ਪਛਾਣ ਹੈ, ਮਨੁਖ ਦੇ ਇਨ੍ਹਾਂ ਨਾਲ ਸਾਥ ਦਾ ਇਕ ਲੰਬਾ ਇਤਿਹਾਸ ਹੈ, ਜਿਸ ਵਿਚ ਮਨੁਖ ਨੇ ਇਨ੍ਹਾਂ ਨਾਲ ਆਪਣੇ ਬੜੇ ਨਿਸ਼ਚਿਤ ਅਰਥਾਂ ਵਾਲੇ ਸੰਬੰਧ ਸਥਾਪਿਤ ਕਰ ਰਖੇ ਹਨ। ਸਹਿਜ ਅਵਸਥਾ ਵਿਚ ਮਨੁਖ ਇਨ੍ਹਾਂ ਦੇ ਸਾਥ ਵਿਚ ਔਖਾ ਮਹਿਸੂਸ ਨਹੀਂ ਕਰਦਾ। ਇਨ੍ਹਾਂ ਦਾ ਸਾਥ ਮਨੁਖ ਲਈ ਅਸੁਖਾਵਾਂ ਨਹੀਂ। ਪਰੰਤੂ ਇਨ੍ਹਾਂ ਨਿਸ਼ਚਿਤ ਨਿਯਮਾਂ ਦੇ ਸਮੀਪ ਜਿਹੜੇ ਅਨਿਯਮਿਤ, ਅਵਿਵਸਥਿਤ ਤੱਥ, ਜਿਨ੍ਹਾਂ ਨੂੰ ਅਸੀਂ ਅਣਕਾਵਿਕ ਅੰਸ਼ ਕਿਹਾ ਸੀ, ਰਖੇ ਗਏ ਹਨ ਉਹਨਾਂ ਦੋਹਾਂ ਵਿਚਾਲੇ ਪਰਸਪਰ ਪਛਾਣ ਦਾ ਅਭਾਵ ਹੈ। ਸੂਰਜ ਨੂੰ ਤਾਰੇ ਬੁਹਾਰਦਾ ਵਿਖਾਣਾ ਜਾਂ ਇਸਤਰੀ ਜਾਂ ਪਤਨੀ ਨੂੰ ਕੂੜਾ ਹੂੰਝਦੇ ਵਿਖਾਣਾ, ਇਹ ਕੇਵਲ ਇਕ ਵਿਅੰਗਾਤਮਕ ਵਿਧੀ ਨਹੀਂ, ਇਨ੍ਹਾਂ ਦੇ ਸਥਾਪਿਤ ਬਿੰਬ ਨੂੰ ਭੰਗ ਕਰਨ ਦਾ ਸੁਚੇਤ ਯਤਨ ਹੈ। ਸਥਾਪਿਤ ਬਿੰਬ ਤੇ ਇਸ ਕਵਿਤਾ ਦੇ ਇਨ੍ਹਾਂ ਬਿੰਬਾਂ ਵਿਚ ਇਨ੍ਹਾਂ ਗੱਲਾਂ ਦੀ ਕੋਈ ਪਰਸਪਰ ਪਛਾਣ ਨਹੀਂ। ਇਸ ਲਈ ਕਾਵਿਕ ਤੇ ਅਣ-ਕਾਵਿਕ ਦੀ ਇਸ ਪਰਸਪਰ ਅਪਛਾਣ ਵਿਚ ਉਸ ਪਛਾਣ-ਲੋਪ ਦੀ ਪ੍ਰਤੀਤੀ ਦੀ ਨਿਹਿਤੀ ਹੈ, ਜਿਸ ਦਾ ਜ਼ਿਕਰ ਅਸਾਂ ਉਪਰ ਕੀਤਾ ਸੀ। ਇਉਂ ਇਹ ਕਵਿਤਾ ਭਿੰਨ ਭਿੰਨ ਪੱਧਰਾਂ 'ਤੇ ਵਿਅਕਤ ਹੁੰਦੀ ਹੋਈ ਇਕ ਜਟਿਲ ਕਿਰਤ ਬਣ ਗਈ ਹੈ। ਇਹ ਪੱਧਰਾਂ ਆਪਣੀ ਆਪਣੀ ਥਾਂ ਸਾਰਥਕ ਹੋ ਕੇ ਵੀ ਇਕ ਦੂਜੀ ਵਿਚ ਤੇ ਫਿਰ ਸਾਰੀਆਂ ਰਲ ਕੇ ਕਵਿਤਾ ਦੀ ਸਮੁਚੀ ਇਕਾਗਰ ਸੁਸੂਰ, ਸੁਤੇਜ ਏਕਤਾ ਵਿਚ ਆਪਣਾ ਟਿਕਾਣਾ ਬਣਾਉਂਦੀਆਂ ਹਨ।□

[ਐਫ 28, ਸੈਕਟਰ 25, ਚੰਡੀਗੜ੍ਹ]

ਸੰਚਾਰ ਦੀ ਸਮਸਿਆ

ਕਰਨਜੀਤ ਸਿੰਘ

ਸਾਹਿਤ ਵਿੱਚ ਅਰਥ-ਸੰਚਾਰ ਦੀ ਸਮਸਿਆ ਇਕ ਸਿਰੇ ਤੋਂ ਸਾਹਿਤ ਦੇ ਰੂਪਾਤਮਕ ਅਤੇ ਕਲਾਤਮਕ ਵਿਕਾਸ ਨਾਲ ਜੁੜੀ ਹੋਈ ਹੈ ਅਤੇ ਦੂਜੇ ਸਿਰੇ ਤੋਂ ਸਾਹਿਤ ਦੇ ਕਲਾਤਮਕ ਅਤੇ ਸੁਹਜਾਤਮਕ ਬੋਧ ਅਤੇ ਚਿੰਤਨ ਦੇ ਵਿਕਾਸ ਨਾਲ। ਦੂਸਰੇ ਲਫ਼ਜ਼ਾਂ ਵਿੱਚ, ਇਹ ਸਮਸਿਆ ਇਕ ਪਾਸੇ ਸਾਹਿਤ-ਸਿਰਜਣ ਨਾਲ ਸੰਬੰਧ ਰਖਦੀ ਹੈ ਅਤੇ ਦੂਜੇ ਪਾਸੇ ਸਾਹਿਤ-ਵਿਦਿਆਰਥੀ ਨਾਲ। ਜੇਕਰ ਕੋਈ ਸਾਹਿਤਕ ਰਚਨਾ ਸਿਰਜਕ ਦੇ ਅਨੁਭਵ ਦੀ ਤਰੰਗ ਨੂੰ ਪਾਠਕ ਦੇ ਭਾਵਾਂ ਤੇ ਚਿੰਤਨ ਦੇ ਮਾਨ-ਸਰੋਵਰ ਵਿੱਚ ਛੇੜ ਦੇਵੇ ਤਾਂਹੀ ਉਹ ਸਿਰਜਣ-ਹਾਰ ਅਤੇ ਮਾਨਣ-ਹਾਰ ਵਿਚਕਾਰ ਇਕ ਭਾਵਾਤਮਕ ਸਾਂਝ ਪੈਦਾ ਕਰ ਸਕਦੀ ਹੈ। ਇਸੇ ਲਈ ਹੀ ਇਹ ਗੱਲ ਲਗਪਗ ਸਰਬ-ਪ੍ਰਮਾਣਿਤ ਹੈ ਕਿ ਹਰ ਕਲਾਕਾਰ ਜਾਂ ਲੇਖਕ ਆਪਣੀ ਰਚਨਾ ਰਾਹੀਂ ਕੋਈ ਅਹਿਸਾਸ, ਕੋਈ ਭਾਵ-ਵਿਚਾਰ ਪਾਠਕਾਂ ਦੇ ਮਨ ਵਿੱਚ ਉਤਾਰਨਾ ਲੋਚਦਾ ਹੈ। ਮੈਂ "ਲਗਪਗ" ਸ਼ਬਦ ਦਾ ਪ੍ਰਯੋਗ ਇਸ ਲਈ ਕੀਤਾ ਹੈ ਕਿ ਕੁਝ ਲੋਕ, ਭਾਵੇਂ ਉਹਨਾਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੀ ਹੋਵੇ, ਜਾਣੇ ਜਾਂ ਅਣਜਾਣੇ ਸਾਹਿਤਕਾਰ ਦੀ ਇਸ ਭਾਵਨਾ ਅਤੇ ਸਾਹਿਤ ਦੇ ਇਸ ਮਨੋਰਥ ਤੋਂ ਮੁਨਕਰ ਹਨ। ਉਹ ਆਮ ਕਰਕੇ ਆਖਦੇ ਹਨ ਕਿ ਕਿ ਸਾਹਿਤ ਰਚਨਾ ਦਾ ਜੇ ਕੋਈ ਮਨੋਰਥ ਹੈ ਤਾਂ ਕੇਵਲ ਆਪੇ ਦਾ ਪ੍ਰਗਟਾ ਹੀ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸਾਹਿਤਕਾਰ ਆਪਾ ਕਿਸ ਅੱਗੇ ਪ੍ਰਗਟ ਕਰਨਾ ਲੋਚਦਾ ਹੈ ਅਤੇ ਕਿਉਂ ਪ੍ਰਗਟਾਉਣਾ ਲੋਚਦਾ ਹੈ? ਇਹ ਗੱਲ ਇਸ ਹੱਦ ਤਕ ਤਾਂ ਠੀਕ ਹੈ ਕਿ ਜਦੋਂ ਕੋਈ ਸਾਹਿਤਕਾਰ ਅੰਤਰ-ਪ੍ਰੇਰਨਾ ਦੇ ਵੇਗ ਵਿੱਚ ਕੋਈ ਕਹਾਣੀ, ਕਵਿਤਾ ਜਾਂ ਗੀਤ ਰਚ ਰਿਹਾ ਹੁੰਦਾ ਹੈ ਤਾਂ ਉਸਦਾ ਪੂਰਨ ਆਪਾ ਸਵੈ-ਪ੍ਰਗਟਾਵੇ ਵਿੱਚ ਲੀਨ ਹੁੰਦਾ ਹੈ। ਉਸ ਵੇਲੇ ਉਹ ਚੇਤੰਨ ਪਧੱਰ ਉਤੇ ਇਸ ਗੱਲ ਬਾਰੇ ਫਿਕਰ ਮੰਦ ਨਹੀਂ ਹੁੰਦਾ ਕਿ ਉਸਦੀ ਰਚਨਾ ਪਾਠਕ ਦੀ ਭਾਵਕ ਤੇ ਬੌਧਿਕ ਪਕੜ ਵਿੱਚ ਆਵੇਗੀ ਜਾਂ ਨਹੀਂ। ਪਰ ਸਾਹਿਤ ਦਾ ਇਤਿਹਾਸ ਗਵਾਹ ਹੈ ਕਿ ਲੇਖਕ ਜੀਵਨ ਦੇ ਸਾਧਾਰਨ ਪਲਾਂ ਵਿੱਚ ਚਿੰਤਨ ਦੀ ਪਧੱਰ ਉਤੇ ਵਾਰ ਵਾਰ ਇਸ ਗੱਲ ਉਤੇ ਵਿਚਾਰ ਕਰਦਾ ਆਇਆ ਹੈ ਕਿ ਉਸਦੀ ਰਚਨਾ ਪਾਠਕ ਨੂੰ ਪ੍ਰਭਾਵਤ ਕਰਦੀ ਹੈ ਜਾਂ ਨਹੀਂ। ਹਰ ਲੇਖਕ ਦੀ ਆਮ ਕਰਕੇ, ਅਤੇ ਉਸ ਲੇਖਕ ਦੀ ਖਾਸ ਕਰਕੇ ਜਿਸਨੇ ਸਾਹਿਤ ਵਿਚ ਕੋਈ ਨਾਂ ਕਮਾਇਆ ਹੈ, ਇਹ ਤਾਂਘ ਰਹੀ ਹੈ ਕਿ ਉਹ ਆਪਣੇ ਭਾਵਾਂ-ਵਿਚਾਰਾਂ ਨੂੰ ਇਸ ਕਿਸਮ ਦੇ ਸਾਹਿਤ ਰੂਪ ਵਿੱਚ ਢਾਲੇ, ਇਸ ਪ੍ਰਕਾਰ ਦੀ ਸ਼ੈਲੀ ਵਿੱਚ ਅੰਕਿਤ ਕਰੇ, ਇਸ ਕਿਸਮ ਦੀ ਭਾਸ਼ਾ ਵਿੱਚ ਚਿਤਰੇ ਕਿ ਉਹ ਸਹਿਜ-ਗਤੀ ਨਾਲ, ਜਾਂ ਥੋੜਾ ਬਹੁਤ ਚਿੰਤਨ-ਪ੍ਰੀਸ਼ਰਮ ਨਾਲ, ਪਾਠਕ ਦੇ ਦਿਲ-ਦਿਮਾਗ ਵਿੱਚ ਨਾ ਕੇਵਲ ਉਤਰ ਹੀ ਜਾਣ ਸਗੋਂ ਅਜਿਹਾ ਪ੍ਰਭਾਵ ਵੀ ਪੈਦਾ ਕਰਨ ਜਿਹੋ ਜਿਹਾ ਪ੍ਰਭਾਵ ਪੈਦਾ ਕਰਨਾ ਉਸ ਦੀ ਇਛਾ ਹੁੰਦੀ ਹੈ। ਲੇਖਕ ਨੂੰ ਆਪਣੀ ਵਸਤੂ ਪੇਸ਼ ਕਰਨ ਲਈ ਪ੍ਰਚਲਿਤ ਸਾਹਿਤ-ਰੂਪਾਂ ਅਤੇ ਸ਼ੈਲੀਆਂ ਜਦੋਂ ਵੀ ਅਧੂਰਾ ਵਸੀਲਾ ਜਾਪੀਆਂ ਹਨ ਤਾਂ ਉਸਨੇ ਨਵੀਆਂ ਵਿਧੀਆਂ, ਨਵੇਂ ਰੂਪਾਂ ਦੀ ਖੋਜ ਕੀਤੀ ਹੈ। ਮਹਾਂ-ਕਾਵਿ, ਖੰਡ-ਕਾਵਿ, ਗੀਤ, ਗ਼ਜ਼ਲ, ਨਾਵਲ, ਕਹਾਣੀ, ਨਾਟਕ, ਇਕਾਂਗੀ ਅਤੇ

ਹੋਰ ਸਾਹਿਤਕ ਰੂਪਾਂ ਦਾ ਜਨਮ ਤੇ ਵਿਕਾਸ-ਸਾਹਿਤਕਾਰ ਦੇ ਇਸ ਸੰਕਟ ਨੂੰ ਹੱਲ ਕਰਨ ਦੇ ਉਦੇਸ਼ ਨਾਲ ਸੰਬੰਧਿਤ ਘਟਨਾਵਾਂ ਹਨ। ਸੰਚਾਰ ਦੀ ਸਮਸਿਆ ਸਾਹਿਤਕਾਰ ਨੂੰ ਨਵੇਂ ਤਜਰਬਿਆਂ ਲਈ ਪ੍ਰੇਰਿਤ ਕਰਦੀ ਹੈ। ਬਦਲਦੇ ਜੀਵਨ ਦੇ ਪ੍ਰਵਾਹ ਵਿੱਚ ਜਨਮ ਲੈਣ ਵਾਲਾ ਨਵਾਂ ਅਨੁਭਵ ਨਵੀਆਂ ਪ੍ਰਗਟਾ-ਵਿਧੀਆਂ ਲਈ, ਨਵੀਂ ਸਾਹਿਤ-ਵਸਤੂ ਨਵੇਂ ਕਲਾ-ਰੂਪਾਂ ਦੀ ਭਾਲ ਲਈ ਮਜਬੂਰ ਕਰਦੇ ਹਨ। ਸੱਚ ਤਾਂ ਇਹ ਹੈ ਕਿ ਹਰ ਰਚਨਾ, ਜਿਸਨੂੰ ਰਚਨਾ ਕਿਹਾ ਜਾਣਾ ਚਾਹੀਦਾ ਹੈ, ਆਪਣੇ ਆਪ ਵਿਚ ਇਕ ਨਵਾਂ ਪ੍ਰਯੋਗ ਹੁੰਦਾ ਹੈ। ਰਚਨਾ ਦੀ ਦ੍ਰਿਸ਼ਟੀ ਤੋਂ ਸੰਚਾਰ ਦਾ ਮਸਲਾ ਵਸਤੂ ਤੇ ਰੂਪ ਦੇ ਇਕ ਜਿੰਦ ਸਮੇਲ ਦਾ ਮਸਲਾ ਹੈ। ਇਸ ਮਸਲੇ ਨਾਲ ਹਰ ਲੇਖਕ ਨੂੰ ਜੂਝਣਾ ਪੈਂਦਾ ਹੈ। ਸਭ ਨੂੰ ਪਤਾ ਹੋਵੇਗਾ ਕਿ ਮਹਾਨ ਲੇਖਕ ਤਾਲਸਤਾਏ ਨੂੰ "ਜੰਗ ਤੇ ਅਮਨ" ਜਿਹੀ ਮਹਾਨ ਰਚਨਾ ਨੂੰ ਅੰਤਿਮ ਰੂਪ ਦੇਣ ਲਈ ਪੰਦਰਾਂ ਵਾਰੀ ਉਸਦੇ ਖਰੜੇ ਨੂੰ ਪੜ੍ਹਨਾ ਤੇ ਸੋਧਣਾ ਿਆ ਅਤੇ ਆਖਰੀ ਖਰੜੇ ਵਿੱਚ ਜੋ ਕੁਝ ਰਹਿ ਗਿਆ ਉਸ ਵਿੱਚੋਂ ਬਹੁਤ ਥੋੜਾ ਪਹਿਲੇ ਵਿੱਚ ਸੀ। ਸੰਸਾਰ ਸਾਹਿਤ ਦੇ ਇਤਿਹਾਸ ਵਿੱਚ ਅਜਿਹੀਆਂ ਹੋਰ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

ਸੰਚਾਰ ਇਕ ਪਾਸੇ ਰਚਨਾਕਾਰ ਅਤੇ ਰਚਨਾ ਵਿਚਕਾਰ ਦੁੱਵਲਾ ਰਿਸ਼ਤਾ ਹੈ ਅਤੇ ਦੂਜੇ ਪਾਸੇ ਰਚਨਾ ਅਤੇ ਪਾਠਕ ਵਿਚਕਾਰ ਦੁੱਵਲਾ ਸੰਬੰਧ ਹੈ। ਲੇਖਕ ਦਾ ਮਨ-ਇੱਛਤ ਪ੍ਰਭਾਵ ਉਤਪੰਨ ਹੋਣਾ ਲਾਜ਼ਮੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਰਚਨਾ ਆਪਣਾ ਕਰਤੱਵ-ਪਾਲਣ ਵਿੱਚ ਨਾਕਾਮ ਹੈ। ਪਰ ਪਾਠਕ ਦੇ ਮਨ ਉਤੇ ਲੋੜੀਂਦਾ ਪ੍ਰਭਾਵ ਪੈਂਦਾ ਹੈ ਜਾਂ ਨਹੀਂ ਇਸ ਦੀ ਸਫਲਤਾ ਜਾਂ ਅਸਫਲਤਾ ਦੀ ਪੂਰਨ ਜ਼ਿੰਮੇਦਾਰੀ ਲੇਖਕ ਦੇ ਮੋਢਿਆਂ ਉਤੇ ਨਹੀਂ ਸੁਟੀ ਜਾ ਸਕਦੀ। ਇਸ ਵਿੱਚ ਪਾਠਕ ਦੀ ਭਾਵਕ ਅਤੇ ਬੌਧਿਕ ਪ੍ਰੌੜ੍ਹਤਾ ਦਾ ਵੀ ਰੋਲ ਹੈ। ਆਮ ਦੇਖਣ ਵਿੱਚ ਆਇਆ ਹੈ ਕਿ ਜਿਹੜੀ ਰਚਨਾ ਬਹੁਤੇ ਪਾਠਕਾਂ ਦੀ ਭਾਵਕ ਅਤੇ ਬੌਧਿਕ ਪਕੜ ਵਿੱਚ ਨਹੀਂ ਆਉਂਦੀ ਉਸਦੀ ਨਿੰਦਾ ਕੀਤੀ ਜਾਂਦੀ ਹੈ। ਲੇਖਕ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਅਤੇ ਕਈ ਵਾਰੀ ਉਸਨੂੰ ਲੋਕਾਂ ਤੋਂ ਨਿਖੜਿਆ ਹੋਇਆ ਜਾਂ ਲੋਕ ਵਿਰੋਧੀ ਤੱਕ ਵੀ ਕਹਿ ਦਿੱਤਾ ਜਾਂਦਾ ਹੈ। ਮੈਂ ਇਹ ਕਹਿ ਕੇ ਇਸ ਗੱਲ ਦਾ ਖੰਡਨ ਨਹੀਂ ਕਰ ਰਿਹਾ ਕਿ ਸਾਹਿਤ ਲੋਕਾਂ ਲਈ ਨਹੀਂ ਹੋਣਾ ਚਾਹੀਦਾ। ਮੈਂ ਇਸ ਗੱਲ ਦਾ ਕੱਟੜ ਹਾਮੀ ਹਾਂ ਕਿ ਸਾਹਿਤਕਾਰ ਦਾ ਮੂੰਹ ਲੋਕਾਂ ਵਲ ਹੋਣਾ ਲਾਜ਼ਮੀ ਹੈ। ਸਾਹਿਤ ਲੋਕਾਂ ਲਈ ਹੈ ਅਤੇ ਹੋਣਾ ਚਾਹੀਦਾ ਹੈ। ਪਰ ਇਸ ਗੱਲ ਦਾ ਭਾਵ ਇਹ ਕਿਉਂ ਲਿਆ ਜਾਏ ਕਿ ਹਰ ਸਾਹਿਤਕ ਰਚਨਾ ਸਾਧਾਰਨ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਹੀ ਹੋਣੀ ਚਾਹੀਦੀ ਹੈ। 'ਸਾਹਿਤ ਲੋਕਾਂ ਲਈ ਹੋਣਾ ਚਾਹੀਦਾ ਹੈ' ਦਾ ਮਤਲਬ ਜੇ ਇਹ ਹੈ ਕਿ ਸਾਹਿਤ ਸਾਧਾਰਨ ਲੋਕ-ਬੋਲੀ ਦੀ ਪੱਧਰ ਤੋਂ ਉਪਰ ਨਾ ਉਠੇ ਤਾਂ ਮੈਂ ਸਮਝਦਾ ਹਾਂ ਕਿ ਇਹ ਇਕ ਭੋਂਡਾ ਸੰਕਲਪ ਹੈ। ਜਿਵੇਂ ਉਪਰ ਆਖਿਆ ਗਿਆ ਹੈ ਕਿ ਸਾਹਿਤਕਾਰ ਰਚਨਾ ਵਿੱਚ ਆਪੇ ਦਾ, ਪੂਰਨ ਆਪੇ ਦਾ-ਭਾਵਾਂ ਅਤੇ ਵਿਚਾਰਾਂ ਦਾ-ਪ੍ਰਗਟਾ ਕਰਦਾ ਹੈ। ਇਹ ਪੂਰਨ ਆਪਾ ਉਸਦੇ ਸਾਧਾਰਨ ਦੈਨਿਕ ਆਪੇ ਨਾਲੋਂ ਵੱਖਰਾ ਅਤੇ ਉਚੇਰਾ ਹੁੰਦਾ ਹੈ। ਇਸੇ ਲਈ ਸਾਹਿਤਕਾਰ ਦੀ ਰਚਨਾ ਵਿੱਚ ਰੂ ਮਾਨ ਸ਼ਖ਼ਸੀਅਤ ਉਸਦੀ ਸਾਧਾਰਨ ਸ਼ਖ਼ਸੀਅਤ ਦੇ ਮੂੰਹ-ਮੁਹਾਂਦਰੇ ਨਾਲ ਮੇਲ ਨਹੀਂ ਖਾਂਦੀ। ਸੱਚ ਤਾਂ ਇਹ ਹੈ ਕਿ ਸਾਹਿਤਕਾਰ ਸਾਧਾਰਨ ਜੀਵਨ ਵਿੱਚ ਲੋਕਾਂ ਦੇ ਜਿੰਨਾਂ ਵੱਧ ਨੇੜੇ ਹੈ, ਉਸਦਾ ਹਿਰਦਾ ਕਿਤੇ ਵੱਧ ਸੁਹਿਰਦ ਹੈ, ਉਸਦਾ ਅਨੁਭਵ ਜਿੰਨਾਂ ਵਧੇਰੇ ਤੀਖਣ ਹੈ, ਉਹ ਲੋਕਾਂ ਦੀਆਂ ਮੰਗਾਂ ਉਮੰਗਾਂ ਨੂੰ ਜਿੰਨਾਂ ਵਧੇਰੇ ਗਹਿਰਾਈ ਨਾਲ

ਮਹਿਸੂਸ ਕਰਦਾ ਤੇ ਸਮਝਦਾ ਹੈ, ਰਚਨਾ ਦੀ ਘੜੀ, ਸੁਹਜਾਤਮਕ ਕਿਰਿਆਸ਼ੀਲਤਾ ਦੀ ਘੜੀ, ਉਹ ਉਤਨਾ ਹੀ ਉਚਾ ਉਠ ਜਾਂਦਾ ਹੈ । ਇਥੇ ਹੀ ਬੱਸ ਨਹੀਂ ਉਹ ਆਪਣੇ ਪਾਠਕ ਨੂੰ ਵੀ ਸਾਧਾਰਨ ਪੱਧਰ ਤੋਂ ਉਚੇਰੇ ਸੁਹਜਮਈ ਪੱਧਰ ਉਤੇ ਚੁਕ ਲਿਜਾਂਦਾ ਹੈ । ਇੰਜ ਸਾਹਿਤ ਕਿਸੇ ਕੌਮ ਦੇ ਆਤਮਕ ਤੇ ਸਭਿਆਚਾਰਕ ਵਿਕਾਸ ਵਿਚ ਹਿੱਸਾ ਪਾਉਂਦਾ ਹੈ ।

ਮੇਰੀ ਸਮਝ ਕਹਿੰਦੀ ਹੈ ਕਿ ਸੁਹਜਮਈ ਅਨੁਭਵ ਦੇ ਕਲਾਤਮਕ ਪ੍ਰਗਟਾਅ ਨੂੰ ਮਾਣ ਸਕਣ ਦੀ ਦ੍ਰਿਸ਼ਟੀ ਤੋਂ ਲੋਕਾਂ ਦੀਆਂ ਕਈ ਪਰਤਾਂ ਹਨ । ਕੁਲ ਪ੍ਰਕਾਸ਼ਿਤ ਸਾਹਿਤ ਸਮੂਹ ਲੋਕਾਂ ਲਈ ਨਹੀਂ । ਉਹ ਲੋਕ ਇਸਦਾ ਆਨੰਦ ਕਿਵੇਂ ਮਾਣ ਸਕਦੇ ਹਨ ਜਿਹੜੇ ਅੱਖਰ ਉਠਾਲਣ-ਪਛਾਣਨ ਦੀ ਸੋਝੀ ਤੋਂ ਵੀ ਵਿਰਵੇ ਰਖੇ ਗਏ ਹਨ । ਅੱਖਰ ਗਿਆਨ ਰੱਖਣ ਵਾਲੇ ਸਾਰੇ ਲੋਕਾਂ ਨੂੰ ਵੀ ਮੈਂ ਸਿਖਿਅਤ ਲੋਕਾਂ ਨਾਲੋਂ ਅੱਡਰੀ ਇਕ ਪਰਤ ਸਮਝਦਾ ਹਾਂ । **Literate** ਅਤੇ **Educated** ਵਿਚ ਕੁਝ ਅੰਤਰ ਜ਼ਰੂਰ ਹੈ । ਸਮਾਜਕ ਯਥਾਰਥ ਦੀਆਂ ਅਤੇ ਮਨੁੱਖੀ ਮਨ ਦੀਆਂ ਗਹਿਰਾਈਆਂ ਵਿਚ ਡੂੰਘਾ ਉਤਰਣ ਵਾਲੇ ਸਾਹਿਤ ਨੂੰ ਅਜਿਹੇ ਲੋਕ ਉਸ ਹੱਦ ਤਕ ਨਹੀਂ ਸਮਝ-ਮਾਣ ਸਕਦੇ ਜਿਸ ਹੱਦ ਤਕ ਉਚੇਰੀ-ਸਿਖਿਆ ਦੀ ਸਾਣ ਤੇ ਚੜ੍ਹੀ ਤੀਖਣ ਬੁੱਧੀ ਅਤੇ ਡੂੰਘੀ ਨੀਝ ਵਾਲੇ ਲੋਕ ਸਮਝ-ਮਾਣ ਸਕਦੇ ਹਨ । ਫੇਰ ਅਜਿਹੇ ਲੋਕਾਂ ਵਿਚ ਵੀ ਥੋੜ੍ਹੇ ਹੀ ਐਸੇ ਲੋਕ ਹੁੰਦੇ ਹਨ ਜਿਨ੍ਹਾਂ ਨੇ ਰੰਗਾਂ, ਲਕੀਰਾਂ ਅਤੇ ਬਿੰਬਾਂ ਦੀ ਭਾਸ਼ਾ ਨੂੰ ਸਮਝਣ ਦੀ ਵਿਸ਼ੇਸ਼ ਸਿਖਿਆ ਲਈ ਹੋਵੇ । ਜਿਵੇਂ ਸਾਹਿਤ-ਰਚਨਾ ਲਈ ਵਿਸ਼ੇਸ਼ ਭਾਵਾਤਮਕ ਤੇ ਬੌਧਿਕ ਅਭਿਆਸ ਨਾਲ ਪ੍ਰਤਿਭਾ ਦਾ ਵਿਕਾਸ ਹੁੰਦਾ ਹੈ, ਤਿਵੇਂ ਹੀ ਸਾਹਿਤ ਤੇ ਕਲਾ ਨੂੰ ਸਮਝਣ-ਮਾਣਨ ਵਾਸਤੇ ਜਜ਼ਬਿਆਂ, ਵਿਚਾਰਾਂ ਅਤੇ ਰੁਚੀਆਂ ਨੂੰ ਵਿਸ਼ੇਸ਼ ਕਲਾ-ਸਿਖਿਆ ਦੀ ਕੁਠਾਲੀ ਵਿਚ ਪਾਕੇ ਪ੍ਰਤਿਭਾ ਦਾ ਵਿਕਾਸ ਜ਼ਰੂਰੀ ਹੈ । ਕਲਾ ਰਚਨ ਵਾਲਾ ਅਤੇ ਕਲਾ ਨੂੰ ਸਮਝਣ, ਮਾਣਨ ਅਤੇ ਪਰਖਣ ਵਾਲਾ ਦੋਵੇਂ ਪ੍ਰਤਿਭਾ ਦੇ ਸਵਾਮੀ ਹੁੰਦੇ ਹਨ । ਅਤੇ ਪ੍ਰਤਿਭਾ ਅਭਿਆਸ ਦਾ ਫਲ ਹੁੰਦਾ ਹੈ ਕੋਈ ਰੱਬੀ ਕ੍ਰਿਸ਼ਮਾ ਨਹੀਂ । ਪ੍ਰਤਿਭਾਵਾਂ ਵਿਚ ਅੰਤਰ ਜ਼ਰੂਰੀ ਹੈ ਅਤੇ ਸ਼੍ਰੇਣੀ ਸਮਾਜ ਦੇ ਖ਼ਤਮ ਹੋ ਜਾਣ ਨਾਲ ਵੀ ਪ੍ਰਤਿਭਾ ਦੀ ਸਮਾਨਤਾ ਸਥਾਪਿਤ ਨਹੀਂ ਹੋ ਜਾਣੀ । ਇਸ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਕੋਈ ਰਚਨਾ ਕਿਸ ਕਲਾਤਮਕ-ਸਿਖਰ ਨੂੰ ਛੂੰਹਦੀ ਹੈ । ਬੇਸ਼ਕ ਉਹ ਸਰਲ ਸਾਦਾ ਵੀ ਹੋ ਸਕਦੀ ਹੈ ਅਤੇ ਕਿਸੇ ਹੱਦ ਤਕ ਸੂਖ਼ਮ ਤੇ ਜਟਿਲ ਵੀ ।

ਸੰਚਾਰ ਦਾ ਸੰਬੰਧ ਕੇਵਲ ਲੇਖਕ-ਪਾਠਕ ਦੀ ਕਲਾਤਮਕ ਸੋਝੀ ਨਾਲ ਹੀ ਨਹੀਂ ਰਚਨਾ ਦੇ ਕਲਾ-ਰੂਪ ਨਾਲ ਵੀ ਹੈ । ਇਕ ਪਾਸੇ ਅਜਿਹੇ ਸਾਹਿਤ ਰੂਪ ਹਨ ਜਿਹੜੇ ਪਾਠਕ ਤੋਂ ਬਹੁਤ ਉਚੀ ਕਲਪਨਾ, ਉਚੇ ਕਲਾਤਮਕ ਬੋਧ ਦੀ ਮੰਗ ਨਹੀਂ ਕਰਦੇ । ਨਾਟਕ ਦੀ ਹੀ ਮਿਸਾਲ ਲਓ । ਨਾਟਕ ਜਦੋਂ ਮੰਚ ਉਤੇ ਖੇਡਿਆ ਜਾਂਦਾ ਹੋਵੇ ਤਾਂ ਦਰਸ਼ਕ ਸਹਿਜੇ ਹੀ ਪਲਾਟ ਦੀ ਕਹਾਣੀ ਦੇ ਨਾਲ ਨਾਲ ਯਾਤਰਾ ਕਰਦਾ ਜਾਂਦਾ ਹੈ । ਉਸਦੇ ਅਰਥ ਗ੍ਰਹਿਣ ਕਰਨ ਲਈ ਉਸ ਨੂੰ ਆਪਣੀ ਬੁੱਧੀ ਉਤੇ ਇਤਨਾ ਜ਼ੋਰ ਨਹੀਂ ਪਾਉਣਾ ਪੈਂਦਾ ਜਿਤਨਾ ਨਾਟਕ ਦੇ ਪਾਠਕ ਹੋਣ ਦੀ ਹਾਲਤ ਵਿਚ ਪਾਉਣਾ ਪੈਂਦਾ ਹੈ । ਕਾਰਣ ਇਹ ਹੈ ਕਿ ਮੰਚ ਉਤੇ ਘਟਨਾਵਾਂ, ਪਾਤਰ ਅਤੇ ਸਥਿਤੀਆਂ ਆਪਣੇ ਪੂਰੇ ਪਸਾਰ ਵਿਚ ਅੱਖਾਂ ਅੱਗੇ ਉਜਾਗਰ ਹੁੰਦੀਆਂ ਹਨ ਅਤੇ ਦਰਸ਼ਕ ਨੂੰ ਕਲਪਨਾ ਤੋਂ ਬਹੁਤਾ ਕੰਮ ਨਹੀਂ ਲੈਣਾ ਪੈਂਦਾ । ਪਰ ਨਾਵਲ ਦੇ ਅਧਿਅਨ ਸਮੇਂ, ਦਰਸ਼ਨੀ ਕਲਾ ਦੇ ਮੁਕਾਬਲੇ, ਪਾਠਕ ਤੋਂ ਕਲਪਨਾ-ਸ਼ਕਤੀ ਦੀ ਮੰਗ ਵਧ ਜਾਂਦੀ ਹੈ । ਲੇਖਕ ਘਟਨਾਵਾਂ, ਪਾਤਰਾਂ ਅਤੇ ਸਥਿਤੀਆਂ ਦਾ ਸ਼ਬਦ-ਚਿਤਰ ਉਲੀਕਦਾ ਜਾਂਦਾ ਹੈ । ਇਸ ਚਿੱਤਰ ਦੇ ਅਨੇਕਾਂ ਵੇਰਵੇ ਹਨ ਅਤੇ ਇਹਨਾਂ

ਵਿਚਕਾਰ ਇਕ ਮਹੀਨ ਸੰਬੰਧ ਸਥਾਪਿਤ ਹੈ । ਪਾਠਕ ਜੇ ਆਪਣੀ ਯਾਦ-ਸ਼ਕਤੀ ਦੇ ਸਹਾਰੇ ਇਹਨਾਂ ਵੇਰਵਿਆਂ ਨੂੰ ਅਤੇ ਇਹਨਾਂ ਵਿਚਲੇ ਸੰਬੰਧ ਨੂੰ ਗੁੰਮ ਨਾ ਹੋਣ ਦੇਵੇ ਅਤੇ ਹਰ ਵਿਸ਼ੇਸ਼ ਮੋੜ ਉਤੇ ਆਪਣੀ ਕਲਪਨਾ ਸ਼ਕਤੀ ਨਾਲ ਇਹਨਾਂ ਨੂੰ ਮੁੜ ਸਾਕਾਰ ਕਰਕੇ ਪੂਰਨ ਚਿਤਰ ਨੂੰ ਮਨ-ਚਿੱਤ ਵਿਚ ਉਤਾਰ ਸਕੇ ਤਾਂ ਹੀ ਉਹ ਨਾਵਲ ਦਾ ਪੂਰਾ ਅਨੰਦ ਲੈ ਸਕਦਾ ਹੈ ਅਤੇ ਇਸ ਵਿਚ ਪੇਸ਼ ਕੀਤੀ ਗਈ ਵਸਤੂ ਨੂੰ ਪਕੜ ਵਿਚ ਲੈ ਸਕਦਾ ਹੈ ।

ਕਵਿਤਾ ਦੇ ਪਾਠਕ ਲਈ ਇਹ ਸਾਰੀ ਕਿਰਿਆ ਹੋਰ ਵੀ ਮੁਸ਼ਕਿਲ ਹੁੰਦੀ ਹੈ । ਇਹੀ ਕਾਰਨ ਹੈ ਕਿ ਸੰਚਾਰ ਦੀ ਸਮੱਸਿਆ ਜਿਸ ਜਟਿਲ ਰੂਪ ਵਿਚ ਕਾਵਿ-ਖੇਤਰ ਵਿਚ ਸਾਹਮਣੇ ਆਉਂਦੀ ਹੈ ਸਾਹਿਤ ਦੇ ਬਾਕੀ ਖੇਤਰਾਂ ਵਿਚ ਨਹੀਂ ਆਉਂਦੀ । ਇਸਦਾ ਇਕ ਕਾਰਨ ਤਾਂ ਇਹ ਹੈ ਕਿ ਕਵਿਤਾ ਵਧੇਰੇ ਸੂਖਮ ਕਲਾ ਹੈ । ਦੂਜੇ ਕਵਿਤਾ ਭਾਵੇਂ ਹੈ ਸ਼ਬਦਾਂ ਦੀ ਕਲਾ ਹੀ ਪਰ ਇਥੇ ਸ਼ਬਦਾਂ ਅਤੇ ਭਾਸ਼ਾ ਦਾ ਪ੍ਰਯੋਗ ਸਾਹਿਤ ਦੇ ਦੂਜੇ ਰੂਪਾਂ ਦੇ ਟਾਕਰੇ ਬਹੁਤ ਭਿੰਨ ਹੁੰਦਾ ਹੈ । ਸ਼ਬਦ ਵਿਸ਼ੇਸ਼ ਪ੍ਰਸੰਗ ਵਿਚੋਂ ਆ ਕੇ ਆਮ ਸਾਧਾਰਨ ਅਰਥਾਂ ਤੋਂ ਬਿਨਾਂ ਵਿਸ਼ੇਸ਼ ਅਰਥ ਵੀ ਧਾਰਨ ਕਰ ਲੈਂਦੇ ਹਨ । ਇਹ ਵਿਸ਼ੇਸ਼ ਅਤੇ ਨਵੇਕਲੇ ਅਰਥ ਪਾਠਕ ਦੀ ਪਕੜ ਵਿਚ ਨਾ ਆਉਣ ਦਾ ਸਿੱਟਾ ਸੰਚਾਰ ਦੀ ਸਮੱਸਿਆ ਹੈ । ਕਵਿਤਾ ਪਾਠਕ ਦੇ ਮਨ ਵਿਚ ਕਿਸੇ ਰਸ ਦਾ ਸੰਚਾਰ ਨਹੀਂ ਕਰ ਸਕਦੀ ।

ਇਸ ਤੋਂ ਬਿਨਾਂ ਕਵਿਤਾ ਵਿਚ ਭਾਵ ਤੇ ਵਿਚਾਰ, ਦੂਜੇ ਲਫਜ਼ਾਂ ਵਿਚ ਕਾਵਿ-ਵਸਤੂ, ਬਿੰਬਾਂ ਦੀ ਸ਼ਕਲ ਵਿਚ ਰੂਪਮਾਨ ਹੁੰਦੇ ਹਨ । ਕੋਈ ਮਾਨਸਿਕ ਸਥਿਤੀ, ਕੋਈ ਘਟਨਾ ਇਹਨਾਂ ਬਿੰਬਾਂ ਵਿਚ ਲੁਪਤ ਰਹਿੰਦੀ ਹੈ । ਇਹ ਬਿੰਬ ਕੁਝ ਕਹਿੰਦੇ ਨਹੀਂ, ਸੰਕੇਤ ਕਰਦੇ ਹਨ । ਕਵੀ ਪਾਠਕ ਨੂੰ ਕੁਝ ਸੁਝਾਉਂਦਾ ਹੈ । ਉਸਦੇ ਮਨ ਵਿਚ ਇਕ ਭਾਵਕ ਸਥਿਤੀ ਸਿਰਜਣ ਦਾ ਜਤਨ ਕਰਦਾ ਹੈ । ਪਾਠਕ ਆਪਣੀ ਕਲਪਨਾ-ਸ਼ਕਤੀ ਦੇ ਸਹਾਰੇ ਸੰਪੂਰਨ ਕਾਵਿ-ਸਥਿਤੀ ਦਾ ਮਾਨਸਿਕ ਰੂਪ ਵਿਚ ਪੁਨਰ-ਸਿਰਜਣ ਕਰਦਾ ਹੈ ਅਤੇ ਆਪਣੀ ਆਤਮਾ ਨੂੰ ਰਚਨਾ ਦੀ ਆਤਮਾ ਨਾਲ ਇਕਮਿਕ ਕਰਦਾ ਹੈ । ਜਦੋਂ ਅਜਿਹਾ ਨਹੀਂ ਹੁੰਦਾ ਤਾਂ ਰਚਨਾ ਆਪਣੇ ਮਨੋਰਥ ਵਿਚ ਅਸਫਲ ਰਹਿੰਦੀ ਹੈ । ਇਸ ਅਸਫਲਤਾ ਦਾ ਕਾਰਨ ਪਾਠਕ ਦੀ ਕਲਪਨਾ-ਸ਼ਕਤੀ, ਸੁਹਜ-ਅਨੁਭਵ ਤੇ ਕਾਵਿ-ਅਭਿਆਸ ਦੀ ਘਾਟ ਵੀ ਹੋ ਸਕਦਾ ਹੈ ਅਤੇ ਕਾਵਿ-ਵਸਤੂ ਤੇ ਲੇਖਕ ਦੀ ਸ਼ਿਲਪ-ਕਲਾ ਵੀ ।

ਕਵਿਤਾ ਭਾਵ ਦਾ ਕਲਾਤਮਕ ਪ੍ਰਗਟਾ ਹੈ । ਭਾਵਕ ਬਣਤਰ ਦੀ ਦ੍ਰਿਸ਼ਟੀ ਤੋਂ ਹਰ ਵਿਅਕਤੀ ਦੂਜੇ ਵਿਅਕਤੀ ਨਾਲੋਂ ਵੱਖਰਾ ਹੈ । ਸਾਡਾ ਸਭ ਦਾ ਅਨੁਭਵ-ਖੇਤਰ ਵੀ ਕਈ ਪੱਖਾਂ ਤੋਂ ਵੱਖਰਾ ਵੱਖਰਾ ਹੁੰਦਾ ਹੈ । ਅਨੁਭਵ ਕਰਨ ਦੀ ਸ਼ਕਤੀ ਦੀ ਤੀਖਣਤਾ ਦੀ ਪੱਧਰ ਵੀ ਅਲੱਗ ਅਲੱਗ ਹੁੰਦੀ ਹੈ । ਰੁਚੀਆਂ ਤੇ ਬਿਰਤੀਆਂ, ਉਮੰਗਾਂ ਤੇ ਮਨੋਰਥ ਵੀ ਵਖਰੇ ਵਖਰੇ ਹਨ । ਇਸੇ ਲਈ ਹਰ ਵਿਅਕਤੀ ਆਪਣੇ ਆਪ ਵਿਚ ਵਿਲੱਖਣ ਹੈ । ਉਸ ਦਾ ਨਿੱਜ ਕਿਸੇ ਹੋਰ ਦੇ ਨਿੱਜ ਦੀ ਨਕਲ ਨਹੀਂ । ਕਵੀ ਜਦੋਂ ਆਪਣੇ ਭਾਵਾਂ ਨੂੰ ਕਾਵਿ-ਰੂਪ ਦਿੰਦਾ ਹੈ ਤਾਂ ਉਹ ਉਹਨਾਂ ਨੂੰ ਨਿਜੀ ਤੋਂ ਅਨਿਜੀ ਬਣਾ ਦਿੰਦਾ ਹੈ । ਕਾਵਿ-ਕਲਾ ਕਵੀ ਤੇ ਪਾਠਕ ਦੀ ਚੇਤੰਨਤਾ ਨੂੰ ਨਿੱਜੀ ਵਿਹਾਰਕ ਸੰਸਾਰ ਦੀ ਪੱਧਰ ਤੋਂ ਉਪਰ ਚੁਕ ਕੇ ਸਮੂਹਕ ਮਾਨਵੀ ਭਾਵਾਂ ਦੀ ਪੱਧਰ 'ਤੇ ਲੈ ਜਾਂਦੀ ਹੈ । ਸਾਂਝੇ ਭਾਵ-ਜਗਤ ਵਿਚ ਪ੍ਰਵੇਸ਼ ਕਰਕੇ ਲੇਖਕ-ਪਾਠਕ ਵਿਚਾਲੇ ਭਾਵਾਂ ਦੀ ਸਾਂਝ ਪੈਦਾ ਹੋ ਜਾਂਦੀ ਹੈ । ਕਈ ਵਾਰੀ ਇਹ ਸਾਂਝ ਪੈਦਾ ਨਾ ਕਰ ਸਕਣ ਲਈ ਕਵੀ ਆਪ ਜ਼ਿੰਮੇਦਾਰ ਹੁੰਦਾ ਹੈ । ਇਸਦਾ ਕਾਰਨ ਉਸਦੀ ਕਲਾ ਦੀ ਕਚਿਆਈ ਵੀ ਹੋ ਸਕਦਾ ਹੈ ਤੇ ਉਸ ਦਾ ਆਪ-ਹੁਦਾਰਾਪਨ

ਵੀ, ਉਸ ਦਾ ਆਤਮ-ਮੁਖ ਹੋਏ ਰਹਿਣ ਲਈ ਜ਼ਿੱਦ ਕਰਨਾ ਵੀ।

ਇਹ ਆਪ-ਹੁਦਰਾਪਨ ਕਵੀ ਵਲੋਂ ਸ਼ਬਦਾਂ- ਪ੍ਰਤੀਕਾਂ ਦੀ ਮਨ-ਮੱਤੀ ਵਰਤੋਂ, ਅਤਿਅੰਤ ਨਿਜੀ ਜੀਵਨ ਦੇ ਖੇਤਰ ਨਾਲ ਸੰਬੰਧਿਤ ਜਾਂ ਨਿਜੀ ਅਹਿਸਾਸ ਨਾਲ ਸੰਬੰਧਿਤ ਬਿੰਬ ਸਿਰਜਣ ਵਿਚ ਹੀ ਨਹੀਂ ਸਗੋਂ ਕਵਿਤਾ ਦੀ ਵਸਤੂ—ਭਾਵ-ਵਿਚਾਰ—ਵਲ ਉਸ ਦੇ ਵਤੀਰੇ ਤੋਂ ਵੀ ਪ੍ਰਗਟ ਹੁੰਦਾ ਹੈ। ਅੱਜ ਦੇ ਅਧੁਨਿਕਤਾਵਾਦੀ ਕਵੀ ਬਹੁਤਾ ਇਸ ਆਪ-ਹੁਦਰੇਪਨ ਦਾ ਹੀ ਸ਼ਿਕਾਰ ਹਨ। ਕਲਾਕਾਰ ਦੀ ਨਿਰਪੇਖ ਸੁਤੰਤਰਤਾ (**Absolute Freedom**) ਦੇ ਇਹ ਅਭਿਲਾਸ਼ੀ ਅਰਾਜਕਤਾ, ਅੰਤਰਮੁਖਤਾ, ਧੁੰਦਵਾਦ, ਰੂਪਵਾਦ, ਹੁਨਰ ਦੀਆਂ ਕਲਾਬਾਜ਼ੀਆਂ, ਅਮੂਰਤ ਪ੍ਰਤੀਕਾਂ, ਅਪੂਰਨ ਅਤੇ ਅਤਿ ਦੇ ਨਿਜੀ ਅਰਥ ਰੂਪਮਾਨ ਕਰਨ ਵਾਲੇ ਬਿੰਬਾਂ ਦੀ ਸਿਰਜਣਾ ਵਿਚ ਗ਼ਲਤਾਨ ਹਨ। ਉਹ ਭੁਲ ਜਾਂਦੇ ਹਨ ਕਿ ਕਲਾਕਾਰ ਦੀ ਸੁਤੰਤਰਤਾ ਆਤਮ ਤੋਂ ਮੁਕਤ ਹੋਣ ਵਿਚ ਹੈ, ਆਤਮ ਅੰਦਰ ਕੈਦ ਹੋਣ ਵਿਚ ਨਹੀਂ। ਇਸੇ ਲਈ ਹੀ ਅੱਜ ਸਾਡੀ ਭਾਸ਼ਾ ਵਿਚ ਰਚੀ ਜਾ ਰਹੀ ਬਹੁਤ ਸਾਰੀ ਅਧੁਨਿਕਤਾਵਾਦੀ ਕਵਿਤਾ ਅਰਥ-ਸੰਚਾਰ ਦੀ ਦ੍ਰਿਸ਼ਟੀ ਤੋਂ ਬੁਰੀ ਤਰ੍ਹਾਂ ਅਸਫਲ ਹੈ। ਪਰ ਇਹਨਾਂ ਕਵੀਆਂ ਨੂੰ ਸਾਇਦ ਇਸ ਗੱਲ ਦੀ ਕੋਈ ਫਿਕਰ ਨਹੀਂ ਕਿਉਂਕਿ ਉਹ ਆਪਣੇ ਪਾਠਕਾਂ ਨੂੰ ਅਗਿਆਨ ਦਾ ਸਰਟੀਫਿਕੇਟ ਦੇਕੇ ਆਪਣੀ ਹਉਮੈਂ ਨੂੰ ਪੱਠੇ ਪਾ ਲੈਂਦੇ ਹਨ। ਸਾਡਾ, ਮਾਰਕਸਵਾਦੀਆਂ ਦਾ, ਇਹ ਵਿਸ਼ਵਾਸ਼ ਹੈ ਕਿ ਸੁਤੰਤਰਤਾ ਨਿਰਪੇਖ ਨਹੀਂ, ਸਾਪੇਖ ਤੇ ਜਮਾਤੀ ਸੰਕਲਪ ਹੈ। ਉਪਰੋਕਤ ਕਿਸਮ ਦੀ ਸੁਤੰਤਰਤਾ ਦੀ ਤਲਾਸ਼ ਕਰਨਾ ਕਲਾ ਨੂੰ ਪੂੰਜੀਵਾਦੀ ਸਮਾਜ ਦੀਆਂ ਲੋਟੂ ਜਮਾਤਾਂ ਦੀ ਸੇਵਾ ਵਿਚ ਅਰਪਨ ਕਰਨਾ ਹੈ। ਹਰ ਸਾਹਿਤ ਦਾ ਕੋਈ ਸਮਾਜੀ ਮਨੋਰਥ ਹੈ ਜਾਂ ਨਹੀਂ ਉਸਦਾ ਸਮਾਜੀ ਪ੍ਰਭਾਵ ਅਵੱਸ਼ ਹੀ ਹੈ। ਅਜਿਹੀ ਮਨੋਰਥਹੀਨ ਕਵਿਤਾ ਵੀ ਇਕ ਖਤਰਨਾਕ ਸਮਾਜੀ ਪ੍ਰਭਾਵ ਪੈਦਾ ਕਰ ਰਹੀ ਹੈ।

ਅਕਸਰ ਅਜਿਹੀ ਰਚਨਾ ਨੂੰ ਉਚੇਰੀ ਕਲਾ ਜਾਂ "ਸ਼ੁਧ ਕਲਾ" ਕਹਿ ਕੇ ਵਡਿਆਇਆ ਜਾਂਦਾ ਹੈ। ਸਾਡੇ ਉਤੇ, ਪ੍ਰਗਤਿਸ਼ੀਲ ਲੇਖਕਾਂ ਉਤੇ, ਖੁਲ੍ਹੀ ਸਪਾਟ ਗੱਲ ਆਖਣ ਵਾਲੀ ਤੁਕਬੰਦੀ ਨੂੰ ਕਲਾ ਦਾ ਨਾਂ ਦੇਣ ਦਾ ਦੋਸ਼ ਲਾਇਆ ਜਾਂਦਾ ਹੈ। ਮਾਰਕਸਵਾਦੀ ਸੁਹਜ-ਸ਼ਾਸਤਰ ਕਲਾ-ਹੀਣ ਪਰਚਾਰਵਾਦੀ ਰਚਨਾ ਨੂੰ ਉਚੇਰੇ ਸਾਹਿਤ ਦਾ ਸਥਾਨ ਨਹੀਂ ਦੇਂਦਾ। ਕਲਾਤਮਕ ਪ੍ਰਗਟਾ ਤੋਂ ਹੀਣੀ ਨਰੋਈ ਵਸਤੂ ਵੀ ਸਾਹਿਤ ਕਿਵੇਂ ਹੋ ਸਕਦੀ ਹੈ? ਐਨ ਇਸੇ ਤਰ੍ਹਾਂ ਵਸਤੂ-ਹੀਣ ਰਚਨਾ ਵੀ ਸਾਹਿਤ ਨਹੀਂ ਹੋ ਸਕਦੀ। ਜਿਵੇਂ ਜੀਵਨ ਦਾ ਡੂੰਘਾ ਗਿਆਨ ਕਲਾਤਮਕ ਪ੍ਰਤਿਭਾ ਦੀ ਘਾਟ ਦੀ ਪੂਰਤੀ ਨਹੀਂ ਕਰ ਸਕਦਾ ਤਿਵੇਂ ਹੀ ਸਿਰਜਣਾਤਮਕ ਤੇ ਕਲਾਤਮਕ ਪ੍ਰਤਿਭਾ ਯਥਾਰਥ ਤੋਂ ਦੂਰ ਨਸ ਜਾਣ ਦੇ ਬਦਲੇ ਵਿਚ ਸਵੀਕਾਰੀ ਸਲਾਹੀ ਨਹੀਂ ਜਾ ਸਕਦੀ। ਰਚਨਾ ਵਿਚ ਵਸਤੂ ਅਤੇ ਰੂਪ ਇਕ ਅਖੰਡ ਇਕਾਈ ਬਣਕੇ ਰੂਪਮਾਨ ਹੋਣੇ ਚਾਹੀਦੇ ਹਨ। ਜਿਹੜਾ ਲੇਖਕ ਆਪਣੇ ਨਿਜ ਦੇ ਖੋਲ ਵਿਚੋਂ ਨਿਕਲਕੇ ਉਚੇਰਾ ਨਹੀਂ ਉਠਦਾ ਅਤੇ ਆਪਣੇ ਨਾਲ ਹੀ ਪਾਠਕ ਨੂੰ ਵੀ ਮਾਨਵੀ ਅਨੁਭਵ ਦੇ ਜਗਤ ਵਿਚ ਨਹੀਂ ਲੈ ਜਾਂਦਾ ਉਸ ਦੀ ਰਚਨਾ ਅਰਥ-ਸੰਚਾਰ ਦਾ ਸੰਕਟ ਪੈਦਾ ਕਰੇਗੀ ਹੀ। ਆਪ ਹੁਦਰੇਪਨ ਨੂੰ ਸੰਚਾਰ ਮਈ ਪ੍ਰਤੀਕਾਂ ਵਿਚ ਨਹੀਂ ਢਾਲਿਆ ਜਾ ਸਕਦਾ।□

[136, ਗੌਤਮ ਨਗਰ, ਨਵੀਂ ਦਿੱਲੀ-49]

ਬੜੇ ਅਜੀਬ ਜਿਹੇ !

ਰਮਨ

ਹੱਥਾਂ ਤੇ ਪਏ ਅੱਟਣਾਂ 'ਤੇ ਉਗਦੇ ਨੇ, ਬੜੇ ਅਜੀਬ ਜਿਹੇ !
ਚੁਗਦੇ ਨੇ ਹਰਿਆਵਲ ਖੇਤਾਂ 'ਚੋਂ
ਕਾਲਖ਼ ਦੇ ਬੂਝੇ ਜਿਹੇ।
ਮੱਥੇ 'ਚੋਂ ਮਾਨਸ ਰੀਝਾਂ ਦੇ
ਪਹਿਨ ਕੇ ਉਦਾਸੀ ਦੇ ਕੱਫਣ
ਤੁਰਦੇ ਨੇ ਨਿੱਤ ਕਬਰਾਂ ਨੂੰ, ਬੜੇ ਗਰੀਬ ਜਿਹੇ ॥

ਬਦਲਾਈ ਰਾਤ ਹੈ, ਕੋਈ ਵੀ ਸਿਤਾਰਾ ਨਹੀਂ
ਦੂਰ ਤੀਕ ਮੈਦਾਨ ਸੱਖਣੇ, ਕਿਤੇ ਵੀ ਚਾਰਾ ਨਹੀਂ
ਖਾਲੀ ਖੁਰਲੀਆਂ ਸੰਗ ਬੱਧੇ, ਇਹ ਰੰਭਦੇ,
ਦਿਸ਼ਾਹੀਣ ਜਿਹੇ ਟੁਕਦੇ ਆਪਣੇ ਹੀ ਅਸਮਾਨਾਂ ਨੂੰ,
ਇਹ ਜ਼ਿੰਦਗੀ ਘਸੀਟਦੇ, ਅੱਧ ਵਿਚਕਾਰ ਰਸਤੇ ਦੇ
ਛਾਤੀ ਨਾਲ ਲਟਕਦੇ ਤਮਗਿਆਂ ਵਰਗੇ ਰੁੱਖਾਂ ਨੂੰ,
ਖੰਜਰ ਮਹਿਸੂਸਦੇ ਨੇ।
ਆਪਣੀ ਹੀ ਜੇਬ ਨੂੰ ਲੁਟਾ ਦਿੰਦੇ ਨੇ ਜ਼ਿੰਦਗੀ ਦੀਆਂ ਦੌਲਤਾਂ ॥
ਇਹ ਗੁਜ਼ਰਦੇ ਨਹੀਂ, ਪੱਥਰਾਂ ਨੂੰ ਮਿੱਧ ਕੇ
ਇਹ ਟੱਪਦੇ ਨਹੀਂ: ਲੱਕ ਕੁ ਜਿੰਨੀਆਂ ਦੀਵਾਰਾਂ
ਇਹ ਤਾਂ ਹੱਡ ਮਾਸ ਦੇ ਮੱਥੇ ਭੰਨਦੇ ਨੇ, ਚਟਾਨਾਂ 'ਚ ਮਾਰ ਮਾਰ ਕੇ ॥

ਇਹ ਤਾਂ ਅਣਡਿੱਠ ਕਰਦੇ ਰਹੇ
ਆਪਣੀਆਂ ਹੀ ਛੰਨਾਂ 'ਚੋਂ ਉਠਦਾ ਧੂੰਆਂ, ਸ਼ਰੀਕ ਜਿਹਾ।
ਇਹ ਤਾਂ ਸੋਚਦੇ ਰਹੇ
ਕਾਹੀ 'ਚੋਂ ਮਿੱਠਾ ਰਸ ਕੱਢਣ ਦੀਆਂ ਫੋਕੀਆਂ ਤਰਕੀਬਾਂ ॥
ਇਹ ਘਰ ਦੀਆਂ ਮੱਠੀਆਂ ਅੱਗਾਂ 'ਤੇ ਪਹਿਰਾ ਦਿੰਦੇ
ਖੱਟਦੇ ਨੇ ਝੋਲੀ ਰਾਖ ਦੀ
ਫਿਰ ਹੰਢਾਉਂਦੇ ਨੇ ਸਾਰੀ ਉਮਰ
ਭਰਿੰਡਾਂ ਵਰਗੇ ਬੱਦਲਾਂ ਦੇ ਸੁਪਨੇ।
ਢਲਦਿਆਂ ਪਰਛਾਵਿਆਂ 'ਚ ਇਹ ਧਤੂਰੇ ਦੇ ਬੀਅ ਬੀਜਦੇ...........

[ਪਿੰਡ ਤੇ ਡਾਕਘਰ ਪੁੜੈਣ, ਜ਼ਿਲਾ ਲੁਧਿਆਣਾ]

ਕਵੀਸ਼ਰ ਮਾਘੀ ਸਿੰਘ

ਸੁਰਜੀਤ ਗਿੱਲ

ਵੀਹਵੀਂ ਸਦੀ ਦੇ ਪਹਿਲੇ ਪੰਜਾਹ ਵਰ੍ਹਿਆਂ ਦਾ ਕਿਹੜਾ ਪੇਂਡੂ ਮਲਵਈ ਹੈ ਜਿਸਨੇ ਕਵੀਸ਼ਰ ਮਾਘੀ ਸਿੰਘ ਦਾ ਅਖਾੜਾ ਨਹੀਂ ਸੁਣਿਆਂ ਤੇ ਉਸਦੀ ਕਾਵਿ-ਕਲਾ ਦਾ ਰਸ ਨਹੀਂ ਮਾਣਿਆ। ਉਸਦੇ ਗਾਏ ਹੋਏ ਸੁੱਚਾ ਸਿੰਘ ਸੰਮਾਂਵਾਲੇ ਦੇ ਕਿੱਸੇ ਉਤੇ ਮੇਲਿਆਂ ਵਿਚ ਡਾਂਗ ਚਲਦੀ ਨਹੀਂ ਵੇਖੀ। ਅੱਜ ਵੀ ਮਾਘੀ ਸਿੰਘ ਦੀ ਪੱਤਲ ਆਪਣੀ ਕਿਸਮ ਦੀ ਅਦੁਤੀ ਲਿਖਤ ਹੈ, ਹਾਲਾਂਕਿ ਇਸਦੀ ਵਰਤੋਂ ਪਹਿਲਾਂ ਵਾਂਗ ਨਹੀਂ ਹੁੰਦੀ। ਕਵੀਸ਼ਰ ਮਾਘੀ ਸਿੰਘ ਦੇ ਲਿਖੇ ਹੋਏ ਛੰਦ 'ਚੋਬਰ ਨੀ ਕੋਹੜੀ ਆ ਜਹਾਨ ਦਾ' ਮਲਵਈ ਦੇ ਖਾੜਕੂ ਤੇ ਖੁਲ੍ਹੇ ਖੁਲਾਸੇ ਸੁਭਾ ਦੇ ਕੌਮੀ ਨਾਹਰੇ ਵਾਂਗ ਹਨ। ਚੋਬਰਾਂ ਦੀ ਢਾਣੀ ਵਿਚ ਤੇ ਕਾਲਜ ਦੀਆਂ ਗਰਾਊਂਡਾਂ ਵਿਚ ਜੁੜ ਬੈਠੇ ਮੁਛ ਫੁਟਾਂ ਦੀ ਚੌਕੜੀ ਵਿਚ ਨਕਸਲੀ ਗੀਤਾਂ ਦੇ ਨਾਲ ਹੀ ਗਾਏ ਜਾਂਦੇ ਹਨ। ਪਰੰਤੂ ਦੂਜੇ ਕਵੀਆਂ ਤੇ ਕਿੱਸਾਕਰਾਂ ਵਾਂਗ ਇਹ ਕਵੀ ਵੀ ਕੁਝ ਸਮੇਂ ਤੋਂ ਲੋਕਾਂ ਦੀਆਂ ਅੱਖਾਂ ਤੋਂ ਦੂਰ ਹੁੰਦਾ ਹੁੰਦਾ ਦਿਲਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਕਵੀ ਦੀ ਕਾਵਿ-ਕਲਾ ਤੇ ਪ੍ਰਤਿਭਾ ਤੋਂ ਅਣਜਾਣ ਵਿਅਕਤੀ ਇਸ ਦੀ ਮਹਾਨਤਾ ਤੋਂ ਇਨਕਾਰੀ ਹਨ। ਮਾਲਵੇ, ਤੇ ਫਿਰ ਪਛੜੇ ਹੋਏ ਇਲਾਕੇ ਦਾ, ਜੰਮ ਪਲ ਤੇ ਵਿਚਰਨ ਵਾਲਾ ਹੋਣ ਤੇ ਯੂਨੀਵਰਸਿਟੀ ਕੇਂਦਰਾਂ ਤੋਂ ਦੂਰ ਹੋਣ ਕਾਰਨ, ਕਿਸੇ ਖੋਜੀ ਲਈ ਉਹ ਖੋਜ ਦਾ ਵਿਸ਼ਾ ਵੀ ਨਹੀਂ ਬਣ ਸਕਿਆ। ਹਾਲਾਂਕਿ ਉਹਦੀ ਘਾਲਣਾ ਮਿਕਦਾਰ ਤੇ ਗੁਣਾਂ ਪਖੋਂ ਅਜਿਹੀ ਹੈ ਕਿ ਉਸਨੂੰ ਕਾਵਿ ਸਾਗਰ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ।

ਇਸ ਕਵੀ ਦਾ ਜਨਮ 1884 ਈਸਵੀ ਦੇ ਲਗਪਗ ਹੋਇਆ। ਕਿਉਂਕਿ ਇਸ ਨੇ ਆਪਣੇ ਇਕ ਕਿੱਸੇ (ਪੱਤਲ) ਵਿਚ ਆਪ ਲਿਖਿਆ ਹੈ ਕਿ ਸਾਲ 59ਵਾਂ ਤੇ ਉਮਰ ਅਠਾਰਾਂ ਸਾਲ ਜੀ। 1959 ਬਿਕਰਮੀ 1884 ਈਸਵੀ ਬਣਦੀ ਹੈ। ਪਰ ਇਕ ਪ੍ਰਚਲਿਤ ਗੱਲ ਹੈ ਕਿ ਉਸ ਦੀ ਉਮਰ ਉਸ ਸਮੇਂ ਅਠਾਰਾਂ ਸਾਲ ਦੀ ਨਹੀਂ ਸੀ ਬਲਕਿ ਘਟ ਸੀ। ਨਾਬਾਲਗ ਹੋਣ ਕਾਰਨ ਉਸ ਬਾਲਗ ਹੋਣ ਲਈ ਆਪਣੀ ਉਮਰ ਅਠਾਰਾਂ ਸਾਲ ਦੱਸੀ ਸੀ। ਇਸ ਲਈ 1884 ਦੇ ਜਨਵਰੀ ਮਹੀਨੇ ਵਿਚ ਹੀ ਉਸ ਦਾ ਜਨਮ ਮੰਨ ਲੈਂਦੇ ਹਾਂ। ਮਾਘੀ ਵਾਲੇ ਦਿਨ ਜੰਮਣ ਕਾਰਨ ਹੀ ਉਸ ਦਾ ਨਾਂ ਮਾਘੀ ਸਿੰਘ ਰਖਿਆ ਗਿਆ ਸੀ।

ਕਵੀ ਦੇ ਪਿਤਾ ਦਾ ਨਾਂ ਸਰਦਾਰ ਹਜ਼ਾਰਾ ਸਿੰਘ ਸੀ ਜੋ ਕਿ ਪਿੰਡ ਗਿੱਲ ਖੁਰਦ, ਥਾਣਾ ਬਾਲਿਆਂਵਾਲੀ, ਜ਼ਿਲਾ ਬਠਿੰਡਾ ਦਾ ਰਹਿਣ ਵਾਲਾ ਸੀ ਅਤੇ ਕਵੀ ਦੇ ਜਨਮ ਸਮੇਂ ਪਿੰਡ ਕੋਠਾ ਗੁਰੂ, ਥਾਣਾ ਦਿਆਲਪੁਰਾ ਜ਼ਿਲਾ ਬਠਿੰਡਾ ਵਿਚ ਆਪਣੀ ਭੈਣ ਕੋਲ ਹੀ ਰਹਿੰਦਾ ਸੀ। ਕਵੀ ਦਾ ਜਨਮ ਇਥੇ ਹੀ ਹੋਇਆ ਤੇ ਮੁਢਲਾ ਬਚਪਨ ਵੀ ਇਥੇ ਬੀਤਿਆ। ਤਕਰੀਬਨ ਬਾਰਾਂ ਸਾਲ ਦੀ ਉਮਰ ਵਿਚ ਆਪਣੇ ਅਸਲੀ ਪਿੰਡ ਗਿੱਲ ਖੁਰਦ ਆਏ। ਕਵੀ ਦੇ ਪਿਤਾ ਸ: ਹਜ਼ਾਰਾ ਸਿੰਘ ਆਪ ਅਨਪੜ੍ਹ ਸਨ, ਪਰੰਤੂ ਉਹਨਾਂ ਨੂੰ ਬਹੁਤ ਸਾਰੇ ਕਿੱਸੇ ਤੇ ਛੰਦ ਮੂੰਹ ਜਬਾਨੀ ਯਾਦ ਸਨ। ਉਹ ਬਚਪਨ ਵਿੱਚ ਹੀ ਆਪਣੀ ਕਲਾ ਦੀ ਵਰਤੋਂ ਮਾਲ ਚਾਰਨ ਸਮੇਂ

ਡੰਗਰਾਂ ਨੂੰ ਮੋੜ ਲਾਉਣ ਬਦਲੇ ਛੰਦ ਸੁਣਾਕੇ ਕਰਿਆ ਕਰਦੇ ਸਨ। ਕਵੀ ਦੀ ਮਾਤਾ ਪ੍ਰੇਮ ਕੌਰ ਜਿਹੜੀ ਪਿੰਡ ਪੂਹਲਾ ਥਾਣਾ ਨਥਾਨਾ ਜ਼ਿਲਾ ਬਠਿੰਡਾ ਦੀ ਸੀ ਖੁਦ ਲੋਕ ਕਲਾਕਾਰ ਤੇ ਗੀਤਕਾਰ ਸੀ। ਉਹ ਵਿਆਹਾਂ ਅਤੇ ਸ਼ਾਦੀਆਂ ਵਿਚ ਗੀਤ ਜੋੜਕੇ ਗਾਉਂਦੀ ਸੀ। ਘਰ ਵਿਚ ਰੰਗ ਤੇ ਮਿੱਟੀ ਨਾਲ ਮੂਰਤਾਂ ਵਾਹੁੰਦੀ ਇੱਥੋਂ ਤਕ ਕਿ ਉਹ ਅਪਣੇ ਗਹੀਰੇ ਨੂੰ ਗੋਹੇ ਨਾਲ ਲਿਪਣ ਲਗੀ ਵੀ ਕੋਈ ਨਾ ਕੋਈ ਮੂਰਤ ਵਾਹ ਦਿੰਦੀ।

ਇਸ ਤਰ੍ਹਾਂ ਕਵੀ ਨੂੰ ਕਾਵਿ-ਕਲਾ ਵਿਰਸੇ ਵਿਚ ਮਿਲੀ। ਪਿੰਡ ਗਿੱਲ ਖੁਰਦ ਵਿਚ ਡੇਰੇ ਅੰਦਰ ਇਕ ਸਾਧੂ ਖੁਸ਼ਹਾਲਦਾਸ ਰਹਿੰਦੇ ਸਨ ਜਿਨ੍ਹਾਂ ਬਾਰੇ ਦਸਿਆ ਜਾਂਦਾ ਹੈ ਕਿ ਉਹਨਾਂ ਨੇ ਬਾਕਾਇਦਾ ਡਾਕਟਰੀ ਵਿਦਿਆ ਪ੍ਰਾਪਤ ਕੀਤੀ ਸੀ ਤੇ ਪਿੱਛੋਂ ਸਾਧੂ ਹੋਏ ਸਨ। ਉਹ ਵਿਦਵਾਨ ਤੇ ਕਈ ਭਾਸ਼ਾਵਾਂ ਦੇ ਜਾਣੂ ਸਨ। ਸਾਧੂ ਹੋਣ ਤੇ ਵੀ ਭੇਖੀ ਨਹੀਂ ਸਨ ਤੇ ਖੁੱਲ੍ਹੇ ਖੁਲਾਸੇ ਵਿਚਾਰਾਂ ਦੇ ਸਨ। ਕਵੀ ਨੇ ਇਹਨਾਂ ਤੋਂ ਵੀ ਵਿਦਿਆ ਤੇ ਪਿੰਗਲ ਦਾ ਗਿਆਨ ਪ੍ਰਾਪਤ ਕੀਤਾ। ਆਪਣੀ ਤੀਖਣ ਬੁੱਧੀ ਕਾਰਨ ਛੇਤੀ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਸਿਖ ਗਏ ਤੇ ਪਿੰਗਲ ਅਨੁਸਾਰ ਛੰਦਾ-ਬੰਦੀ ਕਰਨ ਲਗ ਪਏ।

ਤਬੀਅਤ ਵਲੋਂ ਕਵੀ ਹੋਣ, ਸਾਧਾਂ ਦੀ ਸੰਗਤ ਤੇ ਧਾਰਮਿਕ ਵਿਦਿਆ ਤੇ ਗਿਆਨ ਕਾਰਣ ਮਨ ਵੈਰਾਗ ਵੱਲ ਝੁਕ ਗਿਆ ਤੇ ਇਸ ਚੜ੍ਹਦੀ ਉਮਰ ਵਿਚ ਕਿਸੇ ਅਲਬੇਲੀ ਮੁਟਿਆਰ ਨੇ ਨੈਣਾਂ ਦਾ ਤੀਰ ਚਲਾ ਦਿਤਾ। ਕਵੀ ਹੁਰੀਂ ਵੀ ਇਸ ਤੀਰ ਦੇ ਫਟੇ ਹੋਏ ਲੋਟਣ ਕਬੂਤਰ ਹੋ ਗਏ। ਇਸ਼ਕ ਦਾ ਹਸ਼ਰ ਤਾਂ ਉਹੋ ਹੀ ਹੋਇਆ ਜਿਸ ਦੀ ਆਸ ਪਹਿਲਾਂ ਹੀ ਸੀ ਭਾਵ ਅਸਫਲਤਾ ਪਰ ਇਹ ਅਸਫਲਤਾ ਕਵੀ ਦੀ ਕਲਮ ਰਾਹੀਂ ਸਫਲਤਾ ਬਣਕੇ ਵਹਿ ਤੁਰੀ। ਇਸੇ ਕਾਰਨ ਕਵੀ ਨੇ ਪਹਿਲਾ ਕਿੱਸਾ ਸੱਸੀ ਪੁੰਨੂ ਤੇ ਫਿਰ ਮਿਰਜ਼ਾ ਸਾਹਿਬਾਂ ਲਿਖਿਆ ਤੇ ਫਿਰ ਇਸ ਸੋਮੇਂ ਤੋਂ ਦਰਿਆ ਵਹਿ ਤੁਰਿਆ ਅਤੇ ਦਰਜਨਾਂ ਕਿੱਸੇ ਲਿਖੇ ਤੇ ਸੈਂਕੜੇ ਛੰਦ ਜੋੜੇ। ਇਸਦੇ ਨਾਲ ਹੀ ਇਹ ਪਰ੍ਹਿਆਂ ਤੇ ਮੇਲਿਆਂ ਮੁਸਾਵਿਆਂ ਤੇ ਗਉਣੇ ਵੀ ਆਰੰਭ ਕਰ ਦਿਤੇ।

ਇਕ ਵੇਰ ਉਹਨਾਂ ਆਪਣੇ ਕੁਝ ਛੰਦਾਂ ਦਾ ਇਕ ਸੰਗ੍ਰਿਹ "ਇਕ ਤੋਂ ਚਾਰ ਛੰਦ" ਛਪਵਾ ਦਿੱਤਾ। ਇਸਦੇ ਅਖੀਰ ਵਿਚ ਪੁਰਾਣੇ ਕਿੱਸਾਕਾਰ ਕਵੀਆਂ ਵਾਂਗ ਉਹਨੇ ਇਹ ਲਿਖ ਦਿਤਾ।

ਕਿੱਸਾ ਹੱਦ ਤੇ ਨਿਕਾ ਜਿਹਾ ਕੱਦ ਇਹਦਾ
ਰਾਈ ਹੱਕ ਨਾ ਇਸਦਾ ਛੋੜਕੇ ਮੈਂ......

ਇਸ ਉਤੇ ਇਕ ਸਮਕਾਲੀ ਕਵੀ ਨੇ, ਜਿਹੜਾ ਕਿ ਪਿੰਡ ਫੁੱਲੋ (ਨੇੜੇ ਸੰਗਤ ਮੰਡੀ) ਦਾ ਵਾਸੀ ਸੀ, ਇਤਰਾਜ਼ ਕੀਤਾ ਕਿ ਕਿਸੇ ਗੱਲ ਦੀ ਹੱਦ ਨਹੀਂ ਹੋ ਸਕਦੀ ਤੇ ਉਹ ਸ਼ਬਦ ਹਉਮੈ ਭਰਪੂਰ ਹਨ। ਕਵੀ ਮਾਘੀ ਸਿੰਘ ਉਸ ਸਮੇਂ ਬੀਮਾਰ ਸੀ। ਉਹਨੇ ਇਕ ਚਿਠੀ ਰਾਹੀਂ ਕਵੀ ਨੂੰ ਸੂਚਿਤ ਕੀਤਾ ਕਿ ਇਹ ਹੱਦ ਮੈਂ ਆਪਣੇ ਲਈ ਕਹੀ ਹੈ (ਪਿੱਛੋਂ ਇਹ ਗੱਲ ਵੀ ਗਲਤ ਹੀ ਸਾਬਤ ਹੋਈ ਤੇ ਕਵੀ ਨੇ ਕਲਾ ਨੂੰ ਹੋਰ ਉੱਚਾ ਕੀਤਾ) ਜੇ ਕਰ ਤੂੰ ਚਾਹੁੰਦਾ ਹੈ ਤਾਂ ਇਸ ਤੋਂ ਚੰਗਾ ਕਿੱਸਾ ਲਿਖ। ਕਵੀ ਦੀ ਇਸ ਗੱਲ ਨਾਲ ਤਸੱਲੀ ਨਾ ਹੋਈ। ਉਹ ਇਸ ਗੱਲ ਨੂੰ ਉਛਾਲਦਾ ਰਿਹਾ। ਇਸ ਸਵਾਲ ਉਤੇ ਮੰਡੀ ਡੱਬਵਾਲੀ (ਹਰਿਆਣਾ) ਵਿਖੇ ਕਵੀਸ਼ਰਾਂ ਤੇ ਕਵੀਆਂ ਦਾ ਇਕੱਠ ਹੋਇਆ। ਕਵੀ ਮਾਘੀ ਸਿੰਘ ਆਪ ਸਿਹਤ ਕਮਜ਼ੋਰ ਹੋਣ ਕਾਰਨ ਨ ਗਿਆ। ਆਪਣੀ ਥਾਂ ਗੰਗਾ ਸਿੰਘ ਤੇ ਪੰਡਤ ਬਰ੍ਹਮਾਂ ਨੰਦ (ਪਿੰਡ ਭੂੰਦੜ, ਥਾਨਾ ਫੂਲ, ਜ਼ਿਲਾ ਬਠਿੰਡਾ) ਨੂੰ ਭੇਜ

ਦਿੱਤਾ। ਬਹਿਸ ਮੁਬਾਹਸੇ ਵਿਚ ਕਵੀ ਦੇ ਪੱਖ ਦੀ ਜਿੱਤ ਹੋਈ ਪਰ ਫੁੱਲੋ ਵਾਲਾ ਕਵੀ ਫਿਰ ਵੀ ਕੀਨਾ ਕਰਦਾ ਰਿਹਾ। ਪਰ ਆਪ ਕਵੀ ਨੇ ਕਦੇ ਕੀਨਾ ਨਾ ਕੀਤਾ।

ਕਵੀ ਨੇ ਆਪਣੀ ਸਮਕਾਲੀ ਕਿਸੇ ਵੀ ਰਾਜਸੀ ਤੇ ਸੁਧਾਰਕ ਲਹਿਰ ਵਿਚ ਸਿੱਧਾ ਹਿੱਸਾ ਬੇ-ਸ਼ਕ ਨਹੀਂ ਲਿਆ, ਪਰ ਉਹ ਹਰ ਇਕ ਲਹਿਰ ਦਾ ਅਸਰ ਕਬੂਲਦਾ ਰਿਹਾ ਤੇ ਉਸਨੂੰ ਆਪਣੀ ਕਾਵਿ ਕਲਾ ਦਾ ਵਿਸ਼ਾ ਬਣਾਉਂਦਾ ਰਿਹਾ। ਕਿਸੇ ਲਹਿਰ ਵਿਚ ਸਿੱਧੇ ਤੌਰ ਤੇ ਹਿੱਸਾ ਨਾ ਲੈਣ ਦੇ ਮੁਖ ਕਾਰਨ ਮੁਢਲੀ ਸੋਹਬਤ ਤੇ ਆਪਣੇ ਇਲਾਕੇ ਵਿਚ ਲਹਿਰਾਂ ਦੇ ਕਿਸੇ ਅਮਲੀ ਪ੍ਰਭਾਵ ਦੀ ਅਣਹੋਂਦ ਹੈ। ਇਹ ਇਲਾਕਾ ਰਿਆਸਤਾਂ ਅਧੀਨ ਹੋਣ ਤੇ ਰਜਵਾੜਾਸ਼ਾਹੀ ਜਬਰ ਦਾ ਅੰਨ੍ਹਾ ਸ਼ਿਕਾਰ ਹੋਣ ਕਾਰਨ ਦਬਿਆ ਰਿਹਾ ਹੈ। ਇਸ ਕਰਕੇ ਕਵੀ ਨੇ ਵੀ ਕਿਸੇ ਲਹਿਰ ਵਿਚ ਸਿੱਧਾ ਹਿੱਸਾ ਨਹੀਂ ਲਿਆ। ਪਰ ਵਾਪਰਨ ਵਾਲੀਆਂ ਘਟਨਾਵਾਂ ਤੋਂ ਉਕਾ ਕੋਰਾ ਨਹੀਂ ਰਿਹਾ। ਕਵੀ ਨੇ ਕੂਕਾ ਲਹਿਰ ਸੰਬੰਧੀ ਇਕ ਮੁਕੰਮਲ ਕਿੱਸਾ ਲਿਖਿਆ ਹੈ। ਇਸੇ ਤਰ੍ਹਾਂ ਗੁਰਦਵਾਰਾ ਸੁਧਾਰ ਲਹਿਰ ਸਮੇਂ ਵਾਪਰੀਆਂ ਘਟਨਾਵਾਂ ਦਾ ਅਕਸਰ ਜ਼ਿਕਰ ਕੀਤਾ ਹੈ। ਕਵੀ ਦੀਆਂ ਲਿਖਤਾਂ ਅਣਛਪੀਆਂ ਹੋਣ ਕਾਰਨ ਬਹੁਤ ਕੁਝ ਹਾਲੇ ਖੋਜ ਦਾ ਮੁਹਤਾਜ ਹੈ। ਇਸ ਸੰਬੰਧੀ ਲੱਭ ਕਾਫੀ ਕੁਝ ਸਕਦਾ ਹੈ।

ਕਵੀ ਦੇ ਜੀਵਨ ਉੱਤੇ ਸਿੱਖੀ ਦਾ ਕਾਫੀ ਪ੍ਰਭਾਵ ਰਿਹਾ ਹੈ। ਪਰ ਇਸਨੇ ਕੱਟੜਪੁਣੇ ਦਾ ਰੂਪ ਨਹੀਂ ਧਾਰਿਆ। ਛੂਤ ਛਾਤ ਤੇ ਭਿੱਟ ਦੇ ਵਿਚਾਰਾਂ ਦਾ ਕਵੀ ਕੱਟੜ ਵਿਰੋਧੀ ਤੇ ਅਮਲੀ ਤੌਰ ਤੇ ਤੋੜਨ ਵਾਲਾ ਸੀ। ਜ਼ਾਤ ਪਾਤ ਤੇ ਊਚ ਨੀਚ ਦਾ ਵਿਰੋਧੀ ਸੀ। ਉਮਰ ਦੇ ਪਿਛਲੇ ਅੱਧ ਵਿਚ ਕਵੀ ਅਕਾਲੀ ਸਿਆਸਤ ਨੂੰ ਕਾਫ਼ੀ ਮੰਨਣ ਤੇ ਸਮਝਣ ਲਗ ਪਿਆ ਸੀ। ਗਿਆਨੀ ਸ਼ੇਰ ਸਿੰਘ (ਸੂਰਮਾ) ਤੇ ਜਥੇਦਾਰ ਸੰਪੂਰਨ ਸਿੰਘ ਰਾਮਾ ਕਵੀ ਦੇ ਚੰਗੇ ਮਿੱਤਰ ਸਨ। ਇਹਨਾਂ ਦੇ ਅਸਰ ਹੇਠ ਹੀ ਕਵੀ ਦੇ ਆਪਣੇ ਵਿਚਾਰ ਅਕਾਲੀ ਪਾਰਟੀ ਦੀ ਸਰਮਾਇਦਾਰ-ਜਗੀਰਦਾਰ ਪੱਖੀ ਲੀਡਰਸ਼ਿਪ ਦੇ ਵਿਰੁਧ ਸਨ। ਆਪਣੇ ਬਹੁਤ ਸਾਰੇ ਛੰਦਾਂ ਵਿਚ ਕਵੀ ਨੇ ਅਜਿਹੀ ਲੀਡਰਸ਼ਿਪ ਨੂੰ ਤਕੜੇ ਰਗੜੇ ਲਾਏ ਹਨ ਤੇ ਭਾਗੋਆਂ ਦੇ ਪੱਖੀ ਗਰਦਾਨਿਆ ਹੈ।

ਕਵੀ ਕੇਵਲ ਰਵਾਇਤੀ ਛੰਦਾ ਬੰਦੀ ਕਰਨ ਤੇ ਅਖਾੜੇ ਲਾਉਣ ਵਾਲਾ ਹੀ ਨਹੀਂ ਸੀ। ਉਹ ਆਪਣੇ ਗਿਆਨ ਦੇ ਵਾਧੇ ਲਈ ਲਗਾਤਾਰ ਅਧਿਅਨ ਕਰਦਾ ਰਿਹਾ ਹੈ ਤੇ ਇਸ ਲਈ ਪ੍ਰਾਪਤ ਗਿਆਨ ਨੂੰ ਕਵਿਤਾ ਰਾਹੀਂ ਪਰਗਟਾਉਂਦਾ ਰਿਹਾ ਹੈ। ਉਸਨੂੰ ਜਿਥੇ ਪੁਰਾਤਨ ਹਿੰਦੂ ਇਤਿਹਾਸ ਤੇ ਮਿਥਿਹਾਸ ਦਾ ਗਿਆਨ ਸੀ ਉਥੇ ਮੁਸਲਮਾਨ ਤੇ ਸਿਖ ਇਤਿਹਾਸ ਤੇ ਦਰਸ਼ਨ ਦੀ ਵੀ ਜਾਣਕਾਰੀ ਸੀ। ਉਹਨੇ ਆਪਣੇ ਸਮਕਾਲੀ ਦੇਸ਼ ਭਗਤਾਂ ਤੇ ਸ਼ਹੀਦਾਂ (ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਸਰਾਭਾ ਤੇ ਲਾਜਪਤ ਰਾਏ ਆਦਿ) ਦਾ ਜ਼ਿਕਰ ਅਕਸਰ ਆਪਣੇ ਛੰਦਾਂ ਵਿਚ ਕੀਤਾ ਹੈ।

ਦੂਜੀ ਸੰਸਾਰ ਜੰਗ ਸਮੇਂ ਕਵੀ ਨੇ ਹਿਟਲਰ ਵਿਰੁਧ ਬਹੁਤ ਸਾਰੇ ਛੰਦ ਲਿਖੇ ਅਤੇ ਸਰਕਾਰੀ ਤੇ ਗ਼ੈਰ ਸਰਕਾਰੀ ਇਕੱਠਾਂ ਵਿਚ ਗਾਏ ਤੇ ਹਿਟਲਰ ਵਿਰੁਧ ਲੜਨ ਲਈ ਫੌਜ ਵਿਚ ਭਰਤੀ ਹੋਣ ਦੀ ਪ੍ਰੇਰਣਾ ਕੀਤੀ। ਉਸ ਸਮੇਂ ਕਵੀ ਨਾ ਤਾਂ ਕਾਂਗਰਸ ਦੇ 'ਭਾਰਤ ਛੱਡੋ' ਨਾਹਰੇ ਤੋਂ ਤੇ ਨਾ ਹੀ ਕਮਿਊਨਿਸਟ ਪਾਰਟੀ ਦੇ ਜਨਤਕ ਜੰਗ ਦੇ ਸਿੱਧਾਂਤ ਤੋਂ ਪ੍ਰਭਾਵਤ ਹੋਇਆ ਜਾਪਦਾ ਹੈ। ਅਚੇਤ ਤੌਰ ਤੇ ਹੀ ਸਰਕਾਰ ਦੀ ਹਮਾਇਤ ਵਿਚ ਤੁਰਿਆ ਜਾਪਦਾ ਹੈ।

ਸਿੱਖੀ ਦਾ ਪ੍ਰਭਾਵ ਕਬੂਲਣ ਤੇ ਕਵੀ ਇਸਤਰੀ ਜਾਤੀ ਬਾਰੇ ਬਹੁਤੀ ਥਾਈਂ ਰਵਾਇਤੀ

ਕਿੱਸਾਕਾਰਾਂ ਵਾਂਗ ਲਿਖ ਗਿਆ ਹੈ, ਬੇ-ਸ਼ਕ ਉਹਨਾਂ ਵਾਂਗ ਇਕ ਪਾਸੜ ਨਹੀਂ ਹੋਇਆ। ਕਵੀ ਭੇਖੀ ਸਾਧਾਂ ਤੇ ਵਿਹਲੜਾਂ ਦਾ ਕੱਟੜ ਵਿਰੋਧੀ ਸੀ ਤੇ ਇਹਨਾਂ ਨੂੰ ਭੰਡਣ ਦਾ ਕੋਈ ਵੀ ਅਵਸਰ ਉਹਨੇ ਆਪਣੇ ਹੱਥੋਂ ਨਹੀਂ ਜਾਣ ਦਿਤਾ। ਕਈ ਥਾਈਂ ਰੱਬ ਨੂੰ ਵੀ ਉਹਨੇ ਮਿਹਣੇ ਮਾਰੇ ਹਨ।

ਕਾਵਿ-ਕਲਾ ਦੇ ਪਖ ਤੋਂ ਕਵੀ ਨੇ ਕਾਫੀ ਹੱਦ ਤਕ ਪਿੰਗਲ ਦਾ ਖ਼ਿਆਲ ਰਖਿਆ ਹੈ ਕਿਉਂਕਿ ਕਵਿਤਾ ਗਾਉਣ ਲਈ ਲਿਖੀ ਜਾਣ ਕਰਕੇ ਇਸ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ ਸੀ। ਪਰ ਕਈ ਥਾਈਂ ਕਵੀ ਨੇ ਪਿੰਗਲ ਦੀ ਬਹੁਤੀ ਪਰਵਾਹ ਕੀਤੇ ਬਿਨਾਂ ਛੰਦਾਂ ਦੀ ਬਣਤਰ ਬਦਲ ਦਿਤੀ ਜਿਸ ਨਾਲ ਕਈ ਥਾਈਂ ਨਵਾਂ ਰੰਗ ਬਝਿਆ ਹੈ। ਅਨੁਪ੍ਰਾਸ (ਛੰਦ ਵਿਚ ਇਕੋ ਅੱਖਰ ਨਾਲ ਸ਼ੁਰੂ ਹੋਣ ਵਾਲੇ ਕਈ ਸ਼ਬਦ ਵਰਤਣੇ) ਦਾ ਕਵੀ ਉਸਤਾਦ ਸੀ ਤੇ ਇਸ ਗੱਲ ਦਾ ਸਿੱਟਾ ਸਾਰੇ ਸਮਕਾਲੀ ਕਵੀ ਮੰਨਦੇ ਹਨ। ਕਵੀ ਦੀ ਬੋਲੀ ਠੇਠ ਮਲਵਈ ਤੇ ਸਰਲ ਹੈ। ਬਹੁਤੇ ਥਾਈਂ ਹੋਰ ਭਾਸ਼ਾਵਾਂ ਦੇ ਵਿਸ਼ੇਸ਼ ਤੇ ਧਾਰਮਿਕ ਸ਼ਬਦਾਵਲੀ ਵਾਲੇ ਪ੍ਰਚੱਲਿਤ ਸ਼ਬਦ ਵੀ ਵਰਤੇ ਹਨ। ਕਵੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਆਪਣੀ ਕਲਾ ਦੇ ਵਿਕਾਸ ਅਨੁਸਾਰ ਬਹੁਤੀ ਵੇਰ ਆਪਣੀਆਂ ਲਿਖਤਾਂ ਨੂੰ ਸੋਧਿਆ ਹੈ ਤੇ ਕਈ ਕਿੱਸੇ ਚਾਰ ਚਾਰ ਵੇਰ ਲਿਖੇ ਹਨ।

ਆਜ਼ਾਦੀ ਤੋਂ ਪਿਛੋਂ ਲੋਕਾਂ ਦੀ ਹਾਲਤ ਵੇਖ ਕੇ ਤੇ ਅਕਾਲੀ ਸੋਚ ਅਨੁਸਾਰ ਕਵੀ ਨੂੰ ਸਮਕਾਲੀ ਹਾਲਤ ਤੋਂ ਨਿਰਾਸ਼ਾ ਹੋਈ ਤੇ ਉਸਨੇ ਬਹੁਤ ਸਾਰੇ ਛੰਦ ਇਸ ਨੂੰ ਪ੍ਰਗਟ ਕਰਨ ਲਈ ਲਿਖੇ। ਜਿਨਾਂ ਵਿਚੋਂ 'ਤਾਂ ਵੀ ਆਈ ਨਾ ਪਸੰਦ ਦੀ ਆਜ਼ਾਦੀ ਆ' ਬਹੁਤ ਚਿਰ ਤਕ ਅੱਗੇ ਵਧੂ ਸਟੇਜਾਂ ਤੇ ਗਾਇਆ ਜਾਂਦਾ ਰਿਹਾ ਹੈ। ਕਵੀ ਵਿਚ ਚੋਟ ਮਾਰਨ, ਵਿਅੰਗ ਤੇ ਖਿੱਲੀ ਉਡਾਉਣ ਦੀ ਕਲਾ ਬਹੁਤ ਤਿੱਖੀ ਹੈ। ਇਸ ਸੰਬੰਧ ਵਿਚ ਉਹਦਾ ਇਕ ਪ੍ਰਚਲਿਤ ਛੰਦ "ਤੈਂ ਤਾਂ ਮੂੰਹ ਨੀ ਲਾਉਣਾ ਤਿੰਨ ਮੇਲ ਵਾਲੇ ਨੂੰ" ਮਸ਼ਹੂਰ ਹੈ। ਕਈ ਥਾਈਂ ਕਵੀ ਨੇ ਜਗੀਰਦਾਰੀ ਸੋਚ ਅਧੀਨ ਇਸਤਰੀਆਂ, ਮਜ਼ਹਬੀਆਂ, ਮਰਾਸੀਆਂ, ਤੇ ਹੋਰ ਜ਼ਾਤੀਆਂ ਦੀ ਖਿੱਲੀ ਉਡਾਈ ਹੈ। ਕਈ ਥਾਈਂ ਅਕਾਲੀਆਂ ਤੇ ਗੁਰਦਵਾਰਿਆਂ ਉਤੇ ਚੰਗੇ ਵਿਅੰਗ ਕਸੇ ਹਨ।

ਕਵੀ ਸ਼ਬਦ ਚਿਤਰਾਂ ਵਿਚ ਵੀ ਕਾਫੀ ਨਿਪੁੰਨ ਹੈ। ਉਹਨੇ ਕਈ ਥਾਈਂ ਸ਼ਬਦਾਂ ਰਾਹੀਂ ਕਈ ਦ੍ਰਿਸ਼ ਚਿਤਰੇ ਹਨ। ਜਿਹੜੇ ਚੰਗੇ ਚਿਤਰਕਾਰ ਵਲੋਂ ਬੁਰਸ਼ ਨਾਲ ਚਿਤਰੇ ਚਿਤਰਾਂ ਵਾਂਗ ਹੀ ਪ੍ਰਭਾਵਸ਼ਾਲੀ ਹਨ।

ਕਵੀ ਲਈ ਕਵੀਸ਼ਰ ਹੋਣਾ ਜਿਥੇ ਸੋਨੇ ਤੇ ਸੁਹਾਗਾ ਸੀ ਉਥੇ ਇਸ ਦੀ ਲਿਖਤ ਦੇ ਛਪਣ ਵਿਚ ਅੜਿਕਾ ਵੀ ਬਣਿਆ ਹੈ। ਕਿਉਂਕਿ ਛਪ ਜਾਣ ਨਾਲ ਕਿੱਸੇ ਤੇ ਕਵੀ ਦੀ ਨਵੀਨਤਾ ਖਤਮ ਹੋ ਜਾਂਦੀ ਹੈ। ਇਸੇ ਲਈ ਕਵੀ ਨੇ ਕੁਝ ਫੁਟਕਲ ਛੰਦਾਂ ਤੋਂ ਬਿਨਾ ਕੋਈ ਵੀ ਕਿੱਸਾ ਨਹੀਂ ਛਪਵਾਇਆ।

ਅਖਾੜੇ ਲਾਉਣ ਵਿਚ ਚੇਤ ਸਿੰਘ ਪਿੱਥੋ ਤੇ ਮਿਹਰ ਸਿੰਘ ਦੌਲਤਪੁਰਾ (ਗੋਸਲ) ਕਵੀ ਦੇ ਪਹਿਲੇ ਸਾਥੀ ਰਹੇ ਹਨ। ਕੁਝ ਚਿਰ ਜਿਉਣ ਸਿੰਘ ਪਿੱਥੋ ਵੀ ਨਾਲ ਰਿਹਾ ਹੈ। ਪਿਛੋਂ ਮੱਘਰ ਸਿੰਘ ਬਾਲਿਆਂਵਾਲੀ ਤੇ ਕੁੰਢਾ ਸਿੰਘ ਕਾਲਿਆਂਵਾਲੀ ਨਾਲ ਰਹੇ ਹਨ। ਜਿਨ੍ਹਾਂ ਦੇ ਬੋਲ ਸਪੀਕਰ ਤੋਂ ਬਿਨਾਂ ਹਜ਼ਾਰਾਂ ਲੋਕਾਂ ਨੂੰ ਗੂੰਜਦੇ ਰੋਂ ਵਿਚ ਘੰਟਿਆਂ ਬੱਧੀ ਕੀਲੀ ਰਖਦੇ ਸਨ।

ਜਿਥੇ ਕਵੀ ਨੇ ਪਹਿਲੀ ਉਮਰ ਵਿਚ ਰੁਮਾਂਟਿਕ ਤੇ ਵਿਅਕਤੀਗਤ ਸੂਰਮਗਤੀ (ਡਾਕੂਆਂ ਆਦਿ) ਦੇ ਕਿੱਸੇ ਲਿਖੇ ਹਨ ਉਥੇ ਪਿਛਲੀ ਉਮਰ ਵਿਚ ਇਤਿਹਾਸ ਤੇ ਖਾਸ ਕਰਕੇ ਇਸਦੇ ਬੀਰਰਸੀ ਹਿੱਸੇ ਉਤੇ ਵੱਧ ਜੋਰ ਹੈ ਤੇ ਬਹੁਤੇ ਕਿੱਸੇ ਲਿਖੇ ਹਨ। ਜ਼ੁਲਮ ਵਿਰੋਧੀ ਜਜ਼ਬੇ ਉਭਾਰੇ

ਹਨ। ਕੂਕਿਆਂ ਵਾਲੇ ਕਿੱਸੇ ਵਿਚ ਸਾਮਰਾਜੀ ਜਬਰ ਨੂੰ ਨੰਗਾ ਕੀਤਾ ਹੈ।

ਜਿਥੇ ਕਵੀ ਦੀ ਕਵਿਤਾ ਗਾਉਣ ਵਾਲੇ ਸੈਂਕੜੇ ਚੇਲੇ ਸਨ, ਉਥੇ ਕਵਿਤਾ ਲਿਖਣ ਵਾਲੇ ਬਹੁਤ ਹੀ ਘੱਟ ਹੋਏ ਹਨ। ਉਹਨਾਂ ਵਿਚੋਂ ਵੀ ਕੇਵਲ ਚਾਨਣ ਰਾਮ ਭਟੀਵਾਲ ਉਘਾ ਹੈ। ਉਸਨੇ ਰਾਮਾਇਣ ਤੇ ਮਹਾਂਭਾਰਤ ਪੰਜਾਬੀ ਕਵਿਤਾ ਵਿਚ ਲਿਖੇ ਹਨ। ਉਹ ਹਾਜ਼ਰ ਜਵਾਬ ਵੀ ਬਹੁਤ ਸੀ।

ਕਵੀ ਦੇ ਨਿਜੀ ਜੀਵਨ ਵਿਚ ਕਈ ਦੁਖਾਂਤ ਵਾਪਰੇ ਹਨ। ਇਕ ਜਵਾਨ ਪੁਤਰ ਤੇ ਦੋ ਧੀਆਂ ਜਵਾਨੀ ਵਿਚ ਮਰੀਆਂ ਹਨ। ਇਹਨਾਂ ਮਾਰੂ ਦੁਖਾਂਤਾਂ ਨੇ ਕਵੀ ਦੀ ਕਲਾ ਨੂੰ ਕਿਸ ਹੱਦ ਤਕ ਪ੍ਰਭਾਵਤ ਕੀਤਾ ਤੇ ਕਿਸ ਪਾਸੇ ਮੋੜਿਆ ? ਘੋਖਣ ਵਾਲੀ ਗੱਲ ਹੈ। ਨਿਜੀ ਜੀਵਨ ਵਿਚ ਕਵੀ ਮਿਲਣਸਾਰ ਬੇ-ਲਾਗ ਲਾਲਚ ਵਿਚ ਨਾ ਆਉਣ ਵਾਲਾ ਬੰਦਾ ਸੀ।

1950 ਦੇ ਕਰੀਬ ਕਵੀ ਨੇ ਅਖਾੜੇ ਲਾਉਣੇ ਛਡ ਦਿਤੇ ਤੇ ਬਹੁਤਾ ਲਿਖਣ ਵਲ ਧਿਆਨ ਦਿਤਾ। 19 ਅਗਸਤ 1963 ਨੂੰ ਕਵੀ ਪਿੰਡ ਵਿਖੇ ਚਲਾਣਾ ਕਰ ਗਿਆ।

ਕਵੀ ਦੇ ਸਾਰੇ ਕਿੱਸਿਆਂ ਦੀ ਗਿਣਤੀ ਉਹਦੇ ਸਪੁਤਰ ਸਾਥੀ ਸੁਰਜਨ-ਸੱਤ ਅਨੁਸਾਰ ਸੱਤਰ ਦੇ ਕਰੀਬ ਹੈ ਤੇ ਛੰਦਾਂ ਦੀ ਗਿਣਤੀ ਦੋ ਹਜ਼ਾਰ ਦੇ ਕਰੀਬ ਹੈ। ਕਿੱਸੇ ਮੋਟੇ ਮੋਟੇ ਇਹ ਹਨ : ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਸ਼ਾਮੋ, ਪੱਤਲ, ਸੁੱਚਾ ਸਿੰਘ ਸੰਮਾਂਵਾਲਾ, ਰਾਮ ਸਿੰਘ ਡੋਹਕ, ਜੰਗੂ ਚੰਦੂ, ਜਿਊਣਾ ਮੋੜ, ਦੁੱਲਾ ਭੱਟੀ, ਚਿਤ੍ਰੂ ਮਿਤ੍ਰੂ, ਕੌਲਾਂ, ਦਹੂਦ, ਰਾਮ ਕੌਰ, ਹਰੀਚੰਦ, ਜਾਨੀ ਚੋਰ, ਛੋਟੇ ਸਾਹਬਜ਼ਾਦੇ, ਸੁਰਸਤੀ, ਸੁੰਦਰੀ, ਪਰਕਾਸ਼ਵੰਤੀ ਆਦਿ। ਕਵੀ ਦੀ ਕਵਿਤਾ ਦੇ ਕੁਝ ਨਮੂਨੇ ਦੇਣੇ ਵੀ ਜ਼ਰੂਰੀ ਹਨ। ਬੇ-ਸ਼ਕ ਇਹ ਉਸਦੀ ਕਲਾ ਦੇ ਪ੍ਰਤੀਨਿਧ ਨਹੀਂ ਕਹੇ ਜਾ ਸਕਦੇ।

ਮੈਂ ਤੇਰੇ ਹੀ ਦੁਖ ਵੰਡਾਉਣ ਆਇਆ, ਮੇਰੇ ਤਾਈਂ ਸੀ ਸੱਜਣਾ ਵਾਹ ਤੇਰੀ।
ਕਦੇ ਯਾਰ ਸੀ ਜਿਹੜੇ ਸ਼ਿਕਾਰ ਕੀਤੇ ਵਾਹ ਵਾਹ ਕੁਦਰਤ ਹੈ ਬੇ ਪਰਵਾਹ ਤੇਰੀ।
ਹੁਣ ਤਾਂ ਇਹ ਵੀ ਪਛਤਾਂਦੀ ਤੇ ਰੋਂਵਦੀ ਹੈ, ਜਿਊਂਦੀ ਰਖਦਿਆਂ, ਜੇ ਹੈ ਸਲਾਹ ਤੇਰੀ।
ਮੱਲ ਮਰ ਗਿਆ, ਹੋ ਜੂਗੀ ਨਰਮ ਇਹ ਵੀ, ਕਰਿਆ ਕਰੂਗੀ ਅਮਲੀਆ ਚਾਹ ਤੇਰੀ।

(ਸੁੱਚਾ ਸਿੰਘ ਸੰਮਾਂਵਾਲਾ)

ਕੌਲਾਂ ਮੰਗਦੀ ਨੂੰ ਵੇਖਣ ਜਨਾਨੀਆਂ।
ਆਹ ਕੀ ਗੱਲ ਭੈਣੋ ? ਲਗੀਆਂ ਹਰਾਨੀਆਂ।
ਹੱਥ ਵਿਚ ਠੂਠਾ ਇਹੋ ਜਿਹੀ ਰਕਾਨ ਦੇ।
ਮੁੜਦੇ ਨਾ ਤੀਰ ਭਾਵੀ ਦੀ ਕਮਾਨ ਦੇ।
... ...
ਜਵਾਨੀ ਅਵਸਥਾ ਦੀ ਨਦੀ ਬੇ-ਮੁਹਾਣੀ ਏ।
ਬੁਰਾ ਇਹਦੀਆਂ' ਛੱਲਾਂ ਦਾ ਪਾਣੀ ਏ।
ਸੋਈ ਤਰੇ ਜੀਹਦੀ ਮੱਤ ਸਿਆਣੀ ਏ।
ਕੋਈ ਗੋਤੇ ਖਾ ਵੀ ਜਾਂਦੇ ਆ ਸਮਝਦਾਰ ਨੀ।
ਇਸੇ ਲਈ ਪੁਛਦਾ ਮੈਂ ਧੀਏ ਵਾਰਵਾਰ ਨੀ।

(ਸ਼ਾਹਣੀ ਕੌਲਾਂ)

ਲਖੀ ਚੰਦ ਚੜ੍ਹੇ, ਰੂਹਾਂ ਤੇ ਚਿਲਕਦੇ, ਚੜ੍ਹਦੇ ਤੋਂ ਚੜ੍ਹਦੇ ।
ਜਾਂਦੇ ਉਤੋਂ ਪੈਰ ਨਿਗਾਹ ਦੇ ਤਿਲਕਦੇ, ਨਾ ਖੜ੍ਹਾਏ ਖੜ੍ਹਦੇ ।
ਰੂਪ ਦੀਆਂ ਘਟਾਂ ਚੜ੍ਹੀਆਂ ਸਮਾਨ ਨੂੰ, ਨਿਵੀਆਂ ਖਜੂਰਾਂ ਨੇ ।
ਕੀਤਾ ਪਰੇਸ਼ਾਨ ਪਰੀਆਂ ਦੀ ਸ਼ਾਨ ਨੂੰ, ਸੋਹਣੀਆਂ ਦੇ ਨੂਰਾਂ ਨੇ ।

... ...

ਇਹ ਬਾਗ ਜਨਾਨਾ ਵੇ, ਬੂਬਨਿਆਂ ਵਗਜੋ ਆਸਨ ਚਕਕੇ ।
ਵਿਚ ਬਹਿਣ ਮਸਾਨਾਂ, ਨਹੀਂ ਤਾਂ ਉਪਰ ਉਜੜੇ ਥੇਹਕੇ ।
ਕੀ ਕੰਮ ਫਕੀਰਾਂ ਦਾ, ਫਲਾਂ ਵਿਚ ਵੜ ਜਾਣਾ ਧੁਸ ਦੇਕੇ ।
ਕੀ ਪੁਸ਼ਪ ਨਫੀਸਾਂ ਦੀ ਚਾਹੁਣ ਟਿੱਡੇ ਅੱਕ ਦੇ ।
ਇਹ ਬਾਗ... ... ...
ਰੱਬ ਠਾਕਰ ਦੁਆਰੀਂ ਨਾ, ਨਹੀਂ ਹੈ ਥਿਆਉਂਦਾ ਵਿਚ ਮਸੀਤਾਂ
ਰੱਬ ਮਿਲਦਾ ਉਹਨਾਂ ਨੂੰ, ਫਕੀਰਾ ਨੇਕ ਜਿਨ੍ਹਾਂ ਦੀਆਂ ਨੀਤਾਂ ।
ਸੰਘ ਬਹਿਰੇ ਸੰਖਾਂ ਦੇ ਮੌਲਵੀ ਮੋਨ ਧਾਰ ਕੇ ਥਕਗੇ ।
ਇਹ ਬਾਗ... ... ...

(ਦਹੂਦ)

ਮੂਹਰੋਂ ਜ਼ੇਕੁਰ ਕੀ ਬੋਲੇ
ਨੈਣ ਭਰ ਭਰ ਡੋਹਲੇ
ਨੀ ਦੜੱਕ ਗਏ ਗੋਲੇ
ਸ਼ੇਰ ਸੱਦੇ ਰੱਬ ਨੇ
ਭਿਜਣਾ ਨੀ ਸੁਕੇ, ਸੰਸਿਆਂ ਦੇ ਡੱਬ ਨੇ ।
ਪੁੱਤ ਬੁਝ ਗਿਆ ਚਰਾਗ
ਨਾਲੇ ਮਰ ਗਿਆ ਸੁਹਾਗ
ਸੁਕਿਆ ਖੁਸ਼ੀਆਂ ਦਾ ਬਾਗ
ਰੋਂਦੀ ਰਹਿ ਗੀ ਮਾਲਣ ਨੀ
ਭੁੰਨਕੇ ਸ਼ਰੀਕਾਂ ਨੇ ਬਣਾਤੀ ਬਾਲਣ ਨੀ ।

(ਜੰਗੂ ਚੰਦੂ)

ਕਿਲੇ ਚੋਂ ਸਾਹਿਬਜ਼ਾਦੇ ਜਾਣ ਲਗੇ, ਕਰਨ ਵਿਚਾਰਾਂ ਨੂੰ ।
ਜਿਨ੍ਹਾਂ ਨਾਲ ਨਿੱਤ ਖੇਡਦੇ ਸੀ ਅੱਗੇ ਜੀ, ਸੱਦਿਆ ਜੋਟੀਦਾਰਾਂ ਨੂੰ ।
ਹੋਣ ਲਗੇ ਜ਼ਖਮ ਵਿਛੋੜੇ ਤੀਰ ਦੇ, ਕਿਸੇ ਘਬਰਾਉਣਾ ਨੀ ।
ਸਾਡੇ ਅੱਜ ਮੇਲੇ ਮਿਤਰੋ ਅਖੀਰ ਦੇ, ਮੁੜਕੇ ਅਸੀਂ ਆਉਣਾ ਨੀ ।

(ਆਨੰਦਪੁਰ)

ਮੈਂ ਬਚੜੇ ਭਾਰਤ ਦੇ ਦੇਖ ਨੀਂ ਸਕਦਾ, ਭੁੱਖੇ ਧਿਆਏ ।
ਉਹ ਸਿਸਕਣ ਮੰਜੀਆਂ ਤੇ, ਕਾਲਜਾ ਮੇਰਾ ਬਾਹਰ ਨੂੰ ਆਏ ।
ਦੁੱਖ ਕਟਣੇ ਉਹਨਾਂ ਦੇ, ਵਾਰਕੇ ਲਾਲ ਆਪਣੇ ਚਾਰੇ ।

ਮੈਨੂੰ ਇਹਨਾਂ ਲਾਲਾਂ ਤੋਂ ਲਗਣ ਗਰੀਬਾਂ ਦੇ ਪੁਤ ਪਿਆਰੇ ।
ਮਰ ਛਡਕੇ ਬੇਸ਼ਕ ਦੀ ਕੀਮਾਂ ਕੀਮਾਂ ਬਣਜੇ,
ਮੈਂ ਸ਼ੁਕਰ ਮਨਾਵਾਂਗਾ, ਭਲਾ ਜੇ ਘਟ ਜ਼ੁਲਮਾਂ ਦੀ ਛਣਜੇ ।
ਇਹ ਬੇੜੀ ਦੁਨੀਆਂ ਦੇ, ਦੁਖਾਂ ਦੀ ਲਗਜੇ ਕਿਸੇ ਕਿਨਾਰੇ ।
ਮੈਨੂੰ ਇਹਨਾਂ ਪੁਤਰਾਂ ਤੋਂ ਲਗਦੇ ... .

(ਚਮਕੌਰ)

ਬੈਂਤਾਂ ਕਈਆਂ ਨੂੰ ਕੈਦ ਵਿਚ ਲੱਗੀਆਂ,
ਰੱਤ ਸੁਕਕੇ ਤੇ ਰੂਹਾਂ ਹੋਈਆਂ ਬੱਗੀਆਂ ।
ਜੋੜ ਹਲਟਾਂ ਤੇ ਭਰਾਈਆਂ ਡੱਗੀਆਂ ।
ਸਿੰਜੀ ਗੋਭੀ ਤੇ ਸਰਕਾਰੀ ਕਮਾਦੀ ਆ ।
ਤਾਂ ਵੀ ਆਈ ਨਾ ਪਸੰਦ ਦੀ ਆਜ਼ਦੀ ਆ ।

(ਫੁਟਕਲ)

ਤੇਰੀ ਪੁਗਦੀ ਜੇ ਰਹੀ ।
ਥਿਆਉਣੀ ਨੀ ਕੁਹਾੜੀ, ਕਹੀ ।
ਫਿਰੂ ਬਾਣੀਆਂ ਦੀ ਬਹੀ ।
ਮਾਲ ਬੱਛਾ ਤਕਦੀ ।
ਰਹੇ ਨਾ ਬੇ-ਸ਼ਕ ।
ਨਹੀਂ ਲੋੜ ਨੱਕ ਦੀ ।

(ਨੱਕਵਾਲੀ)

ਇਹ ਕੁਝ ਕਵੀ ਸੰਬੰਧੀ ਮੁੱਢਲੀ ਤੇ ਮੋਟੀ ਮੋਟੀ ਜਾਣਕਾਰੀ ਹੈ ਜੋ ਕਿ ਉਸਨੂੰ ਪੰਜਾਬੀਆਂ ਤੇ ਖਾਸ ਕਰਕੇ ਮਲਵਈ ਵਿਦਵਾਨਾਂ ਦੀ ਨਜ਼ਰ ਵਿਚ ਲਿਆਉਣ ਲਈ ਇਕ ਛੋਟਾ ਜਿਹਾ ਯਤਨ ਹੈ । ਉਸ ਸੰਬੰਧੀ ਹੋਰ ਖੋਜ ਕਰਨ, ਉਹਦੀਆਂ ਲਿਖਤਾਂ ਛਪਵਾਉਣ, ਉਹਦੀ ਕਲਾ ਤੇ ਪ੍ਰਤਿਭਾ ਦੇ ਲੁਕੇ ਅੰਗਾਂ ਨੂੰ ਉਜਾਗਰ ਕਰਨ ਦਾ ਔਖਾ ਕੰਮ ਹਾਲੇ ਕਰਨ ਵਾਲਾ ਪਿਆ ਹੈ । ਲੋੜ ਹੈ ਸਾਧੂ ਦਿਆ ਸਿੰਘ ਆਰਫ ਸੰਬੰਧੀ ਜਿਵੇਂ ਖੋਜ ਦਾ ਸ਼ਲਾਘਾਯੋਗ ਕੰਮ ਕਰਵਾਇਆ ਗਿਆ ਹੈ, ਉਵੇ ਯੂਨੀਵਰਸਿਟੀਆਂ ਇਸ ਵੱਲ ਵੀ ਧਿਆਨ ਦੇਣ ।

ਕਵੀ ਦੇ ਪਰਿਵਾਰ ਵਿੱਚੋਂ ਉਹਦਾ ਪੁਤਰ ਸਾਥੀ ਸੁਰਜਨ-ਸੱਤ ਇਕ ਕਵੀ ਤੇ ਸੁਲਝਿਆ ਹੋਇਆ ਬੰਦਾ ਹੈ । ਉਹਨੇ ਕਵੀ ਦੀਆਂ ਲਿਖਤਾਂ ਸਾਂਭਣ ਤੇ ਇਕੱਤਰ ਕਰਨ ਦਾ ਕੰਮ ਕੁਝ ਹੱਦ ਤਕ ਕੀਤਾ ਹੈ । ਪਰ ਉਹ ਨਾਕਾਫੀ ਹੈ । ਹੋਰ ਕੰਮ ਦੀ ਲੋੜ ਹੈ ।□

[ਮਾਰਫਤ ਸ੍ਰੀ ਨਿਰਭੈ ਸਿੰਘ, ਮੁਹੱਲਾ ਮੋਲਵੀਆਂ, ਬਠਿੰਡਾ]

ਨਵੇਂ ਸ਼ਬਦ

ਹਰਜੀਤ ਦੌਧਰੀਆ

ਅੱਖਰ ਘਾੜਿਉ
ਸੋਕੜੇ ਤੇ ਬੇਲ ਬੂਟੇ ਪਾਉਣ ਵਾਲਿਉ
ਆਪਣੀਆਂ ਰਚਨਾਵਾਂ ਦੀਆਂ ਡੀਲਕਸ ਐਡੀਸ਼ਨਾਂ ਵਾਪਸ ਲੈ ਲਵੋ
ਸਾਨੂੰ ਤਾਂ ਥੋੜੇ ਹੀ ਸ਼ਬਦ ਤੇ ਉਨ੍ਹਾਂ ਦੇ ਅਰਥ ਚਾਹੀਦੇ ਨੇ
ਕੁਝ ਦਗਦੇ ਸ਼ਬਦ ਗਿੱਲਿਆਂ ਚੁਲ੍ਹਿਆਂ ਨੂੰ ਜਾਲਣ ਲਈ
ਅਸੀਂ ਠੱਠੀਆਂ ਤੇ ਕੁਚਿਆਂ ਮਹੱਲਿਆਂ 'ਚ ਰਹਿਣ ਵਾਲੇ ਲੋਕ
ਆਪਣੇ ਟੱਬਰਾਂ ਲਈ ਵਾਕ ਲੋੜਦੇ ਹਾਂ
ਉਨ੍ਹਾਂ ਭਾਰੀ ਪੁਸਤਕਾਂ ਨੂੰ ਸਿਰਾਂ ਤੇ ਚੁੱਕੀ ਫਿਰਨ ਤੋਂ ਇਨਕਾਰ ਕਰਦੇ ਹਾਂ
ਜਿਨ੍ਹਾਂ ਦੇ ਸ਼ਬਦਾਂ ਦੀਆਂ ਇਬਾਦਤਾਂ ਪੀੜਾਂ ਚੀਕਾਂ ਅਤੇ ਨੰਗੇਜ ਦਾ ਕਾਰਨ ਬਣੀਆਂ
ਸਾਨੂੰ ਧਰਤੀ 'ਤੇ ਸ਼ਬਦਾਂ ਦੀਆਂ ਬਹੁਕਰਾਂ ਖਰਕਿਆਂ ਅਤੇ ਝਾੜੂਆਂ ਦੀ ਲੋੜ ਹੈ
ਜਿਨ੍ਹਾਂ ਦੁਆਰਾ ਅਸੀਂ ਜਮਾਤੀ ਸ਼ਬਦ-ਘੱਟਾ ਹੂੰਝ ਸਕੀਏ
ਖਾਨਾ ਬਦੋਸ਼ ਅਤੇ ਝੌਂਪੜੀਆਂ 'ਚ ਰਹਿਣ ਵਾਲਿਆਂ ਨੂੰ
ਫਲੈਟਾਂ ਦੇ ਨਕਸ਼ੇ ਨਾ ਦਖਾਉ ਬਾਊ ਜੀ :

ਬਹੁਤ ਦੇਖ ਚੁਕੇ ਹਾਂ ਤੁਹਾਡੇ ਨਾਟਕਾਂ ਦੀਆਂ ਸਟੇਜਾਂ
ਜਿਨ੍ਹਾਂ 'ਤੇ ਤੁਸੀਂ ਬਹੁਤ ਸਮੇਂ ਤੋਂ ਪਾਉਂਦੇ ਰਹੇ ਹੋ ਝੂਠੀਆਂ ਬਨੌਟੀ ਰਾਸਾਂ
ਸਾਂਭੋ ਤੁਸੀਂ ਸੂਦ ਦਰ ਸੂਦ ਰਕਮਾਂ ਦੀਆਂ ਨੰਬਰੀਆਂ
ਅਸੀਂ ਕਰ ਲਵਾਂਗੇ ਆਪਣਾ ਲੈਣ ਦੇਣ ਆਪਣੀਆਂ ਕਾਠੀਆਂ ਉਂਗਲਾਂ ਤੇ
ਤੁਹਾਡੇ 'ਸਭ ਹੱਕ ਰਾਖਵੇਂ ਹਨ' ਅਧੀਨ ਰਚੇ ਸ਼ਬਦ ਕੋਸ਼ ਤੇ ਪੁਸਤਕਾਂ
ਜੋ ਤੁਸੀਂ ਬਹੁਤ ਵਾਰੀ ਸੋਧੀਆਂ ਨੇ
ਜਿਨ੍ਹਾਂ ਦੇ ਰੀਵੀਊ ਬਾਹਰੋਂ ਕੀਤੇ ਆਏ
ਉਨ੍ਹਾਂ ਨੂੰ ਅਸੀਂ ਸਵੀਕਾਰ ਨਹੀਂ ਕਰਦੇ
ਅਸੀਂ ਸ਼ਬਦਾਂ ਦੀ ਦਲਾਲੀ ਕਰਨ 'ਚ ਯਕੀਨ ਨਹੀਂ ਰਖਦੇ
ਕਲਮਾਂ ਨੂੰ ਕੁਲਫ ਲਾਉਣ ਤੋਂ ਅਤੇ ਲਚਰ ਨਿੱਬਾਂ ਤੋਂ ਸਾਨੂੰ ਸਖਤ ਨਫਰਤ ਹੈ

ਸ਼ਬਦਾਂ ਦੇ ਵਣਜਾਰਿਉ !
ਸਾਨੂੰ ਘਸੇ ਪਿਟੇ ਜੂਠੇ ਸ਼ਬਦ ਨਹੀਂ ਚਾਹੀਦੇ
ਸਾਨੂੰ ਉਨ੍ਹਾਂ ਸ਼ਬਦਾਂ ਦੀ ਲੋੜ ਹੈ
ਜੋ ਸੂਈ ਦੇ ਨੱਕੇ ਥਾਈਂ ਲੰਘ ਕੇ ਵੀ ਲੋਕਾਂ ਦੇ ਮਿੱਤਰ ਬਣੇ ਰਹਿਣ
ਅਸੀਂ ਰਲ ਮਿਲ ਕੇ ਰਚਨਾਤਮਕ ਕਿਰਤ ਚੋਂ ਨਵੇਂ ਸ਼ਬਦ ਲਭਾਂਗੇ
ਆਪਣੇ ਅਮਲਾਂ ਦੀਆਂ ਪੰਜਾਂ ਸ਼ਕਤੀਆਂ ਰਾਹੀਂ □

ਅਜੋਕੀ ਪੰਜਾਬੀ ਕਵਿਤਾ : ਕੁਝ ਪ੍ਰਭਾਵ

ਸ਼ਹਰਯਾਰ

ਗੱਲ ਚਲ ਰਹੀ ਸੀ ਮਿਲੀਟੈਂਟ ਪੋਇਟਰੀ ਦੀ। ਇਕ ਪੰਜਾਬੀ (ਉਦੋਂ ਮਿਲੀਟੈਂਟ) 'ਕਬਿਤ੍ਰਬਾਚ' ਸੁਣਾਈ ਦਿਤਾ 'ਸਾਨੂੰ ਤਲਵਾਰਾਂ ਫੜਨ ਦੀ ਲੋੜ ਨਹੀਂ। ਮਿਲੀਟੈਂਟ ਪੈਗੰਬਰ ਨੇ ਭਾਈ ਨੰਦ ਲਾਲ ਨੂੰ ਤਲਵਾਰ ਲਾਹ ਕੇ ਉਨੀ ਹੀ ਮਜ਼ਬੂਤੀ ਨਾਲ ਕਲਮ ਚੁੱਕਣ ... ਫ਼ਿਆਨ ਦਿੱਤਾ ਸੀ।' ਮੈਂ ਸੋਚ ਰਿਹਾ ਸਾਂ 'ਨੰਦ ਜੀ' ਨੇ ਤਲਵਾਰ ਪਾ ਤਾਂ ਲਈ ਸੀ।

ਤੇ ਇਨ੍ਹਾਂ ਨੂੰ ਤਲਵਾਰ ਫੜਨੋ ਕਿਹੜੇ ਪੈਗੰਬਰ ਨੇ ਹਟਕਿਆ ਹੈ। ਗਾਂਧੀ ਦੀ ਪੈਗੰਬਰੀ ਮੇਰੀ ਸਮਝ ਤੋਂ ਬਾਹਰ ਦੀ ਪ੍ਰਕਿਰਿਆ ਹੈ। ਗੁਰੂ ਗੋਬਿੰਦ ਸਿੰਘ ਦੇ ਨੰਦ ਲਾਲ ਪ੍ਰਤੀ ਹੋਏ ਇਸ ਮਹਾਂ ਵਾਕ ਦਾ ਇਹ ਦੋ ਪੱਖੀ ਵਿਵੇਚਨ ਹੀ ਦੋ ਆਹਲੂਵਾਲੀਏ ਸਰਦਾਰਾਂ (ਜੱਸਾ ਸਿੰਘ ਤੇ ਜਸਬੀਰ ਸਿੰਘ) ਵਿਚਕਾਰਲਾ ਅੰਤਰ ਨਿਰਧਾਰਤ ਕਰਦਾ ਹੈ।

ਆਪਣੀ ਕਵਿਤਾ ਦੀ ਸਥਾਪਤੀ ਦੇ ਚੱਕਰ ਵਿਚ ਬਣੇ ਕਾਵਿ-ਸ਼ਾਸਤਰੀ ਜਦੋਂ ਪਛਮੀ ਸਭਿਆਚਾਰ ਦੀ ਗਾਚੀ ਪੁਟ ਕੇ **(Cultural transplantation)** ਪੰਜਾਂ ਪਾਣੀਆਂ ਰਾਹੀਂ ਸਿੰਜੀ ਜਾ ਰਹੀ ਧਰਤੀ ਵਿਚ ਗੱਡਣ ਦੀ ਖੇਚਲ ਕਰਦੇ ਹਨ ਤਾਂ ਧਰਤੀ ਦੀ ਸੁਗੰਧੀ ਨਾਲ ਵਾਬਸਤਾ ਲੋਕ ਕਿਸੇ ਅੰਤਰ-ਰਾਸ਼ਟਰੀ ਸਾਜ਼ਿਸ਼ ਦੇ ਨਕਸ਼ ਪਛਾਣ ਹੀ ਲੈਂਦੇ ਹਨ।

ਮੇਰਾ ਨੌਕਰ ਮੇਰੀ ਬੀਵੀ ਤਾਂ ਵਰਤ ਸਕਦਾ ਹੈ/ਪਰ ਮੇਰਾ ਟੁਥ ਬੁਰਸ਼ ਨਹੀਂ।

ਕਿਸੇ ਫ਼ਲਸਫ਼ੇ ਦੀ ਲੋਕਲ ਧਰਾਤਲ ਅਨੁਸਾਰ ਤਬਦੀਲੀ ਹੀ ਉਸ ਨੂੰ ਕਿਸੇ ਸਭਿਆਚਾਰ ਵਿੱਚ ਖਪਣ ਵਾਲੀ ਸ਼ੈਅ ਬਣਾ ਸਕਦੀ ਹੈ। ਇਸੇ ਲਈ ਗੁਰੂ ਨਾਨਕ ਯੂਨੀਵਰਸਿਟੀ ਦੇ ਦਿੱਲੀ ਬੈਠੇ ਆਰਕੀਟੈਕਟਾਂ ਦੇ ਬਣਾਏ ਨਕਸ਼ੇ ਮੁਤਾਬਿਕ ਜਦੋਂ ਰਿਹਾਇਸ਼ੀ ਮਕਾਨ ਬਣ ਚੁੱਕੇ ਹੁੰਦੇ ਹਨ ਤਾਂ ਜਾ ਕੇ ਵੱਸਣ ਵਾਲਿਆਂ ਨੂੰ ਗਿਆਨ ਹੁੰਦਾ ਹੈ ਕਿ ਮੁਲਕ ਵਿਚ ਮਲੇਰੀਏ ਦਾ 'ਨਾਸ਼' ਹੋਣ ਦੇ ਬਾਵਜੂਦ ਕੈਂਪਸ ਵਿਚ ਕੁਨੈਣ ਦੀ ਏਨੀ ਖਪਤ ਕਿਉਂ ਹੈ (ਸ਼ਹਿਰ ਦਾ ਗੰਦਾ ਨਾਲਾ ਵਿਸ਼ਵ ਵਿਦਿਆਲੇ ਦੀ ਕੰਧ ਤੋਂ ਏਨਾਂ ਕੁ ਪਰ੍ਹਾਂ ਵਗਦਾ ਹੈ ਜਿੰਨਾ ਤਾਜ ਮਹਿਲ ਤੋਂ ਜਮਨਾ ਦਰਿਆ)। ਇਸੇ ਸੰਦਰਭ ਵਿਚ ਇਕ ਮਾਰਕਸੀ ਚਿੰਤਕ ਦੇ ਸ਼ਬਦ ਯਾਦ ਆ ਰਹੇ ਹਨ ਕਿ ਸਰਮਾਏਦਾਰੀ ਜ਼ਿੰਦਗੀ ਦੇ ਹਰੇਕ ਪਹਿਲੂ 'ਤੇ ਹਰ ਸਮੇਂ ਹਮਲਾਆਵਰ ਹੈ ਤੇ ਇਸ ਦਾ ਮੁਕਾਬਲਾ ਕਰਨ ਲਈ ਸਾਨੂੰ ਹਰ ਮੁਹਾਜ਼ 'ਤੇ ਇਸਦੇ ਖਿਲਾਫ ਜਹਾਦ ਛੇੜਨਾ ਪਏਗਾ।

ਪੰਜਾਬੀ ਕਵਿਤਾ ਅਜੀਬ ਕਿਸਮ ਦੇ ਦੁਰਯੋਧਨਾ ਦੇ ਰੰਗ ਮਹੱਲ ਵਿਚ ਆਣ ਫਸੀ ਹੈ; ਪਤਾ ਨਹੀਂ ਕਿਸ ਧੋਖੇ ਹੇਠਾਂ। ਇਕ ਪਾਸੇ ਸ਼ੰਕਰਾਚਾਰੀਆ ਆਪਣੇ ਗ੍ਰੰਥਾਂ ਦੇ ਊਠ ਲੱਦੀ ਕਾਲੀਦਾਸ 'ਤੇ ਦਿੱਗ ਵਿਜੈ ਪ੍ਰਾਪਤ ਕਰਨ ਆ ਰਿਹਾ ਹੈ (ਸ਼ੁਕਰ ਹੈ ਕਿ ਅਤਰ ਸਿੰਘ ਕਵਿਤਾ ਲਿਖਣੀ ਛਡ ਗਿਆ ਹੈ)। ਦੂਜੇ ਪਾਸੇ ਕੁਝ ਅਲੰਕਾਰ-ਸ਼ਾਸਤਰੀ ਮਜਮੇਬਾਜ਼ਾਂ ਵਾਲੇ ਹਰਬੇ ਵਰਤ ਰਹੇ ਹਨ। ਪਰੰਪਰਾ ਪਰੰਪਰਾ ਕੂਕਦਿਆਂ ਵੀ ਇਨ੍ਹਾਂ ਪਰੰਪਰਾ ਤੋਂ ਏਨਾ ਵੀ ਨਹੀਂ ਸਿਖਿਆ ਕਿ ਰੀਤੀਕਾਲ ਦੇ ਕਵੀ ਛੰਦ ਪ੍ਰਬੰਧ ਦੇ ਸ਼ਾਸਤਰੀ ਘੰਟਾਲ ਹੋਣ ਦੇ ਬਾਵਜੂਦ ਉਸ ਦੌਰ ਨੂੰ ਕਾਵਿਕ ਤੌਰ ਤੇ ਜ਼ਰਖੇਜ਼ ਨਹੀਂ ਬਣਾ ਸਕੇ।

ਸ਼ਬਦਾਂ ਦੀਆਂ ਅਮੂਰਤ ਮੂਰਤਾਂ ਨੂੰ ਏਡੀ ਖ਼ੂਬਸੂਰਤ ਬੇਰਹਿਮੀ ਨਾਲ ਤੋੜਨ ਜੋੜਨ ਵਾਲੇ 'ਸ਼ਬਦ ਕੀ ਚੋਟ ਲਗੀ ਮੇਰੇ ਮਨ ਮੇਂ ਬੇਧ ਗਈਉ ਤਨ ਸਾਰਾ' ਦੇ ਮਰਮ ਨੂੰ ਸਿਰਜਣਾਤਮਕ ਪੱਧਰ 'ਤੇ ਸਮਝ ਹੀ ਨਹੀਂ ਸਕੇ।

ਜਿਨ੍ਹਾਂ ਲਈ ਕਵਿਤਾ ਨਿਰੋਲ ਸੁਚੇਤ ਕਰਮ ਹੈ ਉਨ੍ਹਾਂ ਲਈ ਕੁਬਲਾ ਖ਼ਾਨ ਦਾ ਅਧੂਰਾ ਰਹਿ ਜਾਣਾ ਰਹੱਸ ਹੀ ਰਹੇਗਾ।

ਆਧੁਨਿਕ ਪੰਜਾਬੀ ਕਵੀ ਕਈ ਵਾਰੀ ਪਰੰਪਰਾ ਨੂੰ ਸੰਦਰਭੋਂ ਬਾਹਰ ਕੱਢ ਕੇ ਕੱਲ੍ਹ ਦੀ ਬਣੀ ਪੱਕੀ ਸੜਕ 'ਤੇ ਧੂਹ ਲੈਂਦਾ ਹੈ ਤੇ ਚੰਡੀਗੜ੍ਹ ਬਾਈ ਸੈਕਟਰ 'ਚ ਗੋਲ ਗੱਪੇ ਖਾਂਦੀਆਂ ਕੁੜੀਆਂ ਕੋਲ ਖਲਿਆਰ ਕੇ ਉਸਦੀ 'ਕਰੂਪਤਾ' ਤੇ ਹੱਸਦਾ ਹੈ।

ਨਾਮਕਾ, ਆਨੂੰ ਮੈਂ ਦੋ ਸ਼ੇਅਰ ਸੁਣਾਉਂਦਾ ਹਾਂ

ਮੋਹਨ ਦਾ— ਅਸੀਂ ਤਾਂ ਸਾਗਰ ਚੋਂ ਉਠੀ ਲਹਿਰ ਦੀ ਬਣੀ ਕੰਧ ਤੋਂ
ਉੱਡੇ ਪਰਿੰਦੇ ਸਾਂ

ਈਸ਼ਵਰ ਚਿਤ੍ਰਕਾਰ— ਤੇਰੀ ਉਡੀਕ ਨਾਲ ਇਉਂ ਕੀਲੀ ਗਈ ਏ ਕਲਪਨਾ
ਉੱਠ ਕੇ ਤਰੰਗ ਜਿਉਂ ਕੋਈ ਇਕੋ ਜਗ੍ਹਾ ਖੜੀ ਰਹੀ

ਈਸ਼ਵਰ ਨੇ ਤਰੰਗ ਦੀ ਕੰਧ ਬਣਾ ਦਿਤੀ (ਕਾਰੀਗਰ ਭਰਾ ਜੋ ਸੀ) ਤੇ ਮੋਹਨਜੀਤ ਨੇ ਉਸ ਉਤੇ ਪੰਛੀ ਬਹਾ ਕੇ ਉਡਾ ਦਿਤੇ।

ਅਜੇ ਵੀ ਜੇ ਪੰਜਾਬੀ ਕਵੀ ਐਂਟੀ ਪਰੰਪਰਾ ਹੋ ਕੇ ਆਪਣੀ ਮੌਲਿਕ ਉੱਤਮ-ਸ਼ਾਇਰੀ 'ਤੇ ਮਾਣ ਕਰੇਗਾ ਤਾਂ ਆਪੇ ਕਿਆਮਤ ਦੇ ਦਿਨ ਫਰਿਸ਼ਤੇ ਉਸਦਾ ਹਿਸਾਬ ਕਰਨਗੇ।

ਤੁਸੀਂ 'ਅਮਿਤੋਜ' ਦਾ 'ਇਕ ਹੋਰ ਜੰਗੀ ਕੈਦੀ ਦਾ ਪੈਗ਼ਾਮ' ਪੜ੍ਹੋ ਤੇ ਮਹਿਮੂਦ ਦਰਵੇਸ਼ ਦੀ 'ਆਈਡੈਂਟਿਟੀ ਕਾਰਡ'; ਕਮਾਲ ਦੀ ਸਮਰੂਪਤਾ ਨਜ਼ਰ ਆਏਗੀ।

ਪ੍ਰਤੀਬੱਧਤਾ ਬਾਰੇ ਪੰਜਾਬੀ ਕਵੀ (ਕਵਿਤਾ ਨਹੀਂ) ਬੜਾ ਊਲ ਜਲੂਲ ਬੋਲਦਾ ਹੈ। ਪ੍ਰਤੀਬੱਧਤਾ ਤੋਂ ਮੁਨਕਰ ਸ਼ਾਇਰ ਕਵਿਤਾ ਨੂੰ ਇਕ ਸੁਤੰਤਰ 'ਸੈਭੰ' ਪ੍ਰਕਿਰਿਆ ਦਾ ਹੋਕਾ ਦਿੰਦਾ ਹੈ।

ਕੀ ਕਵਿਤਾ ਲਿਖਣਾ ਪ੍ਰਤੀਬੱਧਤਾ ਨਹੀਂ ? ਸੱਚ ਬੋਲਣਾ ਪ੍ਰਤੀਬੱਧਤਾ ਨਹੀਂ ? ਬੱਚੇ ਪੈਦਾ ਕਰਨੇ ਪ੍ਰਤੀਬੱਧਤਾ ਨਹੀਂ ? ਮਨੁੱਖਵਾਦੀ ਹੋਣਾ ਪ੍ਰਤੀਬੱਧਤਾ ਨਹੀਂ ?

ਦੂਜੇ ਬੰਨੇ ਪ੍ਰਤੀਬੱਧਤਾ ਦੇ ਅਲਮਬਰਦਾਰ ਕਈ ਵਾਰੀ ਪ੍ਰਤੀਬੱਧਤਾ ਬਾਰੇ ਬੰਦ ਕਮਰੇ ਵਿਚ ਹੀ ਏਨੀ ਜ਼ੋਰ ਜ਼ੋਰ ਦੀ ਨਾਅਰੇ ਲਾ ਕੇ ਰੀਹਸਲ ਕਰਦੇ ਹਨ ਜਿਵੇਂ 'ਜਨਤਾ ਵਿਚ ਕਿਵੇਂ ਬੋਲੀਏ' ਦਾ ਅਭਿਆਸ ਕਰ ਰਹੇ ਹੋਣ ਜਾਂ ਆਪਣੀ ਪ੍ਰਤੀਬੱਧਤਾ ਬਾਰੇ ਏਨੇ ਸ਼ੱਕੀ ਹੋਣ ਕਿ ਇਸੇ ਡਰ ਤੋਂ ਉਚੀ ਉਚੀ ਬੋਲ ਕੇ ਰਾਹਤ ਪ੍ਰਾਪਤ ਕਰਨ ਲਈ ਜਤਨਸ਼ੀਲ ਹੋਣ।

ਪਰ ਕਵਿਤਾ ਵਿਚ ਪ੍ਰਤੀਬੱਧ ਤੇ ਐਂਟੀ-ਪ੍ਰਤੀਬੱਧ ਕਵੀਆਂ ਬਾਰੇ ਅਜੀਬ ਸਮਾਨਤਾ ਨਜ਼ਰ ਆਉਂਦੀ ਹੈ। ਇਕ ਐਂਟੀ ਪ੍ਰਤੀਬੱਧ ਸ਼ਾਇਰ ਡਾ: ਹਰਭਜਨ ਸਿੰਘ ਦੀ ਕਵਿਤਾ ਹੈ, 'ਮੇਰਾ ਬਚਪਨ'

ਉਂਜ ਤਾਂ ਹਰ ਮਾਂ ਸੋਹਣੀ ਹੁੰਦੀ/ਪਰ ਮੇਰੀ ਮਾਂ ਦੇਖ ਦੇਖ ਕੇ/ਹਰ ਅੱਖ ਸੁਲਗੇ
ਜਿਵੇਂ ਦੁਪਹਿਰੀ

(ਨਾ ਧੁੱਪੇ ਨਾ ਛਾਵੇਂ)

ਪ੍ਰਤੀਬੱਧ ਸ਼ਾਇਰ ਜਗਤਾਰ ਸਾਹਿਬ ਦੀ ਸਭ ਤੋਂ ਵਧ ਪ੍ਰਤੀਬੱਧ ਪੁਸਤਕ 'ਲਹੂ ਦੇ ਨਕਸ਼' ਦੀ ਇਕ ਕਵਿਤਾ ਹੈ 'ਬਚਪਨ ਤੋਂ ਹੁਣ ਤੱਕ'

> ਸਿਰੋਂ ਨੰਗੀ/ਸਿਖਰ ਉਮਰੇ/ਮੇਰੀ ਮਾਂ ਵਾਂਗ/ਸੜਦੀ ਕੜਕਦੀ ਤਿੱਖੜ ਦੁਪਹਿਰੇ
> ਜਦੋ ਨੰਗੇ ਪੈਰੀਂ ਪਰਤਦਾ ਸਾਂ

ਫੇਰ ਵੀ ਪੰਜਾਬ ਵਿਚ ਕੋਈ ਲੈਨਿਨ ਨਹੀਂ ਜਿਹੜਾ ਪੁਸ਼ਕਿਨ ਨੂੰ ਮਾਇਕੋਵਸਕੀ ਨਾਲੋਂ ਵਧੀਆ ਕਵੀ ਆਖ ਸਕੇ ।

ਸੁਚੇਤ ਪੱਧਰ ਤੇ ਪ੍ਰਤੀਬੱਧ ਕਵਿਤਾ ਕਈ ਵਾਰ ਉਸੇ ਕਵੀ ਦੀ ਦੂਜੇ ਦਰਜੇ ਦੀ ਕਵਿਤਾ ਦੇ ਧਰਾਤਲ 'ਤੇ ਆ ਡਿਗਦੀ ਹੈ । ਜਦੋਂ ਪ੍ਰਤੀਬੱਧ ਕਵੀ 'ਪ੍ਰਤੀਬੱਧ' ਨਜ਼ਮ ਲਿਖਣ ਦੇ ਜਤਨ ਵਿਚ ਹੁੰਦਾ ਹੈ ਤਾਂ ਕਈ ਵਾਰ ਉਸਦਾ ਆਧੁਨਿਕ ਸਮੱਸਿਆਵਾਂ ਦਾ 'ਲਖਣਾ' (**diagnose**) ਤਾਂ ਸਹੀ ਹੁੰਦਾ ਹੈ ਪਰ ਜਦੋਂ ਉਸ ਕਵਿਤਾ ਵਿਚ ਨਾਲ ਹੀ 'ਜਤਨਾ' (**treatment**) ਨੱਥੀ ਕਰਨ ਦਾ ਸੁਚੇਤ ਜਤਨ ਕਰਦਾ ਹੈ ਤਾਂ ਇਹ ਜੋੜ ਪਰਤੱਖ ਨਜ਼ਰ ਆਉਣ ਲੱਗ ਪੈਂਦਾ ਹੈ । ਖ਼ੂਬਸੂਰਤ ਫਿਲਮ ਵੇਖਦਿਆਂ ਅੱਖ ਵਿਚ ਪੜਵਾਲ ਰੜਕਣ ਲੱਗ ਪੈਂਦਾ ਹੈ । ਸਾਰਾ ਗੁੜ ਗੋਬਰ ਹੋ ਜਾਂਦਾ ਹੈ । ਜਦੋਂ 'ਅਮਰਜੀਤ ਚੰਦਨ' ਉਚੇ ਸਵਰ ਵਿਚ ਵੀ ਆਖਦਾ ਹੈ :

> ਕੌਣ ਨਹੀਂ ਚਾਹੇਗਾ/ਆਪਣੇ ਦਿਲਦਾਰਾਂ ਦੀ ਮਹਿਫਲ ਵਿਚ ਬੈਠ ਕੇ ਕਸ਼ਮੀਰੀ ਚਾਹ ਦੀਆਂ ਚੁਸਕੀਆਂ ਲੈਣਾ/ਬਰੈਸ਼ਟ ਦੀਆਂ ਕਵਿਤਾਵਾਂ ਪੜ੍ਹਨਾ.........ਕੌਣ ਨਹੀਂ ਚਾਹੇਗਾ ਉਨ੍ਹਾਂ ਘੜੀਆਂ ਤੇ ਫਾਇਰ ਕਰਨੇ/ਜੋ ਸਾਡਾ ਨਹੀਂ/ਵਕਤ ਦੇ ਵਣਜਾਰਿਆਂ ਦਾ ਸਮਾਂ ਦੱਸਦੀਆਂ ਹਨ/ਕੌਣ ਨਹੀਂ ਚਾਹੇਗਾ/ਰੁਕੇ ਪਾਣੀਆਂ ਜਹੀ ਇਹ ਜ਼ਿੰਦਗੀ/ਬਣ ਜਾਏ ਫਿਰ ਸਾਗਰ ਦੀਆਂ ਛੱਲਾਂ

ਤਾਂ ਇਹ ਉਚੀ ਸੁਰ ਕਵਿਤਾ ਦੇ ਸੁਭਾਅ ਲਈ ਲਾਜ਼ਿਮ ਲਗਦੀ ਹੈ । ਇਥੇ 'ਜਤਨਾ' 'ਲਖਣਾ' ਦਾ ਅਜਿਹਾ ਸੂਖਮ ਅੰਗ ਬਣਕੇ ਰੂਪਮਾਨ ਹੁੰਦਾ ਹੈ ਕਿ ਇਹ ਕਵਿਤਾ ਦਾ 'ਮਧਿਆਂਤਰ' ਤੋਂ ਮਗਰਲਾ ਭਾਗ ਨਹੀਂ ਲਗਦਾ ਜਦੋਂ ਕਿ ਜਗਤਾਰ ਦੀ ਨਜ਼ਮ 'ਵਿਸ਼ਵਾਸ' ਨੂੰ ਸਾਫ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ।

> ਰੁੱਖ ਉਤੇ ਚੜ੍ਹ ਰਹੇ ਸੱਪ ਦੀ ਕਿਤੇ ਪੈੜ ਨਹੀਂ ਹੁੰਦੀ/ਥਲ 'ਚ ਜਾ ਰਹੇ ਕਾਫਲੇ ਦੇ ਪੈਰ ਚਿੰਨ/ਛਿਣ ਦੋ ਛਿਣ
> ਮੈਂ ਗੁਬਾਰਾ ਤਾਂ ਨਹੀਂ/ਮੈਂ ਗੁਜ਼ਰ ਰਹੇ ਛਿਣ 'ਚ ਹਾਂ/ਬੀਤ ਚੁੱਕੇ ਛਿਣ 'ਚ ਸਾਂ/ਆਉਣ ਵਾਲੇ ਛਿਣ 'ਚ ਹੋਵਾਂਗਾ/ਮੇਰਾ ਵਿਸ਼ਵਾਸ ਹੈ
> ਬਾਰੀਕ ਤੇ ਸਸ਼ਕਤ ਸੁਰ ਛੇਕੜ ਤੇ 'ਸਾਰੰਗ' ਬਣ ਜਾਂਦੀ ਹੈ । ਅੰਤਲਾ 'ਵਿਸ਼ਵਾਸ਼' ਅਵਿਸ਼ਵਾਸ ਵਰਗਾ ਲੱਗਣ ਲੱਗ ਜਾਂਦਾ ਹੈ

ਜੇ ਮੈਂ ਕਵਿਤਾ ਨੂੰ ਪਹਾੜੀ ਚਸ਼ਮੇ ਦੀ ਕੁਦਰਤ ਨਾਲ ਤੁਲਨਾ ਦਿਆਂ ਤਾਂ ਤੁਸੀਂ ਸ਼ਾਇਦ ਕਹੋ ਕਿ ਅੰਬਰਸਰ ਤਾਂ ਚਸ਼ਮੇ ਹੁੰਦੇ ਨਹੀਂ ਜਾਂ ਕਈਆਂ ਕਵੀਆਂ ਤਾਂ ਚਸ਼ਮੇ ਵੇਖੇ ਵੀ ਨਹੀਂ ਹੋਣਗੇ । ਮੈਂ ਕਹਾਂਗਾ ਆਦਿਮ ਮਨੁੱਖ ਤੋਂ ਮੌਜੂਦਾ ਜੁਗ ਤੱਕ ਆਦਮੀ ਉਵੇਂ ਹੱਸਦਾ ਆ ਰਿਹਾ ਹੈ, ਉਵੇਂ ਰੋਂਦਾ (ਏਨਾ ਕੁ ਫਰਕ ਹੋ ਸਕਦਾ ਹੈ ਕਿ ਰੋਂਦਿਆਂ ਹੱਸਦਿਆਂ ਕੋਈ 'ਗਵਾਰ' ਨੱਕ 'ਚੋਂ ਵਗਦਾ ਪਾਣੀ ਕੁੜਤੇ ਦੇ ਕਫਾਂ ਨਾਲ ਪੂੰਝ ਲੈਂਦਾ ਹੋਵੇਗਾ ਤੇ ਕੋਈ ਹੋਰ ਰਾਅ ਸਿਲਕ

ਦੇ ਰੁਮਾਲ ਨਾਲ) ਤੇ ਮਨੁੱਖ ਦੇ ਰੋਣ, ਹੱਸਣ ਨਾਲ ਕਵਿਤਾ ਦੀ ਕੁਦਰਤ ਦਾ ਬੜਾ ਗੂੜ੍ਹਾ ਸਬੰਧ ਹੈ ।

ਡਾ: ਹਰਿਭਜਨ ਸਿੰਘ ਸੁਭਾਅ ਤੋਂ ਪ੍ਰੋਲੇਤਾਰੀ ਹੈ (ਪਾਤਰ, ਮੋਹਨਜੀਤ ਨਾਲ ਇਕ ਇੰਟਰਵੀਊ) ਪਰ ਗਾਹੇ ਬਗਾਹੇ ਡਾਕਟਰ ਸਾਹਿਬ ਕ੍ਰਾਂਤੀਮੁਖੀ ਹੋਣ ਤੋਂ ਗੁਰੇਜ਼ ਕਰਦੇ ਹਨ । ਇਹ ਤ੍ਰਿਸ਼ੰਕੂ-ਸੁਭਾ ਕਿਤੇ ਪੰਜਾਬੀ ਕਵਿਤਾ ਦੀ ਤਕਦੀਰ ਹੀ ਤਾਂ ਨਹੀਂ ! ਇਸਦਾ ਇਕ ਹੋਰ ਪ੍ਰਮਾਣ ਲਾਲ ਸਿੰਘ ਦਿਲ ਉਰਫ ਮੁਹੰਮਦ ਬੁਸਰਾ ਦਾ 'ਥੱਕ' ਜਾਣਾ ਹੈ ।

ਕੁੱਝ ਵੀ ਕਰਨ ਨੂੰ/ਤੇ ਨਾ ਕਰਨ ਨੂੰ ਦਿਲ ਨਹੀਂ ਕਰਦਾ/ਬੰਦ ਕੀੜੇ ਵਾਂਗ ਸੋਚ ਤੁਰਦੀ ਹੈ/ਜੇ ਕੋਈ ਕਹੇ ਤੇਰੀ ਸੱਜਣ ਕੁੜੀ ਗੱਡੀ ਦੇ ਪਹੀਏ ਹੇਠ ਕੁਚਲੀ ਗਈ/ ਤਾਂ ਵੀ ਸ਼ਾਇਦ......ਜੇ ਪਤਾ ਚੱਲੇ, ਭਰਾ ਪਾਗਲ ਹੋ ਗਿਆ/ਤਾਂ ਰਤਾ ਤੜਪੇਗਾ

ਜੇ ਕੋਈ ਕਹੇ ਤੇਰੀ ਮਾਂ ਪੁਲਸ ਨੇ ਨੰਗੀ ਕਰ ਦਿਤੀ/ਤਾਂ ਇਹ ਸਾਧਾਰਣਤਾ ਲੰਘ ਜਾਏਗੀ/ਗੱਡੀ ਦੇ ਪਹੀਏ ਵਾਂਗ/ਬਿਨਾਂ ਤੜਪਿਆਂ

ਇਹ ਉਹ ਦਿਲ ਹੈ ਜੋ 'ਸ਼ਾਮ ਦਾ ਰੰਗ' 'ਕਾਂਗਲਾ ਤੇਲੀ' ਵਰਗੀਆਂ ਕਵਿਤਾਵਾਂ ਲਿਖਦਾ ਹੁੰਦਾ ਸੀ । ਭਾਰਤੀ ਅਤਿਵਾਦੀਆਂ ਦੀ ਖੁਸ਼ਕਿਸਮਤੀ ਕਹੋ ਜਾਂ ਬਦਕਿਸਮਤੀ, ਜਦੋਂ ਇਹ ਨਿਰਾਸ਼ ਹੁੰਦੇ ਹਨ, ਭਾਰਤੀ ਪਰੰਪਰਾਵਾਦੀ ਦਰਸ਼ਨ ਦੋਵੇਂ ਬਾਹਵਾਂ ਖੋਲ੍ਹ ਕੇ ਇਨ੍ਹਾਂ ਨੂੰ ਆਪਣੀ ਠੰਢੀ ਗਲਵਕੜੀ ਵਿਚ ਸਮੇਟ ਲੈਂਦਾ ਹੈ । ਫਿਰ ਇਹ 'ਜੀਵਨ ਕੀ ਹੈ ?' ਵਰਗੇ ਅਮੂਰਤ ਸਵਾਲ ਦੀ ਓਟ ਲੈ ਕੇ ਸਾਰੀ ਜ਼ਿੰਦਗੀ ਇਸੇ ਚਿੰਤਨ ਵਿਚ ਗੁਜ਼ਾਰ ਦਿੰਦੇ ਹਨ । ਕਿਤੇ 'ਅਰਬਿੰਦੋ ਆਸ਼ਰਮ' ਖੁਲ੍ਹ ਰਿਹਾ ਹੈ, ਵੇਦਾਂਤ ਦੀ ਪੁਨਰ ਵਿਆਖਿਆ ਹੋ ਰਹੀ ਹੈ ਤੇ ਜਿਸਨੂੰ ਯੋਰਪ ਵਡਿਆ ਰਿਹਾ ਹੈ । ਯੂਰਪ ਦਾ ਹਿੱਪੀ ਤਬਕਾ ਉਸ ਵਲ ਖਿਚੀਦਾ ਆ ਰਿਹਾ ਹੈ । ਕਿਤੇ 'ਦਿਲ' ਕਲਮਾ ਪੜ੍ਹ ਰਿਹਾ ਹੈ । ਲੋਕ ਨਾਥ ਭਾਈ ਵੀਰ ਸਿੰਘ ਦੇ ਕਸੀਦੇ ਲਿਖ ਰਿਹਾ ਹੈ । 1969 ਤੋਂ ਮਾਯੂਸ ਅਤਿਵਾਦੀ ਬੰਗਾਲੀ ਗਭਰੂ ਬਾਬੂ ਰਾਉ ਹੇਮ-ਕੁੰਟ ਦੇ ਪੈਰਾਂ 'ਚ ਬੈਠਾ ਸਿਰਫ ਚਾਹ 'ਤੇ ਗੁਜ਼ਾਰਾ ਕਰ ਰਿਹਾ ਹੈ ਤੇ ਉਨੀ ਹੀ ਗੰਭੀਰਤਾ ਨਾਲ ਜੀਵਨ ਦਾ 'ਲਕਸ਼' ਲੱਭਣ ਦਾ ਜਤਨ ਕਰ ਰਿਹਾ ਹੈ । ਜਿੰਨੀ ਗੰਭੀਰਤਾ ਨਾਲ ਸ਼ਾਇਦ 'ਧਰਮ ਇਕ ਅਫ਼ੀਮ ਹੈ' ਦਾ ਨਾਅਰਾ ਵੀ ਉਸ ਲਾਇਆ ਹੋਵੇਗਾ ।

ਫਿਰ ਵੀ ਪੰਜਾਬੀ ਕਵਿਤਾ ਦਾ ਵਰਤਮਾਨ ਤੇ ਭਵਿਖ ਨਿਰਾਸ਼ਾ-ਜਨਕ ਨਹੀਂ । ਇਹ ਮੈਂ ਰਸਮੀ ਤੌਰ 'ਤੇ ਨਹੀਂ ਕਹਿ ਰਿਹਾ । ਫਿਲਹਾਲ ਵਧੀਆ ਕਵਿਤਾ ਲਿਖਣ ਵਾਲਿਆਂ ਵੱਲ ਸੰਕੇਤ ਕਰਨ ਲਈ ਸਿਰਫ ਪਾਤਰ ਪ੍ਰਮਿੰਦਰਜੀਤ ਦਾ ਨਾਂ ਲੈ ਰਿਹਾ ਹਾਂ ਉਹ ਵੀ ਸ਼ਾਇਦ ਇਸ ਲਈ ਕਿ ਰਾਸ਼ੀ ਮਿਲਣ ਕਰਕੇ ਦੋਵੇਂ ਇਕੱਠੇ ਯਾਦ ਆ ਜਾਂਦੇ ਹਨ ।□

ਸਾਹਿਤ ਵਿਚ ਆਮ ਆਦਮੀ

ਭੈਰਵੀ ਪ੍ਰਸ਼ਾਦ ਗੁਪਤ

ਸਮਾਜ ਆਦਮੀਆਂ ਦੇ ਸਮੂਹ ਤੋਂ ਬਣਦਾ ਹੈ। ਜੇ ਸਮਾਜ ਵਿਚ ਆਦਮੀ ਹਨ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਮਾਜ ਵਿਚ ਨਿਸ਼ਚੈ ਹੀ 'ਖ਼ਾਸ' ਆਦਮੀ ਵੀ ਹਨ। ਇਸੇ ਗੱਲ ਨੂੰ ਵਿਗਿਆਨਕ ਸ਼ਬਦਾਵਲੀ ਵਿਚ ਅਸੀਂ ਇਉਂ ਕਹਿ ਸਕਦੇ ਹਾਂ—ਬਿਨਾਂ 'ਖਾਸ' ਆਦਮੀ ਦੇ 'ਆਮ' ਆਦਮੀ ਦੀ ਹੋਂਦ ਸੰਭਵ ਨਹੀਂ, ਜਾਂ 'ਆਮ' ਆਦਮੀ ਤੋਂ ਬਿਨਾਂ 'ਖ਼ਾਸ' ਆਦਮੀ ਨਹੀਂ ਹੋ ਸਕਦਾ। ਹੁਣ ਸਹਿਜੇ ਹੀ ਇਹ ਸਵਾਲ ਉਠਦਾ ਹੈ ਕਿ ਜੇ ਸਾਹਿੱਤ ਦਾ ਸੰਬੰਧ ਸਮੁੱਚੇ ਸਮਾਜ ਨਾਲ ਹੈ ਤਾਂ ਫਿਰ ਇਕੱਲੇ 'ਸਾਹਿਤ ਵਿਚ ਆਮ ਆਦਮੀ' ਦਾ ਹੀ ਸਵਾਲ ਕਿਉਂ ਉਠਾਇਆ ਜਾ ਰਿਹਾ ਹੈ ? 'ਸਾਹਿਤ ਵਿਚ ਸਮਾਜ' ਦਾ ਸਵਾਲ ਕਿਉਂ ਨਹੀਂ ਉਠਾਇਆ ਜਾਂਦਾ ? ਕੀ ਇਹਨਾਂ ਦੋ ਸਵਾਲਾਂ ਵਿਚੋਂ ਪਹਿਲਾ ਸਵਾਲ ਗ਼ਲਤ ਅਤੇ ਗੁਮਰਾਹ ਕਰਨ ਵਾਲਾ ਨਹੀਂ ?

ਪੂੰਜੀਜੀਵੀ ਲੇਖਕ ਅਤੇ ਸੰਪਾਦਕ ਸੁਭਾਵਕ ਹੀ ਹਮੇਸ਼ਾ ਗ਼ਲਤ ਤੇ ਗੁਮਰਾਹ ਕਰਨ ਵਾਲੇ ਸਵਾਲ ਉਠਾਉਂਦੇ ਹਨ ਅਤੇ ਉਹ ਸਵਾਲ ਖੜਾ ਕਰਕੇ ਇਕ ਗ਼ਲਤ, ਝੂਠਾ ਤੇ ਨਕਲੀ ਅੰਦੋਲਨ ਖੜਾ ਕਰ ਦੇਣ ਦਾ ਖੜਯੰਤਰ ਕਰਦੇ ਹਨ, ਤਾਂ ਜੁ ਲੇਖਕ ਉਸੇ ਵਿਚ ਉਲਝਕੇ ਰਹਿ ਜਾਣ ਅਤੇ ਸਹੀ ਤੇ ਮਹੱਤਵਪੂਰਣ ਉਦੇਸ਼ ਉਹਨਾਂ ਦੀਆਂ ਅੱਖਾਂ ਤੋਂ ਓਝਲ ਹੋ ਜਾਣ। ਕਲਾ ਦਾ ਸਵਾਲ, ਲੇਖਕ ਦੀ ਆਜ਼ਾਦੀ ਦਾ ਸਵਾਲ, ਸਾਹਿਤ ਅਤੇ 'ਕ੍ਰਾਂਤੀ' ਦਾ ਸਵਾਲ, ਭਾਸ਼ਾ ਦਾ ਸਵਾਲ, ਸਾਹਿਤ ਤੇ ਰਾਜਨੀਤੀ ਦਾ ਸਵਾਲ, ਸਾਹਿਤਕਾਰ ਤੇ ਪਾਰਟੀ ਦਾ ਸਵਾਲ, ਸਾਹਿਤਕਾਰ ਤੇ ਵਿਵਸਥਾ ਦਾ ਸਵਾਲ...ਹੋਰ ਵੀ ਬਹੁਤ ਸਾਰੇ ਸਵਾਲਾਂ ਨੂੰ ਅਸੀਂ ਵੇਖ ਚੁਕੇ ਹਾਂ ਅਤੇ ਉਹਨਾਂ ਦੇ ਅਸਲੀ ਮੁੱਦਿਆਂ ਨੂੰ ਵੀ ਸਮਝ ਚੁਕੇ ਹਾਂ। ਉਹਨਾਂ ਸਵਾਲਾਂ ਵਾਂਗ ਕੁਝ ਪੂੰਜੀਜੀਵੀ ਲੇਖਕਾਂ ਸੰਪਾਦਕਾਂ ਨੇ ਬੜੇ ਜ਼ੋਰ ਨਾਲ ਆਮ ਆਦਮੀ ਦਾ ਸਵਾਲ ਉਛਾਲਿਆ ਹੈ ਅਤੇ ਉਸਨੂੰ ਇਕ ਅੰਦੋਲਨ ਦੀ ਸ਼ਕਲ ਦੇਣ ਲਈ ਦਿਨ ਰਾਤ ਇਕ ਕਰ ਦਿੱਤਾ ਹੈ। ਅਚਾਨਕ ਆਮ ਆਦਮੀ ਨਾਲ ਉਹਨਾਂ ਨੂੰ ਏਨੀ ਭਾਰੀ ਹਮਦਰਦੀ ਹੋ ਗਈ ਹੈ ਕਿ ਲਗਦਾ ਹੈ ਜਿਵੇਂ ਉਹ ਆਮ ਆਦਮੀ ਦੀ ਹੀ ਨੀਂਦ ਸੌਂ ਜਾਗ ਰਹੇ ਹੋਣ। ਆਮ ਆਦਮੀ ਦੇ ਕੋਲੋਂ ਉਹ ਇਕ ਛਿਣ ਲਈ ਵੀ ਹਟਣ ਦਾ ਨਾਉਂ ਨਹੀਂ ਲੈਂਦੇ ਅਤੇ ਉਸ ਦੇ ਦੁਖ-ਸੁਖ ਨਾਲ ਬੇਹਾਲ ਹੋ ਹੋ ਕੇ, ਸ਼ਰਾਬ ਪੀ ਪੀ ਕੇ ਆਪਣਾ ਗ਼ਮ ਇਸ ਲਈ ਗ਼ਲਤ ਕਰਦੇ ਰਹਿੰਦੇ ਹਨ ਤਾਕਿ ਉਸਦੀ ਸੇਵਾ ਲਈ ਜ਼ਿੰਦਾ ਰਹਿ ਸਕਣ।

ਹੱਦ ਤੋਂ ਅੱਗੇ ਜਾਣਾ ਮੂਰਖਾਂ ਦਾ ਕੰਮ ਹੈ ਅਤੇ ਪੂੰਜੀਪਤੀ ਹਮੇਸ਼ਾ ਹੀ ਬੁੱਧੀਜੀਵੀਆਂ ਦੀ ਅਜਿਹੀ ਮੂਰਖਤਾ ਦਾ ਸਵਾਗਤ ਕਰਦੇ ਹਨ। ਪੂੰਜੀਜੀਵੀ ਪ੍ਰਕਾਸ਼ਨ ਸੰਸਥਾਨ ਐਵੇਂ ਹੀ ਅਜਿਹੀ ਮੂਰਖਤਾ ਦੇ ਪ੍ਰਚਾਰ ਲਈ ਮੌਕਾ ਨਹੀਂ ਦਿੰਦੇ। ਇਹ ਮੂਰਖਤਾ ਉਹਨਾਂ ਲਈ ਲਾਭਦਾਇਕ ਹੁੰਦੀ ਹੈ। ਉਹਨਾਂ ਦੇ ਕੁਝ ਬੁੱਧੀਜੀਵੀ ਚਾਕਰ ਲੇਖਕਾਂ ਨੂੰ ਇਸ ਮੂਰਖਤਾ ਦੇ ਜਾਲ ਵਿਚ ਫ਼ਸਾਉਣ ਦੀ ਕੋਸ਼ਿਸ਼ ਕਰਦੇ ਹਨ। ਹੁਣ ਤੁਸੀਂ ਅਜਿਹੇ ਚਾਕਰਾਂ ਨੂੰ ਕੀ ਕਰੋਗੇ ਜੋ ਅਜਿਹੀ ਮੂਰਖਤਾ ਦੇ ਪ੍ਰਚਾਰ-ਪਰਸਾਰਨ ਲਈ ਆਪਣੀ ਬੁੱਧੀ ਦਾ ਆਖਰੀ ਤੁਪਕਾ ਵੀ ਨਿਚੋੜ ਕੇ ਪੂੰਜੀਪਤੀਆਂ ਦੀ

ਸੇਵਾ ਵਿਚ ਅਰਪਿਤ ਕਰ ਰਹੇ ਹਨ ? ਅਜਿਹੇ ਤਿਗੜਮਬਾਜ਼ਾਂ ਦੀ ਬੁੱਧੀ ਉਤੇ ਤੁਹਾਨੂੰ ਤਰਸ ਆਵੇ, ਪਰ ਤੁਹਾਡੇ ਤਰਸ ਦਾ ਉਹ ਕੀ ਕਰਨਗੇ ? ਉਹ ਜਾਣਦੇ ਹਨ ਕਿ ਉਹਨਾਂ ਦੀ ਏਸੇ 'ਬੁੱਧੀਮਾਨੀ' ਲਈ ਪੂੰਜੀਪਤੀ ਉਹਨਾਂ ਨੂੰ ਮੋਟੀਆਂ ਮੋਟੀਆਂ ਤਨਖਾਹਾਂ ਦਿੰਦੇ ਹਨ, ਜਿਨ੍ਹਾਂ ਸਦਕਾ ਉਹ ਐਸ਼-ਆਰਾਮ ਦੀ ਜ਼ਿੰਦਗੀ ਬਸਰ ਕਰਦੇ ਹਨ, 'ਆਮ ਆਦਮੀ' ਲਈ ਹੰਝੂ ਵਹਾਉਂਦੇ ਹਨ ਅਤੇ ਚੀਕ ਚੀਕ ਕੇ ਕ੍ਰਾਂਤੀ ਦੀਆਂ ਅਜਿਹੀਆਂ ਗੱਲਾਂ ਕਰਦੇ ਹਨ ਕਿ ਤੁਸੀਂ ਵੀ ਇਕ ਵਾਰ ਚੌਂਕ ਉਠੋ ਕਿ ਕਿਸ ਨੁਕਰ 'ਚੋਂ ਇਹ ਕ੍ਰਾਂਤੀ ਦਾ ਨਾਅਰਾ ਸੁਣਾਈ ਦਿੱਤਾ ਹੈ।

ਇਸ ਲਈ, ਸਭ ਤੋਂ ਪਹਿਲਾ ਅਸੀਂ ਇਹਨਾਂ ਦੀ 'ਬੁੱਧੀਮਾਨੀ' ਦਾ ਹੀ ਜਾਇਜ਼ਾ ਲੈ ਲਈਏ ਤਾਂ ਠੀਕ ਰਹੇਗਾ। ਆਮ ਆਦਮੀ ਦਾ ਸਵਾਲ ਉਠਾਕੇ ਇਹ ਲੋਕ ਇਕ ਨਿਸ਼ਾਨੇ ਨਾਲ ਦੋ ਸ਼ਿਕਾਰ ਫੁੰਡਕੇ ਆਪਣੇ ਮਾਲਕਾਂ ਸਾਹਵੇਂ ਰੱਖਣਾ ਚਾਹੁੰਦੇ ਹਨ। ਇਹ ਦੋ ਸ਼ਿਕਾਰ ਕੌਣ ਹਨ ? ਪਹਿਲਾ, ਲੇਖਕਾਂ ਦੀ ਨਿਗਾਹ ਸਮਾਜ ਦੇ ਉਹਨਾਂ 'ਖ਼ਾਸ ਆਦਮੀਆਂ' ਤੋਂ ਹਟਾਉਣਾ ਜੋ ਸਮਾਜ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ, ਅਤੇ ਦੂਜਾ, ਲੇਖਕਾਂ ਦੀ ਉਸ ਵਰਗ-ਚੇਤਨਾ ਨੂੰ ਖੁੰਢਾ ਕਰਨਾ ਜੋ ਕ੍ਰਾਂਤੀ ਦੇ ਮਾਰਗ ਨੂੰ ਰੁਸ਼ਨਾਉਂਦੀ ਹੈ। ਤੁਸੀਂ ਖ਼ੁਦ ਸੋਚੋ ਕਿ ਇਹ ਦੋਵੇਂ ਕੰਮ ਆਮ ਬੁੱਧੀ-ਜੀਵੀਆਂ ਦੇ ਜਾਂ 'ਆਮ ਆਦਮੀ' ਦੇ ਹਿਤ ਦੇ ਹਨ, ਜਾਂ ਪੂੰਜੀਪਤੀਆਂ ਦੇ ਹਿਤਾਂ ਦੇ ? ਸਾਹਿਤ ਨਾਲ ਇਹਨਾਂ ਕੰਮਾਂ ਦਾ ਕੀ ਸੰਬੰਧ ਹੈ, ਅਸੀਂ ਅਗਾਂਹ ਵੇਖਾਂਗੇ।

ਆਦਮੀ ਖ਼ੁਦ ਇਕ ਅਜਿਹਾ ਸ਼ਬਦ ਹੈ, ਜੋ ਆਪਣੇ ਅੰਦਰ ਸਭ ਨੂੰ ਸਮੋ ਲੈਂਦਾ ਹੈ, ਈਮਾਨਦਾਰਾਂ ਨੂੰ ਵੀ ਤੇ ਬੇਈਮਾਨਾਂ ਨੂੰ ਵੀ, ਗ਼ਰੀਬਾਂ ਨੂੰ ਵੀ ਤੇ ਅਮੀਰਾਂ ਨੂੰ ਵੀ, ਮਜ਼ਦੂਰਾਂ ਨੂੰ ਵੀ ਤੇ ਪੂੰਜੀਪਤੀਆਂ ਨੂੰ ਵੀ, ਹਾਕਮਾਂ ਨੂੰ ਵੀ ਤੇ ਮਹਿਕੂਮਾਂ ਨੂੰ ਵੀ, ਅਫ਼ਸਰਾਂ ਨੂੰ ਵੀ ਤੇ ਮਾਤਹਿਤਾਂ ਨੂੰ ਵੀ, ਕ੍ਰਾਂਤੀਕਾਰੀਆਂ ਨੂੰ ਵੀ ਤੇ ਪਿਛਾਖੜੀਆਂ ਨੂੰ ਵੀ, ਬੁੱਧੀਮਾਨਾਂ ਨੂੰ ਵੀ ਤੇ ਮੂਰਖਾਂ ਨੂੰ ਵੀ, ਲੇਖਕਾਂ ਨੂੰ ਵੀ ਤੇ ਪਾਠਕਾਂ ਨੂੰ ਵੀ...ਗੱਲ ਕੀ ਸਭ ਨੂੰ ਫੇਰ। ਜੋ ਕੋਈ 'ਸਾਹਿਤ ਵਿਚ ਆਦਮੀ' ਦਾ ਸਵਾਲ ਉਠਾਏ ਤਾਂ ਇਸ ਦਾ ਅਰਥ ਕੀ ਹੋਵੇਗਾ ? ਮਾਨਵਤਾਵਾਦੀ ਲੇਖਕ ਜਦ ਇਹ ਸਵਾਲ ਉਠਾਉਂਦੇ ਹਨ ਤਾਂ ਕੀ ਉਹ ਆਦਮੀ ਦੇ ਨਾਲ ਹੀ ਸਾਹਿਤ ਨੂੰ ਵੀ ਰਲਗਡ ਨਹੀਂ ਕਰ ਦਿੰਦੇ ? ਕੌਣ ਅਜਿਹਾ ਸਾਹਿਤਕਾਰ ਹੈ ਜੋ ਹਰ ਆਦਮੀ ਨਾਲ ਸਮਾਨ ਰਚਨਾਤਮਕ ਵਿਵਹਾਰ ਕਰਦਾ ਹੈ ? ਜੇ ਸਭ ਆਦਮੀ ਹਰ ਤਰ੍ਹਾਂ ਨਾਲ ਇਕੋ ਜਿਹੇ ਹੀ ਹੁੰਦੇ, ਤਾਂ ਕੀ ਸਾਹਿਤ ਦਾ ਜਨਮ ਹੋਇਆ ਹੁੰਦਾ ? ਅਰਜਨ ਤੇ ਦੁਰਯੋਧਨ ਜੇ ਇਕ ਸਮਾਨ ਹੁੰਦੇ ਤਾਂ ਮਹਾਂਭਾਰਤ ਕਿਵੇਂ ਛਿੜਦਾ ਤੇ ਉਸ ਦੀ ਰਚਨਾ ਕਿਵੇਂ ਹੁੰਦੀ ?

ਇਸ 'ਆਦਮੀ' ਨਾਲ ਜਦ 'ਆਮ' ਵਿਸ਼ੇਸ਼ਣ ਜੁੜਦਾ ਹੈ ਤਾਂ ਇਸਦਾ ਮਤਲਬ ਵੀ ਇਹੀ ਹੁੰਦਾ ਹੈ ਕਿ 'ਆਮ' ਸ਼ਬਦ ਦੇ ਨਾਲ ਇਕ 'ਖਾਸ' ਸ਼ਬਦ ਦਾ ਵੀ ਜਨਮ ਹੋਇਆ ਹੋਵੇਗਾ। ਅਥਵਾ ਜਦੋਂ 'ਖ਼ਾਸ ਆਦਮੀ' ਵਜੂਦ ਵਿਚ ਆ ਗਿਆ ਤਾਂ ਉਸਦਾ ਉਲਟ ਤੇ ਵਿਰੋਧੀ 'ਆਮ ਆਦਮੀ' ਵੀ ਹੋਂਦ ਵਿਚ ਆ ਗਿਆ ਅਤੇ ਸਮਾਜ ਵਿਚ ਇਹਨਾਂ ਦੋਹਾਂ ਵਿਚਕਾਰ ਦਵੰਦ ਸ਼ੁਰੂ ਹੋ ਗਿਆ, ਠੀਕ ਉਵੇਂ ਹੀ, ਜਿਵੇਂ ਪਹਿਲਾਂ ਸਾਮੰਤਵਾਦ ਹੋਂਦ ਵਿਚ ਆਇਆ, ਫ਼ਿਰ ਉਸਦਾ ਉਲਟ ਜਾਂ ਵਿਰੋਧੀ ਪੂੰਜੀਵਾਦ। ਜਦ ਪੂੰਜੀਵਾਦ ਆਇਆ ਤਾਂ ਉਸਦਾ ਉਲਟ ਜਾਂ ਵਿਰੋਧੀ ਸਮਾਜਵਾਦ ਆ ਗਿਆ ਅਤੇ ਉਹਨਾਂ ਵਿਚਕਾਰ ਦਵੰਦ ਛਿੜ ਗਿਆ। ਇਹਨਾਂ ਵਿਚੋਂ ਇਕ ਨੂੰ ਦੂਜੇ ਤੋਂ ਵੱਖ ਕਰਕੇ ਵੇਖਣ ਦਾ, ਜਾਂ ਇਕ ਨੂੰ ਨਕਾਰਕੇ ਦੂਜੇ ਨੂੰ ਗ੍ਰਹਿਣ ਕਰਨ ਦਾ ਕੀ ਮਤਲਬ ਹੈ ? ਸਪਸ਼ਟ ਹੈ ਦੋਹਾਂ ਨੂੰ ਅਣਦੇਖਿਆ ਕਰਨਾ ਜਾਂ ਦੋਹਾਂ ਨੂੰ ਅਸਵੀਕਾਰ ਕਰਨਾ ਜਾਂ ਦੋਹਾਂ ਨੂੰ

ਗ਼ਲਤ ਮਲਤ ਸਮਝਣਾ। ਇਹਨਾਂ ਦੋਹਾਂ ਦੀ ਹੋਂਦ ਇਕ ਦੂਜੇ ਉਤੇ ਨਿਰਭਰ ਹੈ। ਇਹਨਾਂ ਵਿਚੋਂ ਇਕ ਖ਼ਤਮ ਹੋਵੇਗਾ ਤੇ ਦੂਜਾ ਆਪ ਹੀ ਖ਼ਤਮ ਹੋ ਜਾਵੇਗਾ। ਜਿਵੇਂ ਮੌਤ ਹੈ ਤਾਂ ਜੀਵਨ ਹੈ, ਜਾਂ ਜੀਵਨ ਹੈ ਤਾਂ ਮੌਤ ਹੈ। ਜਿਸਦਾ ਜੀਵਨ ਖ਼ਤਮ ਹੋ ਗਿਆ ਉਸ ਲਈ ਮੌਤ ਦੀ ਹੋਂਦ ਕੇਹੀ? ਇਸ ਲਈ ਜੋ ਲੋਕ ਖ਼ਾਸ ਆਦਮੀ ਤੋਂ ਨਜ਼ਰ ਹਟਾਕੇ ਸਿਰਫ਼ ਆਮ ਆਦਮੀ ਉਤੇ ਹੀ ਸਾਰਾ ਜ਼ੋਰ ਦੇਣ ਦਾ ਨਾਅਰਾ ਬੁਲੰਦ ਕਰਦੇ ਹਨ, ਦਰਅਸਲ ਉਹਨਾਂ ਦੀ ਚਾਲ ਹੀ ਇਹ ਹੈ ਕਿ ਖ਼ਾਸ ਆਦਮੀ ਨੂੰ ਤਾਂ ਸਾਫ਼ ਬਚਾ ਹੀ ਜਾਉ, ਨਾਲ ਹੀ ਆਮ ਆਦਮੀ ਨੂੰ ਵੀ ਨਿਰਰਥਕ ਕਰ ਦੇਵੋ। ਵਿਖਾਉਣ ਨੂੰ ਤਾਂ ਵਿਖਾਉ ਕਿ ਅਸੀਂ ਆਮ ਆਦਮੀ ਦੇ ਪੱਖੀ ਹਾਂ, ਪਰ ਕਿਸ ਦੇ ਵਿਰੁੱਧ ਇਹ ਪੱਖ ਹੈ, ਇਸ ਸਵਾਲ ਤੋਂ ਸਾਫ਼ ਬਚ ਜਾਉ! ਪਰ ਇਸ ਪੱਖ ਦਾ, ਇਸ ਪ੍ਰਤਿਬਧਤਾ ਦਾ ਕੀ ਮਤਲਬ ਹੋ ਸਕਦਾ ਹੈ, ਸਿਵਾਏ ਹਵਾ ਵਿਚ ਲੱਠ ਮਾਰਨ ਤੋਂ? ਇਹ ਦ੍ਰਿਸ਼ ਕਿੰਨਾ ਅਦਭੁਤ ਹੈ ਕਿ ਇਹ ਆਮ ਆਦਮੀ ਦੀ ਲੱਠ ਤਾਂ ਬੜੇ ਜ਼ੋਰ ਨਾਲ ਭੰਨ ਰਹੇ ਹਨ, ਪਰ ਕਿਸੇ ਨੂੰ ਵੀ ਕੋਈ ਸੱਟ ਨਹੀਂ ਲੱਗਦੀ! ਆਮ ਆਦਮੀ ਨੂੰ ਏਨਾ ਵੱਡਾ ਧੋਖਾ ਕੇਵਲ ਪੂੰਜੀਪਤੀਆਂ ਦੇ ਚਾਕਰ 'ਕ੍ਰਾਂਤੀਕਾਰੀ' ਹੀ ਦੇ ਸਕਦੇ ਹਨ। ਇਹਨਾਂ ਦਾ ਕੰਮ ਹੀ 'ਕ੍ਰਾਂਤੀ ਕ੍ਰਾਂਤੀ' ਦਾ ਰੌਲਾ ਪਾਕੇ ਕ੍ਰਾਂਤੀ ਦੀ ਪਿੱਠ ਵਿਚ ਛੁਰਾ ਘੋਪਣਾ ਹੈ।

ਫਿਰ ਆਮ ਆਦਮੀ ਦੀ ਸਹਿਜ ਪਰਿਭਾਸ਼ਾ ਇਹੀ ਤਾਂ ਹੈ ਨਾ, ਕਿ ਜੋ ਖ਼ਾਸ ਆਦਮੀ ਨਹੀਂ, ਉਹ ਆਮ ਆਦਮੀ ਹੈ। ਕੁਝ ਕੁ ਖ਼ਾਸ ਆਦਮੀਆਂ ਦੇ ਟਾਕਰੇ ਇਹ ਆਮ ਆਦਮੀਆਂ ਦਾ ਸਮੂਹ ਬਹੁਤ ਵੱਡਾ ਤੇ ਵਿਆਪਕ ਹੈ ਅਤੇ ਇਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਜਮਾਤਾਂ ਸ਼ਾਮਿਲ ਹਨ। ਕੀ ਇਹਨਾਂ ਸਭ ਜਮਾਤਾਂ ਦਾ ਸੁਭਾਅ ਇਕ ਹੀ ਤਰ੍ਹਾਂ ਦਾ ਹੈ, ਕੀ ਇਹਨਾਂ ਸਭ ਜਮਾਤਾਂ ਦਾ ਖ਼ਾਸ ਆਦਮੀਆਂ ਦੀ ਜਮਾਤ ਨਾਲ ਇਕੋ ਜਿੰਨਾ ਵਿਰੋਧ ਹੈ? ਜੇ ਅਜਿਹਾ ਹੁੰਦਾ ਤਾਂ ਨਿਸ਼ਚੇ ਹੀ ਆਮ ਆਦਮੀ ਕਦੇ ਦੇ ਖ਼ਾਸ ਆਦਮੀਆਂ ਨੂੰ ਖਾ ਗਏ ਹੁੰਦੇ ਅਤੇ ਖ਼ੁਦ 'ਆਮ ਆਦਮੀ' ਦੇ ਨਾਉਂ ਨਾਲ ਅਪਮਾਨਿਤ ਹੋਣ ਲਈ ਹੁਣ ਤਕ ਜ਼ਿੰਦਾ ਨਾ ਰਹਿੰਦੇ।

ਅਜਿਹਾ ਨਹੀਂ ਹੈ, ਆਮ ਆਦਮੀਆਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਜਮਾਤਾਂ, ਤਬਕੇ ਜਾਂ ਵਰਗ ਹਨ ਅਤੇ ਇਹਨਾਂ ਵਰਗਾਂ ਦੇ ਖ਼ਾਸ ਆਦਮੀਆਂ, ਅਥਵਾ ਪੂੰਜੀਪਤੀਆਂ ਤੇ ਸਾਮੰਤਾਂ ਨਾਲ ਵੱਖ ਵੱਖ, ਭਾਂਤ ਸੁਭਾਂਤੇ ਸੰਬੰਧ ਹਨ—ਵਿਰੋਧ ਦੇ, ਮਿੱਤਰਤਾ ਦੇ ਜਾਂ ਵਿਰੋਧ ਮਿਲਵੀਂ ਮਿੱਤਰਤਾ ਦੇ। ਇਹਨਾਂ ਦੇ ਸੁਭਾਵਾਂ ਵਿਚ ਬਹੁਤ ਫ਼ਰਕ ਹੈ ਅਤੇ ਸਮਾਜ ਵਿਚ ਇਹਨਾਂ ਦੀਆਂ ਭੂਮਿਕਾਵਾਂ ਵੀ ਭਿੰਨ ਭਿੰਨ ਹਨ। ਜ਼ਾਹਰ ਹੈ ਕਿ ਇਹਨਾਂ ਵਰਗਾਂ ਵਿਚੋਂ ਸਭ ਤੋਂ ਮਹੱਤਵਪੂਰਣ ਤੇ ਕ੍ਰਾਂਤੀਕਾਰੀ ਵਰਗ ਉਹ ਹਨ, ਜਿਨ੍ਹਾਂ ਨਾਲ ਪੂੰਜੀਪਤੀ-ਸਾਮੰਤ ਵਰਗਾਂ ਨਾਲ ਸਿੱਧੇ ਵਿਰੋਧ ਦਾ ਸੰਬੰਧ ਹੈ। ਜਦ ਆਮ ਆਦਮੀ ਦੇ ਅਲਮ ਬਰਦਾਰ ਇਹਨਾਂ ਸਭ ਵਰਗਾਂ ਨੂੰ ਇਕ ਵਿਚ ਖ਼ਲਤ ਮਲਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਦੀ ਇਹੀ ਚਾਲ ਹੁੰਦੀ ਹੈ ਕਿ ਇਹਨਾਂ ਵਿਚੋਂ ਸਭ ਤੋਂ ਮਹੱਤਵਪੂਰਣ ਅਤੇ ਕ੍ਰਾਂਤੀਕਾਰੀ ਵਰਗ ਦੀ ਭੂਮਿਕਾ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ, ਅਥਵਾ ਖ਼ਾਸ ਆਦਮੀਆਂ ਦੇ ਅਸਲੀ ਵਿਰੋਧੀਆਂ ਨੂੰ ਆਮ ਆਦਮੀਆਂ ਦੇ ਝੁਰਮਟ ਵਿਚ ਦਬਾ ਦਿੱਤਾ ਜਾਵੇ। ਇਹ ਵਰਗ ਚੇਤਨਾ ਨੂੰ ਆਮ ਆਦਮੀਵਾਦ ਦੀ ਧੁੰਦ ਨਾਲ ਢਕ ਦੇਣ ਦੀ ਸ਼ਾਜ਼ਿਸ਼ ਤੋਂ ਬਿਨਾਂ ਹੋਰ ਕੀ ਹੈ?

ਇਹਨਾਂ ਸਾਜ਼ਿਸ਼ਾਂ ਦਾ ਸਾਹਿਤ ਉਤੇ ਕੀ ਪ੍ਰਭਾਵ ਪਏਗਾ? ਸਮਾਜ ਦੇ 'ਆਮ ਆਦਮੀ' ਅਤੇ 'ਸਾਹਿਤ ਦੇ ਆਦਮੀ ਜਾਂ ਆਮ ਆਦਮੀ' ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਜਿਸ

ਸਾਹਿਤ ਵਿਚ ਸਾਰਾ 'ਜ਼ੋਰ' ਆਮ ਆਦਮੀ ਉਤੇ ਹੋਵੇਗਾ, ਉਹ ਸਾਹਿਤ ਨਾ ਕੇਵਲ ਅਣਯਥਾਰਥਕ ਅਤੇ ਗੋਲ ਮੋਲ ਹੋਵੇਗਾ, ਸਗੋਂ ਉਸ ਵਿਚ ਆਦਮੀ ਆਦਮੀ ਵਿਚਲੇ ਸਮਾਜਕ ਸੰਬੰਧਾਂ ਦਾ ਵੀ ਕੋਈ ਅਤਾ ਪਤਾ ਨਹੀਂ ਹੋਵੇਗਾ। ਅਜਿਹਾ ਆਮ ਆਦਮੀ ਨਾ ਤਾਂ ਆਪਣੀ ਸਮਾਜਕ ਸਥਿਤੀ ਸਪਸ਼ਟ ਕਰੇਗਾ, ਨਾ ਆਰਥਿਕ, ਨਾ ਰਾਜਨੀਤਿਕ, ਨਾ ਸਾਂਸਕ੍ਰਿਤਕ। ਉਸ ਲਈ ਸਮਾਜ ਦੇ ਯਥਾਰਥ ਦਾ ਕੋਈ ਅਰਥ ਨਹੀਂ ਹੋਵੇਗਾ। ਉਹ ਕੋਈ ਹਵਾ ਵਿਚ ਲਟਕਣ ਵਾਲਾ, ਖ਼ੁਦ ਹੀ ਮਰਨ ਜੀਣ ਵਾਲਾ, ਸਮਾਜਹੀਣ, ਵਰਗਹੀਣ, ਕ੍ਰਿਆਹੀਣ ਤੇ ਦ੍ਰਿਸ਼ਟੀਹੀਣ ਪ੍ਰਾਣੀ ਹੋਵੇਗਾ। ਵਿਅਕਤੀ-ਵਾਦੀ ਲੇਖਕਾਂ ਨੇ ਅਜਿਹੇ ਆਦਮੀ ਨੂੰ ਸਾਹਿਤ ਵਿਚ ਖੜਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ ਪਰ ਉਸ ਦਾ ਸਿੱਟਾ ਕੀ ਨਿਕਲਿਆ ? ਸਾਹਿਤ ਨਿਮਨ ਮੱਧ ਵਰਗ ਦੀਆਂ ਕੁੰਠਾਵਾਂ, ਨਿਰਾਸ਼ਾਵਾਂ, ਅਜਨਬੀਅਤਾਂ, ਅੰਧਕਾਰਾਂ, ਚੀਕ ਚਿਹਾੜਿਆਂ, ਲਿੰਗ ਵਿਕਾਰਾਂ ਤੇ ਪਾਗਲਪੁਣੇ ਵਿਚ ਡੁਬਕੇ ਏਨਾ ਨਿਰਰਥਕ ਤੇ ਵਿਅਰਥ ਹੋ ਗਿਆ ਕਿ ਉਹ ਵਿਅਕਤੀਵਾਦੀ ਲੇਖਕ ਖ਼ੁਦ ਆਪਣੇ ਆਪ ਨੂੰ ਚਾਰੇ ਬੰਨੇ ਅੰਧਕਾਰਾਂ ਵਿਚ ਘਿਰਿਆ ਵੇਖਕੇ ਚੀਕ ਉਠੇ, "ਅੱਜ ਦੇ ਜੁਗ ਵਿਚ ਸਾਹਿਤ ਬੇਕਾਰ ਹੋ ਗਿਆ ਹੈ...ਭਾਸ਼ਾ ਗੂੰਗੀ ਹੋ ਚੁਕੀ ਹੈ...ਸ਼ਬਦ ਆਪਣਾ ਅਰਥ ਗੁਆ ਚੁਕੇ ਹਨ।" ਅਤੇ ਫ਼ਿਰ ਉਹ ਸਾਹਿਤ ਤੇ ਭਾਸ਼ਾ ਦੋਨਾਂ ਨਾਲ ਹੀ ਅਨਾਚਾਰ ਕਰਨ ਉੱਤੇ ਤੁਲ ਪਏ। ਅਕਵਿਤਾ, ਅਕਹਾਣੀ, ਅਨਾਵਲ, ਏਥੋਂ ਤਕ ਕਿ ਉਹਨਾਂ ਲਈ ਆਦਮੀ ਵੀ ਆਮ ਆਦਮੀ ਹੋ ਗਿਆ। ਦਰਅਸਲ ਉਹਨਾਂ ਦੀ ਚਾਲ ਹੀ ਇਹ ਸੀ ਕਿ ਆਦਮੀ ਨੂੰ ਸੈਮੂਅਲ ਬੈਕਟ ਵਾਂਗ ਮਾਰ ਖਾਧਾ ਗਧਾ ਬਣਾਕੇ ਛੱਡ ਦੇਣ, ਤਾਕਿ ਉਹ ਆਪਣੀ ਹੋਂਦ ਹੀ ਗੁਆ ਬੈਠੇ, ਖ਼ਾਸ ਆਦਮੀਆਂ ਵਲ ਅੱਖ ਚੁੱਕਕੇ ਵੇਖਣ ਦੀ ਵੀ ਹਿੰਮਤ ਨਾ ਕਰੇ, ਉਹਨਾਂ ਨਾਲ ਲੜਕੇ ਆਪਣਾ ਹੱਕ ਖੋਹਣ ਦੀ ਤਾਂ ਗੱਲ ਹੀ ਦੂਰ ਦੀ ਹੈ।

ਪੂੰਜੀਜੀਵੀ ਲੇਖਕਾਂ ਦੇ ਸਾਹਿਤ ਵਿਚ ਆਦਮੀ ਜਾਂ ਆਮ ਆਦਮੀ ਦੀ ਇਹੀ ਵਾਸਤਵਿਕ ਤਸਵੀਰ ਹੈ ਕਿ ਆਦਮੀ ਜਾਂ ਆਮ ਆਦਮੀ ਦੀ ਇਹੀ ਵਾਸਤਵਿਕ ਤਸਵੀਰ ਹੈ ? ਨਾ ਹੋਵੇ, ਪਰ ਖ਼ੁਦ ਇਹਨਾਂ ਲੇਖਕਾਂ ਦੀ ਵਾਸਤਵਿਕ ਤਸਵੀਰ ਇਹੀ ਹੈ। ਇਹਨਾਂ ਆਤਮ ਖੋਜੀਆਂ ਨੇ ਅਸਲ ਵਿਚ ਆਪਣੀ ਹੀ ਤਸਵੀਰ ਆਦਮੀ ਜਾਂ ਆਮ ਆਦਮੀ ਉਤੇ ਚਿਪਕਾਉਣ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਦਾ ਖ਼ਿਆਲ ਹੈ ਕਿ ਜਿਵੇਂ ਪੂੰਜੀਪਤੀ ਉਹਨਾਂ ਦੇ ਗਲ ਵਿਚ ਰੱਸੀ ਬੰਨ੍ਹ ਕੇ ਹਮੇਸ਼ਾ ਆਪਣੀ ਮਰਜ਼ੀ ਅਨੁਸਾਰ ਉਹਨਾਂ ਨੂੰ ਨਚਾਉਂਦੇ ਰਹਿੰਦੇ ਹਨ,ਉਸੇ ਤਰ੍ਹਾਂ ਆਦਮੀ ਜਾਂ ਆਮ ਆਦਮੀ ਨੂੰ ਵੀ ਉਹ ਨਚਾਉਂਦੇ ਹਨ। ਇਹਨਾਂ ਦੇ ਵੇਖੇ ਆਦਮੀ ਦਾ ਭਾਗ ਤਾਂ ਪੂੰਜੀਪਤੀਆਂ ਦੇ ਹੱਥ ਵਿਚ ਹੀ ਹੈ ਨਾ ?

ਪਰ ਪੂੰਜੀਪਤੀਆਂ ਦਾ ਭਾਗ ਕਿਨ੍ਹਾਂ ਦੇ ਹੱਥਾਂ ਵਿਚ ਹੈ ? ਇਸ ਦੀ ਜਾਣਕਾਰੀ ਉਹਨਾਂ ਨੂੰ ਨਾ ਹੋਵੇ, ਅਜਿਹੀ ਗੱਲ ਨਹੀਂ। ਇਸ ਦੀ ਜਾਣਕਾਰੀ ਉਹਨਾ ਨੂੰ ਨਾ ਹੁੰਦੀ ਤਾਂ ਉਹ ਆਪਣੇ ਮਾਲਕਾਂ ਦੇ ਭਾਗ ਦੀ ਰਾਖੀ ਲਈ ਏਨੀ ਦਿਮਾਗੀ ਕਸਰਤ ਬਿਲਕੁਲ ਨਾ ਕਰਦੇ, ਅਤੇ ਨਾ ਉਸ ਤਬਕੇ ਨੂੰ, ਜਿਸ ਦੇ ਹੱਥ ਵਿਚ ਪੂੰਜੀਪਤੀਆਂ ਦਾ ਭਾਗ ਹੈ, ਆਪਣੇ ਤੇ ਆਪਣੇ ਆਮ ਆਦਮੀ ਦੇ ਪਰਦੇ ਵਿਚ ਲੁਕੋਕੇ ਨੇਸਤੋ ਨਾਬੂਦ ਕਰਨ ਦੀ ਕੋਸ਼ਿਸ਼ ਕਰਦੇ, ਅਤੇ ਨਾ ਆਪਣੇ ਐਸ਼-ਆਰਾਮ ਲਈ ਸਾਹਿਤ ਨੂੰ ਆਪਣੀ ਨਿਮਨ ਪੂੰਜੀਵਾਦੀ ਸੜ੍ਹਾਂਦ ਵਿਚ ਡੁਬੋ ਕੇ ਆਮ ਪਾਠਕਾਂ ਦੇ ਲਈ ਭ੍ਰਿਸ਼ਟਕਾਰੀ ਰੰਗੀਨ ਪੱਤਰਕਾਵਾਂ ਅਤੇ ਸਸਤੀਆਂ, ਗੰਦੀਆਂ ਪਾਕਿਟ ਬੁੱਕਾਂ ਨਾਲ ਬਾਜ਼ਾਰ ਭਰਦੇ।

ਸਾਹਿਤ ਦਾ ਵਿਸ਼ੈ ਨਿਸ਼ਚੈ ਹੀ ਆਦਮੀ ਹੈ, ਪਰ ਕਿਹੜਾ ਆਦਮੀ, ਇਸ ਦੀ ਚੋਣ ਲੇਖਕ

ਨੂੰ ਆਪ ਕਰਨੀ ਪੈਂਦੀ ਹੈ। ਦੁਨੀਆ ਦਾ ਪ੍ਰਾਚੀਨ ਸਾਹਿਤ ਸਾਨੂੰ ਦੱਸਦਾ ਹੈ ਕਿ ਸਾਹਿਤ ਦਾ ਇਹ ਆਦਮੀ ਰਾਜਾ ਸੀ। ਸਾਡੇ ਸਾਰੇ ਸੰਸਕ੍ਰਿਤ ਸਾਹਿਤ ਦਾ ਨਾਇਕ ਜਾਂ ਪ੍ਰਮੁਖ ਵਿਅਕਤੀ ਰਾਜਾ ਹੀ ਹੈ, ਚਾਹੇ ਉਹ ਨਾਇਕ ਦੇ ਰੂਪ ਵਿਚ ਹੋਵੇ ਜਾਂ ਖਲਨਾਇਕ ਦੇ ਰੂਪ ਵਿਚ। ਇਸ ਸਾਹਿਤ ਦੇ ਬਾਕੀ ਪਾਤਰ ਰਾਜੇ ਨਾਲ ਹੀ ਕਿਸੇ ਨਾ ਕਿਸੇ ਰੂਪ ਵਿਚ ਸੰਬੰਧਿਤ ਹਨ ਅਤੇ ਰਾਜੇ ਦੇ ਲਈ ਹੀ ਹਨ, ਚਾਹੇ ਉਹ ਰਾਣੀ ਹੋਵੇ, ਪ੍ਰੇਮਿਕਾ ਹੋਵੇ, ਯੁਵਰਾਜ ਹੋਵੇ, ਮੰਤਰੀ ਹੋਵੇ, ਸੈਨਾਪਤੀ ਹੋਵੇ ਜਾਂ ਕੋਈ ਪਰਜਾ ਦਾ ਪ੍ਰਤਿਨਿਧ ਹੋਵੇ। ਭਗਤੀ ਕਾਲ ਦੇ ਸਾਹਿਤ ਦਾ ਵੀ ਇਹ ਆਦਮੀ ਭਗਵਾਨ ਦੇ ਰੂਪ ਵਿਚ ਹੁੰਦਿਆਂ ਹੋਇਆਂ ਵੀ ਰਾਜਾ ਹੀ ਹੈ, ਚਾਹੇ ਉਹ ਕ੍ਰਿਸ਼ਨ ਹੋਵੇ ਜਾਂ ਰਾਮ ਹੋਵੇ। ਨਿਰਗੁਣ ਸਾਹਿਤ ਦੇ ਨਿਰਾਕਾਰ ਭਗਵਾਨ ਵਿਚ ਵੀ ਥੋੜੇ ਬਹੁਤ ਫਰਕ ਨਾਲ ਉਹੀ ਗੁਣ ਹਨ, ਜੋ ਰਾਜਿਆਂ ਦੇ ਹਨ। ਭੁਪਾਲ ਅਤੇ ਜਗਤ ਪਾਲਕ ਵਿਚ ਕੀ ਅੰਤਰ ਹੈ ? ਭੂਪ ਜਾਂ ਭੁਪੇਸ਼ ਅਤੇ ਜਗਦੀਸ਼ ਵਿਚ ਕੀ ਅੰਤਰ ਹੈ ? ਪ੍ਰਾਚੀਨ ਕਾਲ ਦੇ ਕਵੀਆਂ ਜਾਂ ਨਾਟਕਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਰਾਜੇ ਨੂੰ ਹੀ ਕਿਉਂ ਪ੍ਰਮੁਖਤਾ ਦਿੱਤੀ ? ਕੀ ਇਸ ਦਾ ਕਾਰਣ ਕੇਵਲ ਏਹੀ ਸੀ ਕਿ ਉਹਨਾਂ ਰਚਨਕਾਰਾਂ ਵਿਚੋਂ ਬਹੁਤੇ ਰਾਜ ਆਸਰੇ ਉਤੇ ਸਨ ? ਮੇਰਾ ਖਿਆਲ ਹੈ ਕਿ ਨਹੀਂ। ਇਸ ਦਾ ਕਾਰਣ ਕੇਵਲ ਏਹੀ ਨਹੀਂ ਸੀ। ਇਸ ਦਾ ਪ੍ਰਮੁਖ ਕਾਰਣ ਇਹ ਸੀ ਕਿ ਉਹਨਾਂ ਰਚਨਕਾਰਾਂ ਨੂੰ ਏਨੀ ਸਮਝ ਜ਼ਰੂਰ ਸੀ ਕਿ ਉਸ ਜੁਗ ਦੇ ਸਮਾਜ ਦਾ ਪ੍ਰਮੁਖ ਵਿਅਕਤੀ ਰਾਜਾ ਹੀ ਸੀ। ਉਹੀ ਸਮਾਜ ਦਾ ਪ੍ਰਬੰਧਕ ਤੇ ਰਖਿਅਕ ਸੀ। ਸਮਾਜ ਵਿਚ ਉਸੇ ਦਾ ਸਤਿਕਾਰ ਸਭ ਤੋਂ ਵਧ ਸੀ। ਸਮਾਜ ਦੀ ਸੰਪਤੀ ਉਤੇ, ਉਤਪਾਦਨ ਦੇ ਪ੍ਰਮੁਖ ਸਾਧਨ ਧਰਤੀ ਉਤੇ ਉਸੇ ਦਾ ਅਧਿਕਾਰ ਸੀ, ਉਸੇ ਦੀ ਇੱਛਾ-ਅਕਾਂਖਿਆ ਉਤੇ ਚਲਣਾ ਸਮਾਜ ਲਈ ਆਵੱਸ਼ਕ ਸੀ। ਭਗਤੀ ਕਾਲ ਵਿਚ ਇਹ ਰਾਜਾ ਪਰਾਇਆ ਅਥਵਾ ਮੁਸਲਮਾਨ ਸੀ। ਉਹ ਸੰਤ ਕਵੀਆਂ ਦੇ ਸਤਿਕਾਰ ਦਾ ਪਾਤਰ ਨਹੀਂ ਸੀ ਹੋ ਸਕਦਾ। ਇਸ ਲਈ ਉਹਨਾਂ ਨੇ ਆਪਣੀ ਸਾਰੀ ਪ੍ਰਤਿਭਾ ਰਾਜਾ ਰਾਮ ਅਤੇ ਕ੍ਰਿਸ਼ਨ ਨੂੰ ਭਗਵਾਨ ਦੇ ਰੂਪ ਵਿਚ ਚਿਤਰਿਤ ਕਰਨ ਵਿਚ, ਹਿੰਦੂਆਂ ਲਈ ਪੂਜਯ ਬਣਾਉਣ ਵਿਚ ਖਰਚ ਕਰ ਦਿੱਤੀ। ਪਰ ਜੀਵਨ-ਕਦਰਾਂ ਦਾ ਉਹ ਕੀ ਕਰਦੇ ? ਰਾਜੇ ਨੂੰ ਭਗਵਾਨ ਬਣਾਉਣ ਦੇ ਬਾਵਜੂਦ ਉਹ ਸਾਮੰਤੀ ਕਦਰਾਂ ਨੂੰ ਪ੍ਰਤਿਸ਼ਠਿਤ ਕਰਨ ਲਈ ਬੇਬੱਸ ਸਨ। ਉਹਨਾਂ ਨੇ ਇਹੋ ਕੁਝ ਕੀਤਾ ਵੀ। ਇਸ ਦ੍ਰਿਸ਼ਟੀ ਨਾਲ ਮੁਸਲਮਾਨ ਹੁੰਦੇ ਹੋਏ ਵੀ ਜਾਇਸੀ ਜਾਂ ਕਬੀਰ ਕੋਈ ਅਪਵਾਦ ਨਹੀਂ ਹਨ। ਅੱਲਾ ਜਾਂ ਰਾਮ, ਕਰੀਮ ਜਾਂ ਕੇਸ਼ਵ, ਇਸ਼ਕ ਬਾਤਿਨੀ ਜਾਂ ਇਸ਼ਕ ਹਕੀਕੀ ਨਾਲ, ਭਲਾ ਜੀਵਨ ਕਦਰਾਂ ਉਤੇ ਕਿਹੜਾ ਵਿਆਪਕ ਅਸਰ ਪੈਂਦਾ ਹੈ।

ਆਧੁਨਿਕ ਜੁਗ ਵਿਚ ਇਹ ਰਾਜਾ ਸੱਤ ਸਮੁੰਦਰ ਪਾਰ ਚਲਿਆ ਗਿਆ। ਫਿਰ ਗੁਣ ਤੇ ਸੁਭਾਅ ਦੀ ਦ੍ਰਿਸ਼ਟੀ ਤੋਂ ਵੀ ਇਹ ਰਾਜਾ ਸਾਡੇ ਪ੍ਰਾਚੀਨ ਰਾਜਿਆਂ ਨਾਲੋਂ ਵੱਖਰਾ ਸੀ, ਇਸ ਉਤੇ ਸੰਸਦ ਦਾ ਅੰਕੁਸ਼ ਸੀ। ਇਸ ਜੁਗ ਵਿਚ ਵੀ ਸਾਡੇ ਜਿੰਨ੍ਹਾਂ ਕਵੀਆਂ ਨੇ ਵਿਟੋਰੀਆ ਜਾਂ ਜਾਰਜ ਪੰਜਮ ਜਾਂ ਪ੍ਰਿੰਸ ਆਫ ਵੇਲਜ਼ ਦੇ ਸੋਹਲੇ ਗਾਏ, ਨਿਸ਼ਚੈ ਹੀ ਉਹਨਾਂ ਨੇ ਆਪਣੀ ਪੁਰਾਣੀ ਪਰੰਪਰਾ ਨੂੰ ਹੀ ਨਿਭਾਇਆ, ਉਹਨਾਂ ਨੂੰ ਆਧੁਨਿਕ ਰਾਜ-ਵਿਵਸਥਾ ਦਾ ਕੋਈ ਗਿਆਨ ਨਹੀਂ ਸੀ। ਜਿਨ੍ਹਾਂ ਨੂੰ ਇਸ ਵਿਵਸਥਾ ਦੀ ਕੁਝ ਸਮਝ ਸੀ, ਉਹਨਾਂ ਨੇ ਵਿਅਕਤੀਗਤ ਸੁਤੰਤਰਤਾ ਦੀ ਵਰਤੋਂ ਕੀਤੀ। ਇਸੇ ਅੱਧ ਕੱਚੀ ਸਮਝ 'ਚੋਂ ਛਾਇਆਵਾਦ ਦਾ ਜਨਮ ਹੋਇਆ। ਪਰ ਜਿਨ੍ਹਾਂ ਨੂੰ ਪੂਰੀ ਸਮਝ ਸੀ, ਉਹਨਾਂ ਨੇ ਜੀਵਨ ਦੀ ਵਾਸਤਵਿਕ ਭਾਸ਼ਾ ਅਥਵਾ ਗਦ ਦਾ ਵਿਕਾਸ ਕੀਤਾ। ਏਥੇ ਅਸੀਂ ਸਪਸ਼ਟ ਰੂਪ ਵਿਚ ਵੇਖਦੇ ਹਾਂ ਕਿ ਜਿਥੇ ਛਾਇਆਵਾਦੀ ਕਵੀ ਦਾ ਪ੍ਰਮੁਖ ਵਿਅਕਤੀ

ਜਨਤਾ ਦੇ ਪ੍ਰਤਿਨਿਧ ਹਨ। ਇਹੀ ਗਦਕਾਰ ਜਨਵਾਦੀ ਸਾਹਿੱਤਕ ਪਰੰਪਰਾ ਦੇ ਸੰਸਥਾਪਕ ਖ਼ੁਦ ਕਵੀ ਹੈ, ਉਥੇ ਭਾਰਤੇਂਦੂ, ਪ੍ਰੇਮ ਚੰਦ, ਨਿਰਾਲਾ ਤੇ ਯਸ਼ਪਾਲ ਦੇ ਗਦ ਵਿਚ ਪ੍ਰਮੁਖ ਵਿਅਕਤੀ ਹਨ। ਇਹਨਾਂ ਦੇ ਸਾਹਿਤ ਵਿਚ ਅਸੀਂ ਰਾਜਾ ਤੇ ਪਰਜਾ ਨੂੰ ਆਹਮੋ ਸਾਹਮਣੇ ਇਕ ਦੂਜੇ ਦੇ ਵਿਰੁਧ ਵੇਖਦੇ ਹਾਂ। ਜਿੱਥੇ ਅੰਗਰੇਜ਼ੀ ਰਾਜ ਦੇ ਵਿਰੁੱਧ ਜਨਤਾ ਦਾ ਅੰਦੋਲਨ ਹੈ ਉਥੇ ਵੀ ਪ੍ਰੇਮ ਚੰਦ ਦੀ ਸਮਾਜਕ ਚੇਤਨਾ ਸਭ ਤੋਂ ਤੀਖਣ ਹੈ। ਯਸ਼ਪਾਲ ਵਾਂਗ ਪ੍ਰੇਮ ਚੰਦ ਮਾਰਕਸਵਾਦੀ ਨਹੀਂ ਹੈ, ਫਿਰ ਵੀ ਪ੍ਰੇਮ ਚੰਦ ਦੀ ਸਮਾਜਕ ਚੇਤਨਾ ਯਸ਼ਪਾਲ ਦੀ ਸਮਾਜਕ ਚੇਤਨਾ ਨਾਲੋਂ ਕਿਤੇ ਵਧੇਰੇ ਡੂੰਘੀ ਹੈ। ਪ੍ਰੇਮ ਚੰਦ ਦੇ ਸਾਹਿਤ ਦਾ ਪ੍ਰਮੁਖ ਆਦਮੀ ਜ਼ਿਮੀਂਦਾਰ ਤੇ ਕਿਸਾਨ ਹੈ। ਉਸ ਦਾ ਜੁਗ ਸਾਮੰਤੀ ਜੁਗ ਹੈ। ਪ੍ਰੇਮ ਚੰਦ ਦੀ ਏਹੀ ਸਮਝ ਹੈ ਕਿ ਉਸਦੇ ਸਮਾਜ ਦੇ ਪ੍ਰਮੁਖ ਆਦਮੀ ਜ਼ਿਮੀਂਦਾਰ ਤੇ ਕਿਸਾਨ ਹੀ ਹਨ। ਜ਼ਿਮੀਂਦਾਰ ਲੁਟੇਰਾ ਤੇ ਕਿਸਾਨ ਲੁਟੀਂਦਾ। ਉਹਨਾਂ ਵਿਚਲਾ ਦਵੰਦ ਹੀ ਸਮਾਜ ਦਾ ਪ੍ਰਮੁਖ ਦਵੰਦ ਹੈ। ਉਤਪਾਦਨ ਦੇ ਪ੍ਰਮੁਖ ਸਾਧਨ ਧਰਤੀ ਉਤੇ ਜ਼ਿਮੀਂਦਾਰ ਦਾ ਅਧਿਕਾਰ ਹੈ ਅਤੇ ਊਹੀ ਬਦੇਸ਼ੀ ਸਰਕਾਰ ਦੇ ਪ੍ਰਤਿਨਿਧ ਦੇ ਰੂਪ ਵਿਚ ਸਮਾਜ ਦਾ ਸੰਚਾਲਨ ਕਰਦਾ ਹੈ। ਕਿਸਾਨ ਧਰਤੀ ਉਤੇ ਮਿਹਨਤ ਕਰਦਾ ਹੈ, ਫਸਲ ਉਗਾਉਂਦਾ ਹੈ, ਪਰ ਉਸ ਦੀ ਫਸਲ ਦੇ ਇਕ ਵੱਡੇ ਹਿੱਸੇ ਨੂੰ ਜ਼ਿਮੀਂਦਾਰ ਲਗਾਨ ਦੇ ਰੂਪ ਵਿਚ ਲੈ ਲੈਂਦਾ ਹੈ। ਨਾਲ ਹੀ ਉਹ ਕਿਸਾਨ ਤੋਂ ਵਗਾਰ ਵੀ ਲੈਂਦਾ ਹੈ ਅਤੇ ਉਸ ਨੂੰ ।ਬਨਾਂ ਮੁੱਲ ਤੋਂ ਦਾਸ ਵੀ ਸਮਝਦਾ ਹੈ। ਉਸ ਨੂੰ ਹਰ ਤਰ੍ਹਾਂ ਨਪੀੜਦਾ ਤੇ ਅਪਮਾਨਿਤ ਕਰਦਾ ਹੈ। ਪ੍ਰੇਮ ਚੰਦ ਸਪਸ਼ਟ ਹੀ ਪੀੜਿਤ ਕਿਸਾਨ ਦਾ ਪੱਖ ਲੈਂਦਾ ਹੈ, ਜ਼ਿਮੀਂਦਾਰ ਦੇ ਵਿਰੁੱਧ, ਸਾਮੰਤੀ ਵਿਵਸਥਾ ਦੇ ਵਿਰੁੱਧ।

ਅੱਜ ਜਦ ਕਿ ਸਾਹਿਤ ਲਈ ਸਮਾਜਕ, ਵਿਗਿਆਨਕ ਸਮਝ ਦੇ ਦੁਆਰ ਖੁਲ੍ਹ ਗਏ ਹਨ, ਕੀ ਇਹ ਸਮਝਣਾ ਬਹੁਤ ਕਠਿਨ ਹੈ ਕਿ ਸਾਹਿਤ ਦਾ ਪ੍ਰਮੁਖ ਆਦਮੀ ਕੌਣ ਹੋ ਸਕਦਾ ਹੈ? ਨਿਸ਼ਚੈ ਹੀ ਇਹ ਆਦਮੀ ਉਹ ਹੈ ਜਿਸ ਉਤੇ ਸਮਾਜ ਦਾ ਪੂਰਾ ਢਾਂਚਾ ਟਿਕਿਆ ਹੋਇਆ ਹੈ, ਜੋ ਸਮਾਜ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਉਤਪਾਦਨ ਤੇ ਵਿਤਰਣ ਕਰਦਾ ਹੈ, ਜੋ ਸਮਾਜ ਵਿਚ ਇਕ ਵਿਵਸਥਾ ਕਾਇਮ ਕੀਤੇ ਹੋਏ ਹੈ, ਜੋ ਉਸ ਦਾ ਸੰਚਾਲਨ ਕਰ ਰਿਹਾ ਹੈ। ਉਹ ਆਦਮੀ ਜ਼ਾਹਰ ਹੈ, ਪੂੰਜੀਪਤੀ, ਸਾਮੰਤ ਤੇ ਕਿਸਾਨ-ਮਜ਼ਦੂਰ ਹੈ। ਇਹ ਪੂੰਜੀਪਤੀ ਤੇ ਸਾਮੰਤ ਕਿਸ ਦੀ ਸਿੱਧੀ ਲੁੱਟ ਨਾਲ ਏਨਾ ਮੋਟਾ ਹੁੰਦਾ ਜਾ ਰਿਹਾ ਹੈ? ਉਸ ਦਾ ਪ੍ਰਮੁਖ ਵਿਰੋਧ ਕਿਹੜੇ ਵਰਗਾਂ ਨਾਲ ਹੈ? ਮਜ਼ਦੂਰ ਤੇ ਕਿਸਾਨ ਵਰਗ ਨਾਲ। ਮਜ਼ਦੂਰਾਂ ਦੀ ਕਿਰਤ ਕਮਾਈ ਨਾਲ ਪੂੰਜੀਪਤੀ ਮੋਟਾ ਹੁੰਦਾ ਹੈ ਅਤੇ ਕਿਸਾਨ ਦੀ ਕਿਰਤ ਕਮਾਈ ਨਾਲ ਸਾਮੰਤ। ਇਸ ਲਈ ਅੱਜ ਸਾਡੇ ਸਾਹਿਤ ਦਾ ਪ੍ਰਮੁਖ ਆਦਮੀ ਇਹਨਾਂ ਹੀ ਚਾਰ ਵਰਗਾਂ ਦਾ ਆਦਮੀ ਹੋ ਸਕਦਾ ਹੈ, ਜਿਨ੍ਹਾਂ ਦੀ ਪੂੰਜੀ ਜਾਂ ਧਰਤੀ ਜਾਂ ਮਿਹਨਤ ਉਤੇ ਸਾਡਾ ਸਮਾਜ ਚਲ ਰਿਹਾ ਹੈ। ਪੂੰਜੀ ਜਾਂ ਧਰਤੀ ਅਤੇ ਮਿਹਨਤ ਵਿਚਲਾ ਅੰਤਰ ਵਿਰੋਧ ਹੀ ਸਾਡੇ ਮੌਜੂਦਾ ਸਮਾਜ ਦਾ ਪ੍ਰਮੁਖ ਅੰਤਰ ਵਿਰੋਧ ਹੈ। ਬਾਕੀ ਵਰਗਾਂ ਵਿਚਲੇ ਅੰਤਰ ਵਿਰੋਧ ਇਸੇ ਦੇ ਪੇਟੇ ਵਿਚ ਆ ਜਾਂਦੇ ਹਨ।

ਇਕ ਲੇਖਕ ਦੀ ਏਹੀ ਸਮਾਜਕ ਚੇਤਨਾ ਉਸ ਦੀ ਦ੍ਰਿਸ਼ਟੀ ਨੂੰ ਮੁਖ ਤੌਰ 'ਤੇ ਇਹਨਾਂ ਹੀ ਚਾਰ ਵਰਗਾਂ ਉਤੇ ਕੇਂਦਰਿਤ ਕਰਦੀ ਹੈ। ਏਹੀ ਚੇਤਨਾ 'ਸਪਾਰਟੇਕਸ' ਅਤੇ 'ਮਾਂ' ਨੂੰ ਜਨਮ ਦਿੰਦੀ ਹੈ। ਪ੍ਰਤੱਖ ਹੈ, ਇਹ ਚੇਤਨਾ ਸਾਡੇ ਪ੍ਰਾਚੀਨ ਜੁੱਗ ਦੇ ਰਚਨਕਾਰਾਂ ਵਿਚ ਨਹੀਂ ਸੀ, ਵਰਨਾ ਉਹਨਾਂ ਦੇ ਸਾਹਿਤ ਵਿਚ ਵੀ ਰਾਜਾ ਦੇ ਨਾਲ ਪਰਜਾ ਦਾ ਆਦਮੀ ਵੀ ਪ੍ਰਮੁਖ ਰੂਪ ਵਿਚ ਜ਼ਰੂਰ ਆਇਆ ਹੁੰਦਾ। ਏਨਾ ਹੀ ਨਹੀਂ, ਉਹ ਨਿਸ਼ਚੈ ਹੀ ਰਾਜੇ ਦੇ ਨਹੀਂ, ਪਰਜਾ ਦੇ ਪੱਖੀ ਹੁੰਦੇ।

ਫਿਰ ਵੀ ਏਨਾ ਤਾਂ ਮੰਨਣਾ ਹੀ ਪਏਗਾ ਕਿ ਉਹਨਾਂ ਦੀ ਸਮਝ ਅੱਜ ਦੇ 'ਆਮ ਆਦਮੀ' ਦੇ ਕਲਾਬਾਜ਼ਾਂ ਵਾਂਗ ਨਹੀਂ ਸੀ, ਉਹਨਾਂ ਨੇ ਘੱਟੋ ਘੱਟ ਸਮਾਜ ਦੇ ਇਕ ਪੱਖ ਦੇ ਪ੍ਰਮੁਖ ਆਦਮੀ ਨੂੰ ਤਾਂ ਸਮਝਿਆ ਹੀ ਸੀ, ਅਤੇ ਏਹੀ ਕਾਰਣ ਹੈ ਕਿ ਉਹਨਾਂ ਦਾ ਸਾਹਿਤ ਅੱਜ ਵੀ ਜਿਉਂਦਾ ਹੈ ਅਤੇ ਉਹਨਾਂ ਦੁਆਰਾ ਸਤਿਕਾਰੀਆਂ ਗਈਆਂ ਸਾਮੰਤੀ ਕਦਰਾਂ ਬੜੀ ਮੁਸ਼ਕਿਲ ਨਾਲ ਸਾਡੇ ਵੇਲੇ ਟੁੱਟ ਰਹੀਆਂ ਹਨ। ਸਾਡੀ ਪੂੰਜੀਵਾਦੀ ਵਿਵਸਥਾ ਬੜੀ ਚਲਾਕੀ ਤੇ ਤਿਗੜਮਬਾਜ਼ੀ ਨਾਲ ਇਹਨਾਂ ਸਾਮੰਤੀ ਕਦਰਾਂ ਨੂੰ ਟੁਟਣ ਤੋਂ ਰੋਕ ਰਹੀ ਹੈ ਅਤੇ ਉਹਨਾਂ ਦੀ ਵਰਤੋਂ ਆਪਣੀਆਂ ਮੂਲ ਵਿਹੀਣ ਕਦਰਾਂ ਦੀਆਂ ਸਹਿਯੋਗੀ ਕਦਰਾਂ ਵਾਂਗ ਕਰ ਰਹੀ ਹੈ। ਜਿਵੇਂ ਰੋਗਾਂ ਦੇ ਕੀਟਾਣੂੰ ਸਮੇਂ ਦੇ ਬੀਤਣ ਨਾਲ ਦਵਾਈਆਂ ਵਿਚੋਂ ਆਪਣੇ ਬਚਾਉ ਦਾ ਉਪਾ ਲੱਭ ਲੈਂਦੇ ਹਨ, ਉਸੇ ਤਰ੍ਹਾਂ ਸਾਡੀ ਪੂੰਜੀਵਾਦੀ ਵਿਵਸਥਾ ਨੇ ਵੀ ਆਪਣੇ ਮਾਰਨ ਵਾਲੇ ਸਮਾਜਵਾਦ ਤੋਂ ਆਪਣੇ ਬਚਾ ਦਾ ਇਹ ਉਪਾ ਕਢਿਆ ਹੈ। ਸਾਹਿਤ ਵਿਚ ਆਮ ਆਦਮੀ ਦਾ ਨਾਅਰਾ ਵੀ ਏਸੇ ਬਚਾਉ ਦਾ ਇਕ ਨੁਸਖਾ ਹੈ ਜਿਸ ਨੂੰ ਪੂੰਜੀਵਾਦੀ ਲੇਖਕ-ਸੰਪਾਦਕ ਲੇਖਕਾਂ ਵਿਚ ਬੇਤਹਾਸ਼ਾ ਵੰਡ ਰਹੇ ਹਨ ਅਤੇ ਉਹਨਾਂ ਦੀ ਚੇਤਨਾ ਨੂੰ ਖੁੰਢਾ ਕਰਕੇ, ਉਹਨਾਂ ਨੂੰ ਗੁਮਰਾਹ ਕਰਕੇ ਛੱਡ ਦੇਣਾ ਚਾਹੁੰਦੇ ਹਨ। ਪਰ ਅੱਜ ਦਾ ਲੇਖਕ ਆਪਣਾ ਰਸਤਾ ਪਛਾਣ ਗਿਆ ਹੈ। ਉਹ ਖੜਯੰਤਰਕਾਰੀਆਂ ਦੇ ਭੁਲਾਵੇ ਵਿਚ ਆਉਣ ਵਾਲਾ ਨਹੀਂ। ਉਹ ਪੂੰਜੀਵਾਦੀ ਵਿਵਸਥਾ ਦੇ ਵਿਰੋਧ ਵਿਚ ਖੜਾ ਹੈ ਅਤੇ ਆਪਣੀ ਲੇਖਣੀ ਦੀ ਮਸ਼ਾਲ ਦੀ ਰੌਸ਼ਨੀ ਵਿਚ ਮੁਕਤੀ ਦਾ ਮਾਰਗ ਰੌਸ਼ਨ ਕਰ ਰਿਹਾ ਹੈ।□

ਰੂਪ ਤੇ ਵਸਤੂ

ਕਈ ਵਾਰੀ ਆਸਾਨੀ ਨਾਲ ਲਿਖੀ ਕਵਿਤਾ ਪੜ੍ਹਨੀ ਬੜੀ ਮੁਹਾਲ ਹੋ ਜਾਂਦੀ ਹੈ। ਬੜੇ ਔਖੇ ਹੋਕੇ ਲਿਖੀ ਗਈ ਕਵਿਤਾ ਕਈ ਵਾਰੀ ਪੜ੍ਹਨੀ ਸਹਿਲ ਲਗਦੀ ਹੈ। ਰੂਪ ਤੇ ਵਸਤੂ ਕਪੜਿਆਂ ਤੇ ਕਪੜੇ ਪਾਉਣ ਵਾਲੇ ਵਾਂਗ ਹੁੰਦੇ ਹਨ। ਜੇ ਆਦਮੀ ਚੰਗਾ, ਚੁਸਤ ਤੇ ਉਚੇ ਆਚਰਣ ਵਾਲਾ ਹੋਵੇ, ਤਾਂ ਉਸਦੇ ਕਪੜੇ ਕਿਉਂ ਨਾ ਉਸਦੇ ਗੁਣਾਂ ਨਾਲ ਮੇਲ ਖਾਂਦੇ ਹੋਣ ! ਜੇ ਆਦਮੀ ਖੂਬਸੂਰਤ ਹੋਵੇ ਤਾਂ ਉਸਦੇ ਵਿਚਾਰ ਕਿਉਂ ਨ ਉਸੇ ਤਰ੍ਹਾਂ ਦੇ ਹੋਣ ! ਬਹੁਤ ਵਾਰੀ ਹੁੰਦਾ ਇਹ ਹੈ ਕਿ ਕੋਈ ਔਰਤ ਦੇਖਣ ਵਿਚ ਬੜੀ ਸੁੰਦਰ ਹੁੰਦੀ ਹੈ ਪਰ ਅਕਲੋਂ ਖਾਲੀ। ਜੇ ਉਹ ਬੜੀ ਤੀਖਣ ਬੁੱਧ ਹੁੰਦੀ ਹੈ, ਤਾਂ ਦੇਖਣ ਵਿਚ ਕੁਝ ਨਹੀਂ ਹੁੰਦੀ। ਕਲਾ ਕਿਰਤਾਂ ਨਾਲ ਵੀ ਏਸੇ ਤਰ੍ਹਾਂ ਵਾਪਰ ਸਕਦਾ ਹੈ। ਪਰ ਕੁਝ ਖੁਸ਼ਕਿਸਮਤ ਔਰਤਾਂ ਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਚਮਕ ਦਮਕ ਵੀ ਹੁੰਦੀ ਹੈ, ਸੁੰਦਰਤਾ ਵੀ ਤੇ ਅਕਲ ਵੀ। ਅਸਲੀ ਕਲਾ ਕੌਸ਼ਲਤਾ ਵਾਲੇ ਕਵੀਆਂ ਦੀਆਂ ਕਿਰਤਾਂ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ।

[ਰਸੂਲ ਹਮਜ਼ਾਤੋਵ]

ਤਿੰਨ ਕਹਾਣੀਕਾਰ—ਇਕ ਮੁਲਾਂਕਣ

ਬਲਜੀਤ ਬਾਸੀ

ਪਿਛਲੇ ਕੁਝ ਸਾਲਾਂ ਵਿਚ ਪੰਜਾਬੀ ਵਿਚ ਕਹਾਣੀ ਦੀ ਚੋਖੀ ਰਚਨਾ ਹੋਈ ਹੈ। ਕੁਝ ਹਲਕਿਆਂ ਵਲੋਂ ਤਾਂ ਇਕ ਅਟਕਲ ਜਹੇ ਨਾਲ ਇਸਦੀ ਦਰ ਨਿਸਚਿਤ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਜਾਣੋਂ ਪਿਛਲੇ ਕੁਝ ਸਮੇਂ ਵਿਚ ਰਚੀ ਗਈ ਅਤਿਸ਼ ਭਾਵਾਂ ਵਾਲੀ ਕਵਿਤਾ ਦਾ ਹੜ ਸਾਨੂੰ ਏਥੇ ਤਕ ਵਗਾ ਕੇ ਲੈ ਗਿਆ ਕਿ ਅਸੀਂ ਸਾਹਿਤ ਵਿਚ ਯਥਾਰਥ ਨੂੰ ਬਿਆਨੀਆਂ ਰੂਪ ਵਿਚ ਪ੍ਰਾਪਤ ਕਰਨ ਲਈ ਉਤਸੁਕ ਹੋ ਗਏ ਹਾਂ। ਉਪਰੋਕਤ ਭਾਂਤ ਦੀ ਕਵਿਤਾ ਦੇ ਦੌਰ ਵਿਚ ਸਾਨੂੰ ਕਹਾਣੀ ਤਾਂ ਭਾਂਵੇਂ ਮਿਲਦੀ ਰਹੀ ਹੈ ਪਰ ਨਵੇਂ ਕਹਾਣੀਕਾਰ ਉਪਲਬਧ ਨਹੀਂ ਹੋਏ। ਜਾਂ ਜਿਹੜੇ ਹੋਏ ਵੀ ਉਨ੍ਹਾਂ ਦੀ ਕਹਾਣੀ ਕਲਾ ਕਵਿਤਾ ਦੇ ਟਾਕਰੇ ਵਿਚ ਬਹੁਤ ਨੀਰਸ ਤੱਥਮਈ ਸੱਚ ਉਘਾੜਨ ਵਾਲੀ ਕੱਚੀ ਜਹੀ ਰਚਨਾ ਸੀ ਤੇ ਇਹ ਪ੍ਰਕਿਰਤੀ ਅਜੇ ਤਕ ਚਲੀ ਆ ਰਹੀ ਹੈ।

ਨਿਰਸੰਦੇਹ ਇਸ ਕਾਲ ਵਿਚ ਕਹਾਣੀ ਦਾ ਚਿਤਰਪਟ ਕਾਫ਼ੀ ਵਿਸ਼ਾਲ ਹੋਇਆ ਹੈ। ਸਾਡੇ ਕੋਲ ਮਿੰਨੀ ਕਹਾਣੀ ਆਈ ਹੈ, ਫੈਂਟਸੀ ਦੀ ਕਹਾਣੀ ਉਗਮੀ ਹੈ ਅਤੇ ਬਦੇਸ਼ੀ ਪੰਜਾਬੀ ਕਹਾਣੀ-ਕਾਰਾਂ ਦੀਆਂ ਦੇਸ ਦੀਆਂ ਹੱਦਾ ਤੋਂ ਬਾਹਰ ਦੇ ਅਨੁਭਵ ਦੀਆਂ ਕਹਾਣੀਆਂ ਹਾਸਲ ਹੋਈਆਂ ਹਨ। ਪਰ ਇਹ ਗੱਲ ਨਿਰਸੰਕੋਚ ਮੰਨਣੀ ਪੈਂਦੀ ਹੈ ਕਿ ਇਸ ਦੌਰ ਵਿਚ ਕਹਾਣੀ ਦੀਆਂ ਵੰਨਗੀਆਂ ਵਿਚ ਚਾਹੇ ਕਿੰਨਾ ਵੀ ਵਿਸਤਾਰ ਹੋਇਆ ਹੋਵੇ, ਅਨੁਭਵੀ ਪ੍ਰੌੜਤਾ ਅਤੇ ਤਕਨੀਕ ਦੇ ਪਖੋਂ ਇਹ ਕਾਫ਼ੀ ਕੱਚੀਆਂ ਹਨ। ਜੇ ਸੇਖੋਂ, ਦੁੱਗਲ ਤੇ ਵਿਰਕ ਦੀਆਂ ਕਹਾਣੀਆਂ ਐਵਰੈਸਟ ਦੀ ਸਿਖਰ ਛੁਹਦੀਆਂ ਮੰਨੀਆਂ ਜਾਣ ਤਾਂ ਸਾਰੇ ਅਜੋਕੇ ਕਹਾਣੀਕਾਰ ਅਜੇ ਸ਼ਿਵਾਲਕ ਦੀਆਂ ਟੀਸੀਆਂ 'ਤੇ ਹੀ ਹਨ। 'ਕਰਵਟ' (ਸੰਪਾਦਕ : ਵਰਿਆਮ ਸੰਧੂ) ਪੜ੍ਹਕੇ ਕਹਾਣੀ ਕਲਾ ਕੋਈ ਕਰਵਟ ਲੈਂਦੀ ਪ੍ਰਤੀਤ ਨਹੀਂ ਹੁੰਦੀ ਅਤੇ ਨਾ ਹੀ 'ਕੋਈ ਦਿਉ ਜਵਾਬ' (ਸ਼ਮਸ਼ੇਰ ਸੰਧੂ) ਪੜ੍ਹਕੇ ਇਹ ਦਾਅਵਾ ਸੱਚਾ ਭਾਸਦਾ ਹੈ ਕਿ ਪੰਜਾਬੀ ਵਿਚ ਕੋਈ ਇਨਕਲਾਬੀ ਕਹਾਣੀਕਾਰ ਹੀ ਨਹੀਂ ਹੋਇਆ। ਕੁਝ ਉਭਰੇ ਕਹਾਣੀਕਾਰਾਂ ਪ੍ਰੇਮ ਗੋਰਖੀ, ਅਤਰਜੀਤ, ਵਰਿਆਮ ਸੰਧੂ, ਸ਼ਮਸ਼ੇਰ ਸੰਧੂ, ਮੁਖਤਾਰ ਗਿੱਲ ਆਦਿ ਸਾਰਿਆਂ ਵਿਚ ਹੀ ਪਿਛਲੇ ਕਾਲ ਦੀ ਕਵਿਤਾ ਦੀ ਬਿਰਤੀ ਹੀ ਭਾਰੂ ਹੈ ਅਰਥਾਤ ਉਹ ਆਪਣੀ ਗੱਲ ਦਾਅਵੇ ਦੇ ਜ਼ੋਰ ਨਾਲ ਮੰਨਵਾਉਣ ਲਈ ਹੀ ਪ੍ਰਯਤਨਸ਼ੀਲ ਹਨ। ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਪੜ੍ਹਕੇ ਇਹ ਧਰਵਾਸ ਬੈਠਾ ਸੀ ਕਿ ਉਸ ਵਿਚ ਪਾਤਰ ਨੂੰ ਉਸਦੇ ਨੇੜਿਉਂ ਬਰੀਕੀ ਨਾਲ ਵੇਖਣ ਤੇ ਉਸਦੇ ਦੁਖਾਂਤ ਨੂੰ ਉਘਾੜਨ ਦੀ ਜਾਚ ਹੈ ਜਿਸਤੋਂ ਉਹ ਬੜਾ ਹੀ ਹੋਣਹਾਰ ਕਹਾਣੀਕਾਰ ਜਾਪਿਆ ਸੀ ਪਰ ਬਾਅਦ ਵਿਚ ਉਸਦੀ ਕੋਈ ਵੀ ਕਹਾਣੀ ਨਿਗਾਹ ਵਿਚੋਂ ਨਹੀਂ ਗੁਜ਼ਰੀ ਜਿਹੜੀ ਏਨੀ ਪਕੜ ਨਾਲ ਲਿਖੀ ਗਈ ਹੋਵੇ। ਵਰਿਆਮ ਸੰਧੂ ਦੀ ਕਹਾਣੀ 'ਅਸਲੀ ਤੇ ਵੱਡੀ ਹੀਰ' ਵੀ ਕੱਥ ਨੂੰ ਯਥਾਰਥ ਤੋਂ ਪਹਿਲ ਦਿੰਦੀ ਹੈ।

ਸਾਡੇ ਕਹਾਣੀਕਾਰਾਂ ਵਿਚ ਦਰਅਸਲ ਇਹ ਐਬ ਘਰ ਕਰ ਗਿਆ ਹੈ ਕਿ ਉਹ ਪਹਿਲਾਂ ਹੀ ਆਪਣੇ ਪਾਠਕਾਂ ਨੂੰ ਆਪਣੇ ਪਾਤਰਾਂ ਦੀ ਭਾਵੀ ਅਤੇ ਜਿਨ੍ਹਾਂ ਸਥਿਤੀਆਂ ਵਿਚੋਂ ਇਹ ਗੁਜ਼ਰਦੇ ਹਨ ਉਨ੍ਹਾਂ ਨਾਲ ਆਪਣੇ ਸਮਾਨ ਸਹਾਨਭੂਤੀ ਰਖਣ ਵਾਲੇ ਕਲਪ ਲੈਂਦੇ ਹਨ। ਸਾਡੇ ਪ੍ਰੌੜ੍ਹ ਤੇ ਚੇਤਨ

ਕਹਾਣੀਕਾਰ ਵੀ ਇਸ ਤੋਂ ਮੁਕਤ ਨਹੀਂ । ਅਤੇ ਫਿਰ ਉਹ ਕਹਾਣੀ ਨੂੰ ਇਸ ਤਰ੍ਹਾਂ ਉਸਾਰਦੇ ਹਨ ਕਿ ਯਥਾਰਥ ਦਾ ਇਕ ਪੱਖ ਓਝਲ ਹੀ ਰਹੇ । ਇਸ ਦਾ ਦਾਰਸ਼ਨਿਕ ਕਾਰਣ ਸ਼ਾਇਦ ਇਹ ਹੈ ਕਿ ਉਹ ਨਿਕਟਵਰਤੀ ਭਵਿਖ ਵਿਚ ਆਪਣੀਆਂ ਆਸਾਂ ਉਮੰਗਾਂ ਬਾਰੇ ਬਹੁਤ ਆਸ਼ਾਵਾਦੀ ਤੇ ਨਿਸਚਿਤ ਹਨ । ਉਹ ਜੀਵਨ ਨੂੰ ਵਿਗਸਦਾ ਮੌਲਦਾ ਅਤੇ ਚਾਨਣ ਪੱਖ ਨੂੰ ਜਾਂਦਾ ਤਾਂ ਵੇਖਦੇ ਹਨ ਪਰ ਇਸ ਗੱਲ ਲਈ ਬਹੁਤ ਕਾਹਲੇ ਹਨ ਕਿ ਇਸਨੂੰ ਇਸੇ ਤਰ੍ਹਾਂ ਪੇਸ਼ ਕੀਤਾ ਜਾਏ ਜਿਵੇਂ ਉਨ੍ਹਾਂ ਦੇ ਆਸ਼ਿਆਂ ਦੇ ਸਮਕੂਲ ਹੋਏ। ਮਿੰਨੀ ਕਹਾਣੀ ਦੀ ਤਾਂ ਉਪਜ ਹੀ ਇਸ ਬਿਰਤੀ 'ਚੋਂ ਹੋਈ ਹੈ । ਜਿਹੜੀ ਗੱਲ ਉਨ੍ਹਾਂ ਨੂੰ ਟੁੰਬਦੀ ਹੈ ਉਸਨੂੰ ਉਹ ਬੜੀ ਤਤਪਰਤਾ ਨਾਲ ਇਸ ਛੋਟੇ ਰੂਪ ਵਿਚ ਉਗਲੱਛ ਸਕਦੇ ਹਨ । ਪਰਿਣਾਮ ਸਰੂਪ ਹਾਸਾ ਹੀ ਉਪਜ ਸਕਦਾ ਹੈ, ਕਹਾਣੀ ਤੋਂ ਨਹੀਂ ਕਹਾਣੀਕਾਰ'ਤੇ !

ਇਸ ਪ੍ਰਸੰਗ ਵਿਚ ਜੇਕਰ ਕੁਝ ਤਸੱਲੀ ਹੁੰਦੀ ਹੈ ਤਾਂ ਮੰਝਲੇ ਦੌਰ ਦੇ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਕੇ ਹੀ ਹੁੰਦੀ ਹੈ । ਉਨ੍ਹਾਂ ਵਿਚ ਸੁਖਬੀਰ, ਰਘੁਬੀਰ ਢੰਡ, ਜਸਵੰਤ ਸਿੰਘ ਵਿਰਦੀ, ਗੁਰਬਚਨ ਸਿੰਘ ਭੁੱਲਰ, ਮੋਹਨ ਭੰਡਾਰੀ ਆਦਿ ਸ਼ਾਮਲ ਹਨ ਜਿਨ੍ਹਾਂ ਵਿਚੋਂ ਪਹਿਲੇ ਤਿੰਨਾਂ ਬਾਰੇ ਮੈਂ ਕੁਝ ਲਿਖਣ ਦਾ ਇਰਾਦਾ ਬਣਾਇਆ ਹੈ । ਇਨ੍ਹਾਂ ਲੇਖਕਾਂ ਨੂੰ ਮੈਂ ਇਸ ਕਰਕੇ ਚੁਣਿਆ ਹੈ ਕਿ ਇਕ ਤਾਂ ਇਨ੍ਹਾਂ ਦੀ ਰਚਨਾ ਗਿਣਨਾਤਮਕ ਅਤੇ ਗੁਣਾਤਮਕ ਪੱਖ ਤੋਂ ਸਭ ਤੋਂ ਉਪਰ ਹੈ ਅਤੇ ਦੂਜਾ ਇਹ ਕਿ ਕਹਾਣੀ ਰਚਨਾ ਵੇਲੇ ਸੰਕੀਰਨ ਫ਼ੌਰੀ ਉਦੇਸ਼ਾਂ ਨੂੰ ਮੁਖ ਨਹੀਂ ਰਖਦੇ ਸਗੋਂ ਪਾਤਰਾਂ ਨੂੰ ਆਪਣੇ ਨਿਜੀ ਅਨੁਭਵ ਤੇ ਸਥਿਤੀਆਂ ਵਿਚ ਵਿਚਰਨ ਵੀ ਦਿੰਦੇ ਹਨ ਤੇ ਆਪਣੇ ਪ੍ਰਗਤਿਵਾਦੀ ਦ੍ਰਿਸ਼ਟੀਕੋਣ ਦਾ ਪੱਲਾ ਵੀ ਨਹੀਂ ਛਡਦੇ ।

ਸਭ ਤੋਂ ਪਹਿਲਾਂ ਮੈਂ ਸੁਖਬੀਰ ਦੀ ਕਿਤਾਬ "**ਬਾਰੀ ਵਿਚਲਾ ਸੂਰਜ**" ਦੀ ਚਰਚਾ ਕਰਨੀ ਚਾਹਾਂਗਾ । ਇਸ ਪੁਸਤਕ ਵਿਚ ਪਿਛਲੇ ਦਸ ਬਾਰਾਂ ਸਾਲਾਂ ਵਿਚ ਲਿਖੀਆਂ ਗਈਆਂ ਕਹਾਣੀਆਂ ਸੰਕਲਿਤ ਹਨ ਜੋ ਕਿ ਪਾਤਰ ਦੇ ਅੰਤਰੀਵ ਵਿਚ ਵਸਦੇ ਜਗਤ ਤੇ ਸੋਚਾਂ ਨੂੰ ਪ੍ਰਸਤੁਤ ਕਰਨ ਕਾਰਨ ਆਪਣੇ ਆਪ ਵਿਚ ਵਿਲੱਖਣ ਹਨ । ਸੁਖਬੀਰ ਦੇ ਪਾਤਰ ਸ਼ਹਿਰ ਦੇ ਉਹ ਉਭੇ ਹੋਏ ਲੋਕ ਹਨ ਜਿਹੜੇ ਵਸਤੂਗਤ ਸੰਸਾਰ ਤੋਂ ਮੂਖ ਮੋੜ ਕੇ ਆਪਣੇ ਅੰਦਰ ਹੀ ਇਕ ਸੰਸਾਰ ਵਸਾ ਲੈਂਦੇ ਹਨ; ਜਿਨ੍ਹਾਂ ਦੀ ਹੋਂਦ ਦੀ ਇਕਾਈ ਟੁੱਟ ਚੁਕੀ ਹੈ ਤੇ ਉਹ ਇਸਨੂੰ ਜੋੜਨ ਲਈ ਵਿਲਕ ਰਹੇ ਹਨ । ਇਹ ਆਮ ਤੌਰ ਤੇ ਕੋਮਲ ਚਿਤ ਅਤੇ ਕਲਾਤਮਕ ਸੁਭਾਅ ਵਾਲੇ ਹਨ ਜਿਹੜੇ ਮਸ਼ੀਨੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਸਮੋ ਨਹੀਂ ਸਕਦੇ । ਉਨ੍ਹਾਂ ਦਾ ਦੁਖਾਂਤ ਇਹ ਹੈ ਕਿ ਉਹ ਅਜਿਹੀ ਜ਼ਿੰਦਗੀ ਤੋਂ ਰਾਹਤ ਲਈ ਕਈ ਖਬਤਾਂ (ਟੁੱਟਾ ਹੋਇਆ ਸਿਰਾ), ਬਚਪਨਾਂ, (ਇਕ ਦੂਜੀ ਤੀਵੀਂ, ਬਸਾਖੀਆਂ), ਪੇਂਡੂ ਪਿਛੇ ਦੀਆਂ ਯਾਦਾਂ (ਇਕਾਈ), ਸ਼ੇਖੀਆਂ (ਟਿੱਪਰਾਤ), ਜਾਂ ਕਲਾਤਮਕ ਰੁਚੀਆਂ (ਕਾਜਲ ਤੇ ਗੋਰੀ) ਆਦਿ ਵਿਚ ਪਨਾਹ ਤਲਾਸ਼ਦੇ ਹਨ ਪਰ ਕਿਉਂਕਿ ਉਨ੍ਹਾਂ ਦਾ ਪੇਂਡੂ ਪਿੱਛਾ ਤੇ ਬਚਪਨ ਬਹੁਤ ਪਿਛੇ ਰਹਿ ਚੁਕੇ ਹਨ ਅਤੇ ਉਸ ਵਿਚ ਵੀ ਬਹੁਤ ਸਾਰੀਆਂ ਕੋੜੀਆਂ ਯਾਦਾਂ ਹੀ ਹਨ; ਉਨ੍ਹਾਂ ਦੀ ਕਲਾ ਉਨ੍ਹਾਂ ਨੂੰ ਉਪਜੀਵਕਾ ਤੋਂ ਵੰਚਿਤ ਕਰ ਦਿੰਦੀ ਹੈ ਤੇ ਸ਼ੇਖੀਆਂ ਤੇ ਖਬਤਾਂ ਛਿਣ ਭੰਗਰੀ ਸਾਬਤ ਹੁੰਦੀਆਂ ਹਨ, ਇਸ ਲਈ ਇਹ ਦੁਖਾਂਤ ਵਿਚ ਗ੍ਰੱਸੇ ਭਟਕ ਹੀ ਰਹੇ ਹਨ; ਇਨ੍ਹਾਂ ਦੀ ਸੰਪੂਰਨਤਾ ਦੀ ਲੋਚਾ ਅਪੂਰਨ ਹੀ ਰਹਿੰਦੀ ਹੈ ਤੇ ਇਹ ਵਿਤਰੇਕ ਜਿਹੇ ਬਣਕੇ ਜੀਅ ਰਹੇ ਹਨ। ਸੁਖਬੀਰ ਅਜਿਹਾ ਨਿਭਾ ਅਕਸਰ ਚੇਤਨਾ ਪ੍ਰਵਾਹ ਦੀ ਤਕਨੀਕ ਰਾਹੀਂ ਕਰਦਾ ਹੈ ਜਿਸ ਨਾਲ ਪਾਤਰ ਦਾ ਮਨ ਕਾਲ ਵਿੱਥ ਦੀਆਂ ਹੱਦਾਂ ਤੋੜ ਕੇ ਸੁਤੰਤਰ ਯਾਦਾਂ ਉਘਾੜਦਾ ਰਹਿੰਦਾ ਹੈ । ਪਰ ਇਸ ਤਰ੍ਹਾਂ ਕਰਨ ਨਾਲ ਕਹਾਣੀ ਦੀਆਂ ਕੁਝ ਮੁਢਲੀਆਂ ਸ਼ਿਲਪਾਂ ਨੂੰ ਅਣਗੌਲਦਾ ਨਹੀਂ । ਪਾਤਰ

ਚਿਤਰਣ ਧੁਰ ਤਕ ਗਾੜ੍ਹਾ ਤੋਂ ਗਾੜ੍ਹਾ ਹੁੰਦਾ ਜਾਂਦਾ ਹੈ ਤੇ ਅਖੀਰ'ਤੇ ਆਕੇ ਲੇਖਕ ਦ੍ਰਿੜ ਕਰਵਾ ਦਿੰਦਾ ਹੈ ਕਿ ਪਾਤਰ ਇਕ ਚਕਰਵਿਊ ਵਿਚ ਫਸਿਆ ਪਿਆ ਹੈ ਜਿਸ ਤੋਂ ਉਸ ਲਈ ਕੋਈ ਛੁਟ-ਕਾਰਾ ਨਹੀਂ।

ਸੁਖਬੀਰ ਦੀ ਦ੍ਰਿਸ਼ਟੀ ਨੂੰ ਮੈਂ ਰੁਮਾਂਟਿਕ ਤਾਂ ਨਹੀਂ ਕਹਿੰਦਾ ਪਰ ਉਸ ਵਿਚ ਕਦੇ ਕਦਾਈਂ ਅਜਿਹੀ ਰੁਚੀ ਕੰਮ ਕਰਦੀ ਜ਼ਰੂਰ ਦਿਖਾਈ ਦਿੰਦੀ ਹੈ ਜਿਵੇਂ 'ਗਲੀ' 'ਇਮਾਰਤ' ਆਦਿ ਕਹਾਣੀਆਂ। ਅਜੇਹੀ ਵਿਤਰੇਕ ਮਾਨਸਿਕ ਅਵਸਥਾ ਭੋਗਦੇ ਇਹ ਲੋਕ ਕਿਸੇ ਪਾਸੇ ਜੋਗੇ ਨਹੀਂ ਰਹਿੰਦੇ ਭਾਵੇਂ ਕਿ ਸੁਖਬੀਰ ਇਨ੍ਹਾਂ ਪਾਤਰਾਂ ਦਾ ਆਰਥਿਕ ਪਿਛੋਕੜ ਦੇਕੇ ਇਨ੍ਹਾਂ ਦੀਆਂ ਸਮਸਿਆਵਾਂ ਵਲ ਇਸ਼ਾਰਾ ਕਰਦਾ ਹੈ। ਸੁਖਬੀਰ ਦੇ ਪਾਤਰ ਚਿੰਤਨ ਦੀ ਪਧਰ'ਤੇ ਇਕ ਸੰਕੋਚ ਵਿਚ ਵੀ ਰਹਿ ਰਹੇ ਹਨ ਕਿਉਂ ਕਿ ਉਹ ਆਪਣੇ ਭਰਪੂਰ ਜੀਵਨ ਜਿਊਣ ਅਤੇ ਵਿਅਕਤਿਤਵ ਦੇ ਮੌਲਣ ਵਿਚਕਾਰ ਜਿਹੜੀ ਦੀਵਾਰ ਬਣੀ ਹੋਈ ਹੈ ਉਸਨੂੰ ਦੇਖ ਨਹੀਂ ਸਕਦੇ ਤੇ ਨਾ ਹੀ ਉਲੰਘਣ ਦੇ ਸਮਰੱਥ ਹਨ। ਹੋ ਸਕਦਾ ਹੈ ਸੁਖਬੀਰ ਸਮਝਦਾ ਹੋਵੇ ਕਿ ਲੇਖਕ ਦਾ ਕੰਮ ਏਥੇ ਤਕ ਹੀ ਹੈ ਪਰ ਮੇਰਾ ਵਿਚਾਰ ਹੈ ਤੇ ਸਮਾਜਕ ਸਥਿਤੀਆਂ ਵੀ ਇਹ ਮੰਗ ਕਰਦੀਆਂ ਹਨ ਅਤੇ ਸੰਸਾਰ ਸਾਹਿਤ ਨੇ ਕਲਾ ਵਿਧੀਆਂ ਦੀ ਏਨੀ ਵਾਟ ਤਹਿ ਵੀ ਕਰ ਲਈ ਹੈ ਕਿ ਅੱਜ ਦੇ ਲੇਖਕ ਲਈ ਏਨਾ ਕਾਫ਼ੀ ਨਹੀਂ ਰਿਹਾ। ਲੇਖਕ ਕਲਾਤਮਕ ਢੰਗ ਨਾਲ ਅਜਿਹੀ ਵਿਕਰਾਲ ਸਥਿਤੀ ਵਿਚੋਂ ਉਗਮਣ ਵਾਲੀ ਆਸ ਦੀ ਕਿਰਨ ਵਲ ਸੰਕੇਤ ਕਰ ਸਕਦਾ ਹੈ।

ਸਾਡੇ ਕਹਾਣੀਕਾਰਾਂ ਦੀ ਨਜ਼ਰ ਵਿਚ ਇਕ ਚਿੱਥ ਇਹ ਹੈ ਕਿ ਉਹ ਪਿੰਡ ਨੂੰ ਸ਼ਹਿਰ ਦੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ ਅਤੇ ਸ਼ਹਿਰ ਨੂੰ ਪਿੰਡ ਦੇ ਦ੍ਰਿਸ਼ਟੀਕੋਣ ਤੋਂ। ਸੁਖਬੀਰ ਵੀ ਇਸ ਤੋਂ ਮੁਕਤ ਨਹੀਂ। ਪੂੰਜੀਵਾਦੀ ਕੀਮਤਾਂ ਦੀ ਨਿਰਾਰਥਕਤਾ ਵਿਚ ਗ੍ਰਸੇ ਉਸਦੇ ਪਾਤਰ ਦਰਅਸਲ ਜ਼ਿੰਦਗੀ ਦੀ ਆਦਿਮ ਮਾਸੂਮੀਅਤ ਵਿਚ ਪਨਾਹ ਲੈਂਦੇ ਪ੍ਰਤੀਤ ਹੁੰਦੇ ਹਨ। ਮੇਰੇ ਖਿਆਲ ਵਿਚ ਲੇਖਕ ਵਿਤ-ਰੇਕਤਾ ਸਮਾਧਾਨ ਤਾਂ ਇਸ ਮਾਸੂਮੀਅਤ ਅਤੇ ਸਾਦਗੀ ਵਿਚ ਹੀ ਢੂੰਡ ਸਕਦਾ ਹੈ ਕਿਉਂਕਿ ਜ਼ਿੰਦਗੀ ਦਾ ਏਹੀ ਪੱਖ ਸਕਾਰਾਤਮਕ ਹੈ ਤੇ ਜਿਸਦੀ ਪੁਸ਼ਟੀ ਹੋਣੀ ਚਾਹੀਦੀ ਹੈ ਪਰ ਇਸਨੇ ਪੂੰਜੀਵਾਦੀ ਜ਼ਿੰਦਗੀ ਦੀਆਂ ਗੁੰਝਲਾਂ ਤੋਂ ਛੁਟਕਾਰਾ ਕਿਵੇਂ ਹਾਸਲ ਕਰਨਾ ਹੈ ਤੇ ਇਸਦਾ ਭਵਿਖਾਰਥੀ ਰੂਪ ਕਿਹੜਾ ਹੋਣਾ ਹੈ, ਇਸ ਵੱਲ ਸੰਕੇਤ ਅਵੱਸ਼ ਹੋਣਾ ਚਾਹੀਦਾ ਹੈ। ਸਪਸ਼ਟ ਹੈ ਕਿ ਇਹ ਰੂਪ ਏਨਾ ਸਰਲ ਨਹੀਂ ਹੈ ਤੇ ਸਮਾਜ ਦੇ ਅਗਲੇ ਪੜਾਉ ਵਾਲਾ ਹੈ। ਸੁਖਬੀਰ ਵਿਚ ਇਹ ਦੋਸ਼ ਕੁਝ ਹੱਦ ਤਕ ਹੈ। ਜੇਕਰ ਉਸਦੇ ਪਾਤਰ ਪੇਂਡੂ ਜ਼ਿੰਦਗੀ ਜਾਂ ਮਨੁਖ ਦੀਆਂ ਆਦਿਮ ਰੁਚੀਆਂ ਵਿਚ ਪਨਾਹ ਲੈ ਲੈਂਦੇ ਹਨ ਤਾਂ ਕਹਾਣੀ ਦਾ ਅੰਤ ਸੁਖਾਂਤਕ ਬਣ ਜਾਂਦਾ ਪਰ ਜੇ ਇਸਨੂੰ ਵੀ ਇਕ ਛਲ ਮਾਤਰ ਹੀ ਸਮਝ ਲੈਂਦੇ ਹਨ ਤਾਂ ਪਾਤਰ ਦੁਖਾਂਤਕ ਅਤੇ ਸਿਥਲ ਬਣ ਜਾਂਦੇ ਹਨ। ਪਰ ਇਹ ਦੋਨੋਂ ਸਥਿਤੀਆਂ ਯਥਾਰਥ ਦੇ ਪਾਣੀਆਂ ਵਿਚ ਰੋੜ੍ਹਾ ਮਾਰਨ ਲਈ ਨਹੀਂ ਵਧਦੀਆਂ।

ਉਸਦੀ ਕਹਾਣੀ 'ਇਕਾਈ' ਲੈ ਲਵੋ। ਇਸਦਾ ਪਾਤਰ ਜੋ ਪੇਂਡੂ ਪਿਛੋਕੜ ਦਾ ਹੈ ਤੇ ਸ਼ਹਿਰੀ ਜ਼ਿੰਦਗੀ ਦੇ ਧੱਕੇ ਖਾ ਬੈਠਾ ਹੈ, ਮਾਨਸਿਕ ਤੌਰ ਤੇ ਇਸ ਜ਼ਿੰਦਗੀ ਦਾ ਸੰਤਾਪ ਭੋਗ ਰਿਹਾ ਹੈ। ਉਸਨੂੰ ਆਪਣਾ ਆਪਾ ਤਿੰਨ ਟੋਟਿਆਂ ਵਿਚ ਤਿੜਕ ਗਿਆ ਲਗਦਾ ਹੈ—ਇਹ ਇਕ ਗੁੰਦਵਾਂ, ਇਕ ਇਕਾਈ ਨਹੀਂ ਰਿਹਾ। ਇਸ ਤੋਂ ਬਚਣ ਲਈ ਉਹ ਆਪਣੇ ਅਤੀਤ ਦੀ ਮਹਿਬੂਬਾ ਦਾ ਚਿਤਵਣ ਕਰਦਾ ਹੈ ਪਰ ਕਿਉਂਕਿ ਉਸਨੇ ਵੀ ਇਸਨੂੰ ਧੋਖਾ ਦੇ ਦਿਤਾ ਸੀ, ਇਸ ਲਈ ਇਹ ਦਿਲਾਸਾ ਵੀ ਥੋੜ ਚਿਰਾ ਹੈ। ਆਪਣੀ ਬੁਢੀ ਮਾਂ ਨੂੰ ਯਾਦ ਕਰਦਾ ਹੈ ਪਰ ਉਹ ਵੀ ਪਿੰਡ ਦੀ

ਗਰੀਬੀ ਵਿਚ ਦੱਬੀ ਹੋਈ ਤੇ ਅੱਥਰੂਆਂ ਵਿਚ ਡੁੱਬੀ ਹੋਈ ਮੂਰਤੀ ਵਜੋਂ ਹੀ ਚੇਤੇ ਵਿਚ ਆਉਂਦੀ ਹੈ। ਇਸ ਪ੍ਰਕਾਰ ਇਸ ਪਾਤਰ ਦਾ ਨਾਂ ਤਾਂ ਭੂਤਕਾਲ ਲੁਭਾਉਣਾ ਹੈ ਨਾ ਵਰਤਮਾਨ, ਤੇ 'ਵਰਤਮਾਨ ਕਾਰਨ' ਭਵਿਖ ਵੀ ਹਨੇਰਾ ਹੈ ਜਿਸ ਕਰਕੇ ਉਹ ਇਕ ਦੁਖਾਂਤਕ ਜੀਵ ਬਣ ਕੇ ਰਹਿ ਗਿਆ ਹੈ।

ਏਥੇ ਪੁਜਕੇ ਜੇਕਰ ਸੁਖਬੀਰ ਦਾ ਇਰਾਦਾ ਪਾਤਰ ਨੂੰ ਸਾਹਸਮਈ ਬਣਾਉਣ ਦਾ ਹੁੰਦਾ ਤਾਂ ਮਾਂ ਅਤੇ ਮਹਿਬੂਬ ਦੇ ਚਿਹਰੇ ਉਸ ਲਈ ਜ਼ਿੰਦਗੀ ਦੇ ਹੁਸਨ ਦੇ ਪ੍ਰਤੀਕ ਬਣਕੇ ਉਘੜ ਸਕਦੇ ਸਨ ਤੇ ਪਾਤਰ ਲਈ ਪ੍ਰੇਰਣਾ ਦਾ ਸ੍ਰੋਤ ਹੋ ਸਕਦੇ ਸਨ। ਸੁਖਬੀਰ ਦੇ ਕੋਮਲ ਚਿੱਤ, ਸਿਰਜਣਾਤਮਕ ਤੇ ਕਲਾਤਮਕ ਰੁੱਚੀਆਂ ਵਾਲੇ ਪਾਤਰਾਂ ਤੋਂ ਤਾਂ ਅਜੇਹੀ ਆਸ ਰਖੀ ਜਾ ਸਕਦੀ ਹੈ ਕਿ ਉਹ ਆਪ-ਣੀਆਂ ਸਿਰਜਣਾਤਮਕ ਸ਼ਕਤੀਆਂ ਰਾਹੀਂ ਕੋਈ ਸਾਰਥਕ ਪਰਿਣਾਮ ਕਢ ਸਕਣ।

ਰਘੁਬੀਰ ਢੰਡ (**ਉਸਪਾਰ**) ਸਾਡਾ ਇਕ ਚੇਤੰਨ ਕਹਾਣੀਕਾਰ ਹੈ, ਜਿਸਦਾ ਅਨੁਭਵ ਤੇ ਕਲਪਨਾ ਵਿਸ਼ਾਲ ਹੈ, ਉਸਦਾ ਦ੍ਰਿਸ਼ਟੀਕੋਣ ਸਾਰਥਕ ਹੈ ਤੇ ਉਸਦੇ ਪਾਤਰ ਸਾਹਸੀ ਹਨ। ਪਰ ਤਾਂ ਵੀ ਉਹ ਯਥਾਰਥ ਨੂੰ ਇਕ ਭਾਵਕ ਚਾਸ਼ਣੀ ਵਿਚ ਲਿਬੇੜ ਕੇ ਪੇਸ਼ ਕਰਦਾ ਹੈ ਭਾਵੇਂ ਕਿ ਇਹ ਬਹੁਤੀ ਵਾਰੀ ਭਾਰੂ ਤੇ ਹਾਨੀਕਾਰਕ ਨਹੀਂ ਹੁੰਦੀ ਪਰ ਤਾਂ ਵੀ ਇਸਤੋਂ ਬਚਣ ਦੀ ਲੋੜ ਹੈ। ਕਾਰਨ ਇਸਦਾ ਇਹ ਹੈ ਕਿ ਜਦ ਲੇਖਕ ਆਪਣੇ ਪਾਤਰ ਨਾਲ ਮੋਹ ਜਾਂ ਘਿਰਣਾ ਆਦਿ ਜ਼ਾਹਿਰ ਕਰਨ ਲਗ ਪੈਂਦਾ ਹੈ ਜਾਂ ਆਪਣੇ ਮਨ ਦੀ ਵਿਸ਼ੇਸ਼ ਫਿਤਰਤ ਦਾ ਕਥਨ ਕਰਨ ਲਗ ਪੈਂਦਾ ਹੈ ਤਾਂ ਪਾਠਕ ਵੀ ਇਨ੍ਹਾਂ ਭਾਵਾਂ ਦੇ ਵਹਿਣ ਵਿਚ ਵਹਿਣ ਲਗ ਪੈਂਦਾ ਹੈ। ਇਹ ਗੱਲ ਕਹਾਣੀ ਦੀ ਗਾਲਪਿਕ ਤੇ ਬਿਰਤਾਂਤਕ ਰੂਹ ਲਈ ਦਮਨਕਾਰੀ ਸਾਬਤ ਹੁੰਦੀ ਹੈ।

ਉਸਦੇ ਪਾਤਰ ਆਮ ਤੌਰ ਤੇ ਸਾਮਰਾਜੀ ਦੇਸਾਂ ਵਿਚਲੇ ਪਰਵਾਸੀ ਲੋਕ ਹਨ। ਸਾਮਰਾਜੀ ਦੇਸਾਂ ਵਿਚ ਰਹਿੰਦੇ ਇਨ੍ਹਾਂ ਲੋਕਾਂ ਦੇ ਵਿਅਕਤਿਤਿਵ ਦੀਆਂ ਕਈ ਪਰਤਾਂ ਹਨ। ਉਹ ਸਾਡੇ ਅਰਧ ਜਗੀਰੂ ਪਿੰਡਾਂ ਵਿਚੋਂ ਕਲਾਹੀਣ ਤੇ ਖੁਲ੍ਹੇ ਸੁਭਾਅ ਵਾਲੇ ਲੋਕ ਹਨ ਜਿਹੜੇ ਇਕ ਦਮ ਭਰਪੂਰ ਪੂੰਜੀਵਾਦੀ ਦੇਸ ਵਿਚ ਜਾਕੇ ਇਕ ਬਿਲਕੁਲ ਵੱਖਰੇ ਸਭਿਆਚਾਰਕ ਮਾਹੌਲ ਵਿਚ ਦਾਖਲ ਹੋਏ ਹਨ। ਇਨ੍ਹਾਂ ਦੀ ਸਥਿਤੀ ਬੜੀ ਹੀ ਪੇਚੀਦਾ ਹੈ, ਕਿਉਂਕਿ ਉਹ ਲਗਾਤਾਰ ਦੇਸ-ਰਹਿਤ ਤੇ ਸਭਿਆਚਾਰ-ਰਹਿਤ ਹੋਣ ਦਾ ਸੰਤਾਪ ਵੀ ਭੋਗ ਰਹੇ ਹਨ ਅਤੇ ਆਰਥਿਕ/ਰਾਜਸੀ ਮੁਸ਼ਕਲਾਂ ਦੀਆਂ ਸੱਟਾਂ ਵੀ ਖਾਂਦੇ ਹਨ। ਇਸ ਪ੍ਰਸੰਗ ਵਿਚ ਇਨ੍ਹਾਂ ਲੋਕਾਂ ਦੀ ਹੋਣੀ ਉਘਾੜਨਾਂ ਇਕ ਪ੍ਰਤਿਭਾਸ਼ਾਲੀ ਲੇਖਕ ਦਾ ਕੰਮ ਹੀ ਹੈ। ਢੰਡ ਦੇ ਪਾਤਰ ਅਣਖ ਵਾਲੇ ਹਨ ਤੇ ਉਹ ਹਾਲਤ ਨਾਲ ਸਮਝੌਤਾ ਨਹੀਂ ਕਰਦੇ ਸਗੋਂ ਉਸ ਨਾਲ ਲੋਹਾ ਲੈਣ ਲਈ ਤਿਆਰ ਹੋ ਜਾਂਦੇ ਹਨ। ਸਾਮਰਾਜੀ ਦੇਸ਼ਾਂ ਵਿਚ ਕਾਲੇ ਪਰਵਾਸੀਆਂ ਨਾਲ ਆਰਥਿਕ ਵਿਤਕਰੇ ਨੂੰ ਉਹ ਆਪਣੇ ਦੇਸ਼ ਦੇ ਆਰਥਿਕ ਵਿਤਕਰੇ ਦੇ ਸਮਤੁਲ ਰਖਕੇ ਜਮਾਤੀ ਦ੍ਰਿਸ਼ਟੀਕੋਣ ਨਾਲ ਵੇਖ ਸਕਦੇ ਹਨ ਤੇ ਸਮਝ ਸਕਦੇ ਹਨ। ਪਰ ਸਭਿਆ-ਚਾਰਕ ਪੱਧਰ 'ਤੇ ਜਦ ਢੰਡ ਇਨ੍ਹਾਂ ਲੋਕਾਂ ਨੂੰ ਪੱਛਮੀ ਸਭਿਅਤਾ ਦੇ ਟਕਰਾਉ ਵਿਚ ਲਿਆਉਂਦਾ ਹੈ ਤਾਂ ਉਸਦਾ ਵਤੀਰਾ ਸੰਤੁਲਿਤ ਨਹੀਂ ਰਹਿੰਦਾ। ਕਿਸੇ ਦੇਸ਼ ਦਾ ਸਭਿਆਚਾਰ ਉਥੋਂ ਦੇ ਆਰਥਿਕ ਢਾਂਚੇ ਤੋਂ ਬਿਨਾਂ ਹੋਰ ਵੀ ਕਈ ਕਾਰਨਾਂ ਕਰਕੇ ਵਿਲੱਖਣ ਹੁੰਦਾ ਹੈ ਤੇ ਥਾਂ ਥਾਂ ਉਪਰ ਪੱਛਮੀ ਸਭਿਅਤਾ ਨੂੰ ਭਾਰਤੀ (ਖਾਸ ਤੌਰ ਤੇ ਪੰਜਾਬੀ) ਸਭਿਅਤਾ ਦੇ ਮੁਕਾਬਲੇ ਤੇ ਛੁਟਿਆਣਾ ਕੋਈ ਬੌਧਿਕ ਉਦਾਰਤਾ ਵਾਲੀ ਗੱਲ ਨਹੀਂ। (ਤੇ ਨਾਲੇ ਸਾਡਾ ਆਰਥਿਕ ਢਾਂਚਾ ਵੀ ਤਾਂ ਕਿਹੜਾ ਇਨ੍ਹਾਂ ਦੇਸ਼ਾਂ ਦੇ ਢਾਂਚੇ ਨਾਲੋਂ ਅਗਲੇਰੇ ਪੜਾਅ ਵਾਲਾ ਹੈ।)

ਏਥੇ ਪੁਜਕੇ ਮੈਨੂੰ ਇਹ ਗੱਲ ਮੰਨਣ ਵਿਚ ਵੀ ਝਿਜਕ ਨਹੀਂ ਕਿ ਢੰਡ ਦੇ ਪਾਤਰ ਤੇ

ਘਟਨਾਵਾਂ ਵੀ ਦਰਅਸਲ ਆਦਰਸ਼ ਵਰੋਸਾਏ ਹਨ । ਇਹ ਰੁਚੀ ਦਰਅਸਲ ਸਾਡੇ ਬਜ਼ੁਰਗ ਕਹਾਣੀਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਦਿ ਦਾ ਹੀ ਇਕ ਵਿਸਤਾਰ-ਮਾਤਰ ਹੈ ਭਾਵੇਂ ਕਿ ਇਸ ਵਿਚ ਕਿੰਨਾ ਵੀ ਵਿਗਿਆਨਿਕ ਜਮਾਤੀ ਦ੍ਰਿਸ਼ਟੀਕੋਣ ਦਾ ਪਰਿਵੇਸ਼ ਵੀ ਆ ਗਿਆ ਹੈ। ਇਸ ਦ੍ਰਿਸ਼ਟੀ ਅਨੁਸਾਰ, ਜਿਵੇਂ ਕਿ ਸੇਖੋਂ ਨੇ ਕਿਤੇ ਕਿਹਾ ਹੈ, ਅਜਿਹੇ ਕਹਾਣੀਕਾਰ ਜੀਵਨ ਵਿਚ ਕਿਧਰੇ ਕਿਧਰੇ ਆਦਰਸ਼ਵਾਦੀ ਭਾਵਨਾਵਾਂ ਨੂੰ ਕੰਮ ਕਰਦਾ ਵੇਖਕੇ ਉਨ੍ਹਾਂ ਨੂੰ ਜੀਵਨ ਦਾ ਸੁਭਾਵ ਹੀ ਮੰਨ ਲੈਂਦੇ ਹਨ। ਉਹ ਜੀਵਨ ਵਿਚ ਇਕ ਅਜਿਹੀ ਭਾਵਨਾ ਨੂੰ ਕੰਮ ਕਰਦਾ ਪ੍ਰਤੀਤ ਕਰਦੇ ਹਨ ਜੋ ਕੋਈ ਪ੍ਰਭਾਵਕ ਸ਼ਕਤੀ ਨਹੀਂ ਰਖਦੀ। ਉਹ ਇਕ ਫ਼ੋਕੀ ਤਸੱਲੀ ਵਿਚ ਜੀਉਣਾ ਚਾਹੁੰਦੇ ਹਨ।

ਢੰਡ ਦੇ ਪਾਤਰ ਇਹ ਫ਼ੋਕੀ ਤਸੱਲੀ ਆਪਣੇ ਦੇਸ਼ ਦੀਆਂ ਕਦਰਾਂ ਕੀਮਤਾਂ ਵਿਚ ਭਾਲਦੇ ਹਨ ਜਾਂ ਆਦਰਸ਼ਮਈ ਬਚਪਨ ਵਿਚ। ਉਸਦੇ ਬਹੁਤੇ ਪਾਤਰ ਕਿਸ਼ੋਰ ਉਮਰ ਜਾਂ ਇਸ ਤੋਂ ਵੀ ਛੋਟੀ ਉਮਰ ਦੇ ਹਨ ਜਿਹੜੇ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਸਰਲਤਾ ਨਾਲ ਹੀ ਲੈਣਾ ਚਾਹੁੰਦੇ ਹਨ ਜਿਵੇਂ ਉਸ ਪਾਰ, ਮੋਰ ਮਨੀ ਮੋਰ ਫਰੀਡਮ, ਤੀਜੀ ਅੱਖ, ਤੁਸੀਂ ਲੋਕ ਆਦਿ ਦੇ ਤਾਂ ਮੁਖ ਪਾਤਰ ਹੀ ਬੱਚੇ ਹਨ । ਤੇ ਲੇਖਕ ਵਲੋਂ ਜਿਵੇਂ ਕਿ ਪਹਿਲਾਂ ਵੀ ਕਿਹਾ ਜਾ ਚੁਕਾ ਹੈ, ਥਾਂ ਥਾਂ ਪਾਠਕਾਂ ਨੂੰ ਆਪਣੇ ਪਾਤਰਾਂ ਦੇ ਵਿਚਾਰਾਂ ਜਾਂ ਜਿਨ੍ਹਾਂ ਪਰਿਸਥਿਤੀਆਂ ਵਿਚੋਂ ਇਹ ਗੁਜ਼ਰਦੇ ਹਨ ਉਨ੍ਹਾਂ ਨਾਲ ਹਮਦਰਦ ਕਲਪ ਲੈਣਾ ਪਾਠਕ ਨਾਲ ਅਨਿਆਂ ਕਰਨਾ ਹੈ। 'ਤੁਸੀਂ ਲੋਕ' ਦੇ ਪਾਤਰ ਦੀ ਮਾਨਸਿਕ ਹਾਲਤ ਦਾ ਵਰਨਣ ਹੈ : ਵਿਨੀਤ ਨੇ ਨੀਗਰੋ ਵਰਗੀਆਂ ਮੋਟੀਆਂ ਮੋਟੀਆਂ ਅੱਖਾਂ ਨਾਲ ਅਧਿਆਪਕ ਨੂੰ ਘੂਰਿਆ। ਉਸ ਨੂੰ ਜਾਪਿਆ ਜਿਵੇਂ ਮੋਰਲੈਂਡ ਦੀ ਥਾਂ ਈਨਕ ਪਾਵਲ ਖਲੋਤਾ ਹੋਵੇ। ਕੇਡੀ ਨਫ਼ਰਤ ਸੀ ਪਾਵਲ ਨਾਲ ਉਹਨੂੰ...ਢੰਡ ਦੀ ਕਾਲੇ ਲੋਕਾਂ ਨਾਲ ਹਮਦਰਦੀ ਉਸ ਨੂੰ ਕਈ ਵਾਰ ਪਾਤਰਾਂ ਨੂੰ ਆਪਣੇ ਹੀ ਜਮਾਤ ਦੇ ਗੋਰੇ ਲੋਕਾਂ ਨਾਲ ਟੱਕਰ ਵਿਚ ਲੈ ਆਉਂਦੀ ਹੈ ਜਿਸ ਵਿਚ ਕਹਾਣੀਕਾਰ ਖੁਦ ਸੰਕੀਰਨ ਹੋ ਕੇ ਕਾਲੇ ਲੋਕਾਂ ਨੂੰ ਹੀ ਦਰੁਸਤ ਠਹਿਰਾਉਣ ਦੇ ਸੁਚੇਤ ਜਤਨ ਕਰਦਾ ਹੈ।

ਪੰਜਾਬੀ ਵਿਚ ਫੈਂਟਸੀ ਦੀ ਟੈਕਨੀਕ ਦਾ ਪਰਿਵੇਸ਼ ਕਰਾਉਣ ਵਾਲਾ ਇਕਲੌਤਾ ਕਹਾਣੀਕਾਰ ਜਸਵੰਤ ਸਿੰਘ ਵਿਰਦੀ ਹੈ। ਦਰਅਸਲ ਵਿਰਦੀ ਦੀ ਵਿਅੰਗ ਦੀ ਸੁਰ ਉਸਨੂੰ ਸਹਿਜੇ ਸਹਿਜੇ ਫੈਂਟਸੀ ਦੀਆਂ ਕਹਾਣੀਆਂ ਲਿਖਣ ਵੱਲ ਲੈ ਗਈ ਹੈ। ਇਸ ਟੈਕਨੀਕ ਅਨੁਸਾਰ ਕਹਾਣੀ ਨੂੰ ਪ੍ਰਤੀਕਮਈ ਜਾਂ ਰੂਪਕ-ਰਚਨਾ ਵਾਂਗ ਪੇਸ਼ ਕੀਤਾ ਜਾਂਦਾ ਹੈ ਤੇ ਪ੍ਰਤੱਖ ਹੈ ਕਿ ਇਸ ਤਰ੍ਹਾਂ ਨਾਲ ਯਥਾਰਥ ਦਾ ਇਕ ਪੱਖ ਹੀ ਉਘਾੜਿਆ ਜਾ ਸਕਦਾ ਹੈ। ਪਰ ਇਹ ਇਸ ਰੂਪ ਦੀ ਸੀਮਾ ਹੈ, ਮੈਂ ਇਸਦੀ ਇਸ ਪੱਖ ਤੋਂ ਆਲੋਚਨਾ ਨਹੀਂ ਕਰਨੀ ਚਾਹਾਂਗਾ। ਪਰ ਜਦ ਉਹ ਇਸ ਵਿਧੀ ਵਿਚ ਉਡਾਊ ਹੋ ਜਾਂਦਾ ਹੈ ਤਾਂ ਸਭ ਨਿੱਕਾ ਮੋਟਾ ਇਸ ਖਰਾਸ ਵਿਚ ਦਲਣ ਲਗਦਾ ਹੈ ਤਾਂ ਉਹ ਹਾਸੋਹੀਣਾ ਲਗਦਾ ਹੈ। ਬਹੁਤਾ ਛਪਣ ਦੀ ਲਲ੍ਹਕ ਤੋਂ ਬਿਨਾਂ ਇਸ ਦਾ ਇਕ ਹੋਰ ਵੀ ਕਾਰਣ ਹੈ। ਸਾਹਿਤ ਸਿਰਜਣਾ ਅਕਸਰ ਇਕ ਤਿਲਕਵੀਂ ਮਾਨਸਿਕ ਪ੍ਰਕਿਰਿਆ ਹੋ ਜਾਂਦੀ ਹੈ ਜਿਸ ਵਿਚ ਲੇਖਕ ਕਈ ਵਾਰੀ ਸਵੈ-ਭੁਲੇਖੇ ਤੇ ਸਵੈ-ਭ੍ਰਿਸ਼ਟਤਾ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤਿਲਕਵੇਂ ਪਥ 'ਤੇ ਇਕ ਵਾਰ ਪੈਰ ਰਖੇ ਗਏ ਤਾਂ ਉਹ ਅਗੇ ਹੀ ਅੱਗੇ ਤਿਲਕਦਾ ਜਾਂਦਾ ਹੈ। ਕੁਝ ਏਹੀ ਸਥਿਤੀ ਵਿਰਦੀ ਦੀ ਹੈ। ਕੋਈ ਰਚਨਾ ਭਾਵੇਂ ਕਿਸੇ ਵੀ ਵੇਗ ਵਿਚ ਲਿਖੀ ਜਾਵੇ, ਉਸਦਾ ਇਕ ਅੰਤਰੀਵ ਸੰਜਮ ਹੁੰਦਾ ਹੈ ਤੇ ਏਹੀ ਸੰਜਮ ਇਸ ਰਚਨਾ ਦੇ ਆਕਾਰ ਅਤੇ ਇਸਦੀ ਸ਼ਕਤੀ ਨੂੰ ਨਿਯੰਤਰਣ ਵਿਚ ਰਖਦਾ ਹੈ। ਵਿਰਦੀ ਤੋਂ ਬਿਨਾਂ ਸੁਖਬੀਰ ਵੀ ਇਸ ਸਵੈ-ਭੁਲੇਖੇ ਤੇ ਸਵੈ-ਭ੍ਰਿਸ਼ਟਤਾ ਦਾ ਸ਼ਿਕਾਰ ਹੈ।

ਨੂੰ ਆਪ ਕਰਨੀ ਪੈਂਦੀ ਹੈ। ਦੁਨੀਆ ਦਾ ਪ੍ਰਾਚੀਨ ਸਾਹਿਤ ਸਾਨੂੰ ਦੱਸਦਾ ਹੈ ਕਿ ਸਾਹਿਤ ਦਾ ਇਹ ਆਦਮੀ ਰਾਜਾ ਸੀ। ਸਾਡੇ ਸਾਰੇ ਸੰਸਕ੍ਰਿਤ ਸਾਹਿਤ ਦਾ ਨਾਇਕ ਜਾਂ ਪ੍ਰਮੁਖ ਵਿਅਕਤੀ ਰਾਜਾ ਹੀ ਹੈ, ਚਾਹੇ ਉਹ ਨਾਇਕ ਦੇ ਰੂਪ ਵਿਚ ਹੋਵੇ ਜਾਂ ਖਲਨਾਇਕ ਦੇ ਰੂਪ ਵਿਚ। ਇਸ ਸਾਹਿਤ ਦੇ ਬਾਕੀ ਪਾਤਰ ਰਾਜੇ ਨਾਲ ਹੀ ਕਿਸੇ ਨਾ ਕਿਸੇ ਰੂਪ ਵਿਚ ਸੰਬੰਧਿਤ ਹਨ ਅਤੇ ਰਾਜੇ ਦੇ ਲਈ ਹੀ ਹਨ, ਚਾਹੇ ਉਹ ਰਾਣੀ ਹੋਵੇ, ਪ੍ਰੇਮਿਕਾ ਹੋਵੇ, ਯੁਵਰਾਜ ਹੋਵੇ, ਮੰਤਰੀ ਹੋਵੇ, ਸੈਨਾਪਤੀ ਹੋਵੇ ਜਾਂ ਕੋਈ ਪਰਜਾ ਦਾ ਪ੍ਰਤਿਨਿਧ ਹੋਵੇ। ਭਗਤੀ ਕਾਲ ਦੇ ਸਾਹਿਤ ਦਾ ਵੀ ਇਹ ਆਦਮੀ ਭਗਵਾਨ ਦੇ ਰੂਪ ਵਿਚ ਹੁੰਦਿਆਂ ਹੋਇਆਂ ਵੀ ਰਾਜਾ ਹੀ ਹੈ, ਚਾਹੇ ਉਹ ਕ੍ਰਿਸ਼ਨ ਹੋਵੇ ਜਾਂ ਰਾਮ ਹੋਵੇ। ਨਿਰਗੁਣ ਸਾਹਿਤ ਦੇ ਨਿਰਾਕਾਰ ਭਗਵਾਨ ਵਿਚ ਵੀ ਥੋੜੇ ਬਹੁਤ ਫਰਕ ਨਾਲ ਉਹੀ ਗੁਣ ਹਨ, ਜੋ ਰਾਜਿਆਂ ਦੇ ਹਨ। ਭੁਪਾਲ ਅਤੇ ਜਗਤ ਪਾਲਕ ਵਿਚ ਕੀ ਅੰਤਰ ਹੈ ? ਭੂਪ ਜਾਂ ਭੁਪੇਸ਼ ਅਤੇ ਜਗਦੀਸ਼ ਵਿਚ ਕੀ ਅੰਤਰ ਹੈ ? ਪ੍ਰਾਚੀਨ ਕਾਲ ਦੇ ਕਵੀਆਂ ਜਾਂ ਨਾਟਕਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਰਾਜੇ ਨੂੰ ਹੀ ਕਿਉਂ ਪ੍ਰਮੁਖਤਾ ਦਿੱਤੀ ? ਕੀ ਇਸ ਦਾ ਕਾਰਣ ਕੇਵਲ ਏਹੀ ਸੀ ਕਿ ਉਹਨਾਂ ਰਚਨਕਾਰਾਂ ਵਿਚੋਂ ਬਹੁਤੇ ਰਾਜ ਆਸਰੇ ਉਤੇ ਸਨ ? ਮੇਰਾ ਖਿਆਲ ਹੈ ਕਿ ਨਹੀਂ। ਇਸ ਦਾ ਕਾਰਣ ਕੇਵਲ ਏਹੀ ਨਹੀਂ ਸੀ। ਇਸ ਦਾ ਪ੍ਰਮੁਖ ਕਾਰਣ ਇਹ ਸੀ ਕਿ ਉਹਨਾਂ ਰਚਨਕਾਰਾਂ ਨੂੰ ਏਨੀ ਸਮਝ ਜ਼ਰੂਰ ਸੀ ਕਿ ਉਸ ਜੁਗ ਦੇ ਸਮਾਜ ਦਾ ਪ੍ਰਮੁਖ ਵਿਅਕਤੀ ਰਾਜਾ ਹੀ ਸੀ। ਉਹੀ ਸਮਾਜ ਦਾ ਪ੍ਰਬੰਧਕ ਤੇ ਰਖਿਅਕ ਸੀ। ਸਮਾਜ ਵਿਚ ਉਸੇ ਦਾ ਸਤਿਕਾਰ ਸਭ ਤੋਂ ਵਧ ਸੀ। ਸਮਾਜ ਦੀ ਸੰਪਤੀ ਉਤੇ, ਉਤਪਾਦਨ ਦੇ ਪ੍ਰਮੁਖ ਸਾਧਨ ਧਰਤੀ ਉਤੇ ਉਸੇ ਦਾ ਅਧਿਕਾਰ ਸੀ, ਉਸੇ ਦੀ ਇੱਛਾ-ਅਕਾਂਖਿਆ ਉਤੇ ਚਲਣਾ ਸਮਾਜ ਲਈ ਆਵੱਸ਼ਕ ਸੀ। ਭਗਤੀ ਕਾਲ ਵਿਚ ਇਹ ਰਾਜਾ ਪਰਾਇਆ ਅਥਵਾ ਮੁਸਲਮਾਨ ਸੀ। ਉਹ ਸੰਤ ਕਵੀਆਂ ਦੇ ਸਤਿਕਾਰ ਦਾ ਪਾਤਰ ਨਹੀਂ ਸੀ ਹੋ ਸਕਦਾ। ਇਸ ਲਈ ਉਹਨਾਂ ਨੇ ਆਪਣੀ ਸਾਰੀ ਪ੍ਰਤਿਭਾ ਰਾਜਾ ਰਾਮ ਅਤੇ ਕ੍ਰਿਸ਼ਨ ਨੂੰ ਭਗਵਾਨ ਦੇ ਰੂਪ ਵਿਚ ਚਿਤਰਿਤ ਕਰਨ ਵਿਚ, ਹਿੰਦੂਆਂ ਲਈ ਪੂਜਯ ਬਣਾਉਣ ਵਿਚ ਖਰਚ ਕਰ ਦਿੱਤੀ। ਪਰ ਜੀਵਨ-ਕਦਰਾਂ ਦਾ ਉਹ ਕੀ ਕਰਦੇ ? ਰਾਜੇ ਨੂੰ ਭਗਵਾਨ ਬਣਾਉਣ ਦੇ ਬਾਵਜੂਦ ਉਹ ਸਾਮੰਤੀ ਕਦਰਾਂ ਨੂੰ ਪ੍ਰਤਿਸ਼ਠਿਤ ਕਰਨ ਲਈ ਬੇਬੱਸ ਸਨ। ਉਹਨਾਂ ਨੇ ਇਹੋ ਕੁਝ ਕੀਤਾ ਵੀ। ਇਸ ਦ੍ਰਿਸ਼ਟੀ ਨਾਲ ਮੁਸਲਮਾਨ ਹੁੰਦੇ ਹੋਏ ਵੀ ਜਾਇਸੀ ਜਾਂ ਕਬੀਰ ਕੋਈ ਅਪਵਾਦ ਨਹੀਂ ਹਨ। ਅੱਲਾ ਜਾਂ ਰਾਮ, ਕਰੀਮ ਜਾਂ ਕੇਸ਼ਵ, ਇਸ਼ਕ ਬਾਤਿਨੀ ਜਾਂ ਇਸ਼ਕ ਹਕੀਕੀ ਨਾਲ, ਭਲਾ ਜੀਵਨ ਕਦਰਾਂ ਉਤੇ ਕਿਹੜਾ ਵਿਆਪਕ ਅਸਰ ਪੈਂਦਾ ਹੈ।

ਆਧੁਨਿਕ ਜੁਗ ਵਿਚ ਇਹ ਰਾਜਾ ਸੱਤ ਸਮੁੰਦਰ ਪਾਰ ਚਲਿਆ ਗਿਆ। ਫਿਰ ਗੁਣ ਤੇ ਸੁਭਾਅ ਦੀ ਦ੍ਰਿਸ਼ਟੀ ਤੋਂ ਵੀ ਇਹ ਰਾਜਾ ਸਾਡੇ ਪ੍ਰਾਚੀਨ ਰਾਜਿਆਂ ਨਾਲੋਂ ਵੱਖਰਾ ਸੀ, ਇਸ ਉਤੇ ਸੰਸਦ ਦਾ ਅੰਕੁਸ਼ ਸੀ। ਇਸ ਜੁਗ ਵਿਚ ਵੀ ਸਾਡੇ ਜਿਨ੍ਹਾਂ ਕਵੀਆਂ ਨੇ ਵਿਟੋਰੀਆ ਜਾਂ ਜਾਰਜ ਪੰਜਮ ਜਾਂ ਪ੍ਰਿੰਸ ਆਫ ਵੇਲਜ਼ ਦੇ ਸੋਹਲੇ ਗਾਏ, ਨਿਸ਼ਚੈ ਹੀ ਉਹਨਾਂ ਨੇ ਆਪਣੀ ਪੁਰਾਣੀ ਪਰੰਪਰਾ ਨੂੰ ਹੀ ਨਿਭਾਇਆ, ਉਹਨਾਂ ਨੂੰ ਆਧੁਨਿਕ ਰਾਜ-ਵਿਵਸਥਾ ਦਾ ਕੋਈ ਗਿਆਨ ਨਹੀਂ ਸੀ। ਜਿਨ੍ਹਾਂ ਨੂੰ ਇਸ ਵਿਵਸਥਾ ਦੀ ਕੁਝ ਸਮਝ ਸੀ, ਉਹਨਾਂ ਨੇ ਵਿਅਕਤੀਗਤ ਸੁਤੰਤਰਤਾ ਦੀ ਵਰਤੋਂ ਕੀਤੀ। ਇਸੇ ਅੱਧ ਕੱਚੀ ਸਮਝ 'ਚੋਂ ਛਾਇਆਵਾਦ ਦਾ ਜਨਮ ਹੋਇਆ। ਪਰ ਜਿਨ੍ਹਾਂ ਨੂੰ ਪੂਰੀ ਸਮਝ ਸੀ, ਉਹਨਾਂ ਨੇ ਜੀਵਨ ਦੀ ਵਾਸਤਵਿਕ ਭਾਸ਼ਾ ਅਥਵਾ ਗਦ ਦਾ ਵਿਕਾਸ ਕੀਤਾ। ਏਥੇ ਅਸੀਂ ਸਪਸ਼ਟ ਰੂਪ ਵਿਚ ਵੇਖਦੇ ਹਾਂ ਕਿ ਜਿਥੇ ਛਾਇਆਵਾਦੀ ਕਵੀ ਦਾ ਪ੍ਰਮੁਖ ਵਿਅਕਤੀ

ਅਜਿਹੀ ਹਾਲਤ ਵਿਚ ਰਚਨਾ ਆਪਣਾ ਪ੍ਰਭਾਵ ਤੇ ਆਪਣੀ ਸ਼ਕਤੀ ਖੋ ਬੈਠਦੀ ਹੈ। ਜੇ ਵਿਰਦੀ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ **ਪਾਵਰ-ਹਾਊਸ**, ਤੇ **ਨੁੱਕਰ ਵਾਲੀ ਗਲੀ** ਦਾ ਟਾਕਰਾ ਕਰੀਏ ਤਾਂ ਉਸਦੀ ਗਿਰਾਵਟ ਦਾ ਕਾਰਣ ਵੀ ਏਹੀ ਨਜ਼ਰ ਆਉਂਦਾ ਹੈ।

ਫੈਂਟਸੀ ਉਸਦੀਆਂ ਕਹਾਣੀਆਂ ਵਿਚ ਇਕਾਗਰੀ ਜੁਗਤ ਹੈ ਤੇ ਇਹ ਜੁਗਤ ਉਸਦੀ ਕਲ ਨਾ ਨੂੰ ਦੁਰਗਮ ਮੰਡਲਾਂ ਵਿਚ ਫੈਲਣ ਦੇਂਦੀ ਹੈ। ਦਫ਼ਤਰੀ ਜ਼ਿੰਦਗੀ ਦਾ ਗਹਿਰਾ ਤਜਰਬਾ ਹੋਣ ਕਾਰਣ ਵਿਰਦੀ ਨੇ ਇਹ ਅਹਿਸਾਸ ਕਰ ਲਿਆ ਹੈ ਕਿ ਅਜਿਹੀ ਮਸ਼ੀਨੀ ਜ਼ਿੰਦਗੀ ਵਿਚ ਮਨੁੱਖ ਦੇ ਵਿਅਕਤਿਤਿਵ ਦਾ ਕੋਈ ਰੋਲ ਨਹੀਂ, ਕੋਈ ਪੁਛ ਨਹੀਂ, ਸਭ ਕੁਝ 'ਉਪਰੋਂ' ਹੀ ਹੋ ਰਿਹਾ ਜਾਂ ਮਨੁਖ ਦੇ ਬੋਦੇ ਸੰਸਕਾਰਾਂ ਕਾਰਨ ਜਿਸ ਕਰਕੇ ਮਨੁਖ ਇਕ ਮਸ਼ੀਨ ਦਾ ਪੁਰਜ਼ਾ ਹੀ ਬਣ ਕੇ ਰਹਿ ਗਿਆ ਹੈ। ਇਸ ਦਫ਼ਤਰੀ ਪਾਤਰ ਦੀ ਹੈਂਗਓਵਰ ਉਸਦੀਆਂ ਸਾਰੀਆਂ ਕਹਾਣੀਆਂ ਦੇ ਸਾਰੇ ਕਿੱਤਿਆਂ ਦੇ ਪਾਤਰਾਂ 'ਚੋਂ ਝਲਕਦੀ ਹੈ। ਵਿਰਦੀ ਦੀ ਕਲਪਨਾ ਮਚਲ ਜਾਂਦੀ ਹੈ, ਉਹ ਆਪਣੇ ਪਾਤਰਾਂ ਨੂੰ ਅਜਿਹੀਆਂ ਸਥਿਤੀਆਂ ਵਿਚੋਂ ਗੁਜ਼ਰਦਾ ਚਿਤਵ ਲੈਂਦਾ ਜਿਹੜੀਆਂ ਸੰਭਾਵਿਤ ਹਨ। ਅਜਿਹੇ ਵਡਦਰਸ਼ੀ ਨਜ਼ਰੀਏ ਤੋਂ ਵੇਖਣ ਨਾਲ ਸਮਾਜਕ ਤੇ ਪ੍ਰਕ੍ਰਿਤਕ ਨਿਯਮ ਬਹੁਤ ਢਿਲੇ ਹੋ ਜਾਂਦੇ ਹਨ, ਤੇ ਯਥਾਰਥ ਦੇ ਵਿਰਾਟ ਰੂਪ ਵਿਚ ਦਰਸ਼ਨ ਹੋ ਜਾਂਦੇ ਹਨ। ਲਘੂ, ਦੀਰਘ ਤੇ ਦੀਰਘ, ਲਘੂ ਦਿਸਣ ਲਗ ਪੈਂਦਾ ਹੈ। ਸਮਾਜ ਵਿਚ ਫ਼ੈਲੇ ਭ੍ਰਿਸ਼ਟਾਚਾਰ ਵਿਕਰਿਤ ਕੀਮਤਾਂ ਨੂੰ ਉਨ੍ਹਾਂ ਦੇ ਮਨਹੂਸ ਰੂਪ ਵਿਚ ਵਿਖਾਕੇ ਉਸਦੇ ਕਾਰਨਾਂ ਵਲ ਇਸ਼ਾਰਾ ਕੀਤਾ ਜਾ ਸਕਦਾ ਹੈ। ਮੇਰੇ ਖ਼ਿਆਲ ਵਿਚ ਗੰਭੀਰਤਾ ਤੇ ਮਿਹਨਤ ਨਾਲ ਲਿਖੀਆਂ ਅਜਿਹੀਆਂ ਕਹਾਣੀਆਂ ਵਿਚ ਵਿਰਦੀ ਚੋਖਾ ਸਫਲ ਹੈ ਖ਼ਾਸ ਤੌਰ ਤੇ ਪਾਵਰ ਹਾਊਸ ਦੀਆਂ ਬਲੈਕ ਗੋਲਡ, ਅਣਪਛਾਤਾ ਬੁੱਤ, ਪੁਲ ਹਾਲੇ ਪੂਰਾ ਨਹੀਂ ਹੋਇਆ, ਪਾਵਰ ਹਾਊਸ ਆਦਿ। ਇਹ ਵਿਰਦੀ ਦੀ ਅਜਿਹੀ ਕਲਾ ਦਾ ਹੀ ਕਮਾਲ ਹੈ ਕਿ ਉਹ ਸਮਾਜ ਦੇ ਜਕੜਵੇਂ ਨਿਯਮਾਂ ਨੂੰ ਮਨੁਖੀ ਹਿੰਮਤ ਨਾਲ ਟੁੱਟਦਿਆਂ ਵਿਖਾ ਸਕਦਾ ਹੈ ਤੇ ਮਨੁਖ ਵਿਚ ਆਸ਼ਾ ਦੇ ਪੁਲ ਬੰਨ੍ਹ ਸਕਦਾ ਹੈ।

ਨੁੱਕਰ ਵਾਲੀ ਗਲੀ ਵਿਚ ਵਿਰਦੀ ਦੀ ਤਕਨੀਕ ਏਨੀ ਕਾਰਗਰ ਨਹੀਂ ਰਹੀ ਕਿਉਂਕਿ ਉਸਦੇ ਵਿਅੰਗ ਪਿਛੇ ਪ੍ਰਥਮ ਭਾਂਤੀ ਦਰਦ ਨਹੀਂ ਰਿਹਾ। ਅਰਥਾਤ ਵਿਅੰਗ ਕੁਝ ਕੁਝ ਨਿਹਕੇਵਲ ਰੂਪ ਵਿਚ ਵਿਚਰ ਰਿਹਾ ਹੈ, ਪਰਿਹਾਸ ਤੇ ਦਰਦ ਦਾ ਦਵੰਦਵਾਦੀ ਰਿਸ਼ਤਾ ਨਹੀਂ ਰਹਿੰਦਾ-ਪਰਿਹਾਸ ਅਲੱਗ ਤੇ ਦਰਦ ਅਲੱਗ ਰਹਿਣ ਲਗ ਪੈਂਦੇ ਹਨ ਤੇ ਕਹਾਣੀ ਕੋਈ ਗੰਭੀਰ ਪ੍ਰਭਾਵ ਨਹੀਂ ਛਡਦੀ, ਖ਼ਾਸ ਤੌਰ ਤੇ ਸ਼ਬਦਾਂ ਦੀ ਖੇਡ, ਔੜ, ਨਦੀ ਆਦਿ ਵਿਚ।

ਵਿਰਦੀ ਸਹੀ ਅਰਥਾਂ ਵਿਚ ਸਾਡਾ ਆਧੁਨਿਕ ਕਹਾਣੀਕਾਰ ਹੈ ਤੇ ਉਸਦੀ ਸ਼ਬਦਾਵਲੀ, ਪ੍ਰਤੀਕ, ਅਲੰਕਾਰ ਆਦਿ ਸਹੀ ਰੂਪ ਵਿਚ ਆਧੁਨਿਕ ਬੋਧ ਦੇ ਧਾਰਨੀ ਹਨ, ਉਨ੍ਹਾਂ ਵਿਚ ਕੋਈ ਸੰਕੋਚ ਨਹੀਂ ਤੇ ਉਹ ਬਹੁਤ ਸੁਝਾਊ ਤੇ ਸੰਘਣੇ ਹਨ। 'ਦਫ਼ਤਰੀ ਬਾਬੂਆਂ ਦੀ ਮਹਿਬੂਬਾ ਚਾਹ ਹੀ ਤਾਂ ਹੈ, ਜੇਕਰ ਬੀਵੀ ਇਸ ਨੂੰ ਵੀ ਸੌਂਕਣ ਨਾ ਸਮਝੇ', ਇੰਜ ਲਗਦਾ ਹੈ ਕਿ ਅਜਿਹੇ ਛੋਟੇ ਛੋਟੇ ਸੁਝਾਊ ਤੇ ਵਿਅੰਗਮਈ ਵਾਕ ਵੀ ਆਪਣੇ ਆਪ ਵਿਚ ਸੁਤੰਤਰ ਕਹਾਣੀਆਂ ਹਨ, ਵਾਮਨ ਕਹਾਣੀਆਂ !□

[ਪਿੰਡ ਤੇ ਡਾਕਘਰ ਬੰਡਾਲਾ, ਜ਼ਿਲਾ ਜਲੰਧਰ]

ਦੁੱਖ ਦਰਿਆਉਂ ਪਾਰ ਦੇ [ਸੰ: ਡਾਕਟਰ ਅਤਰ ਸਿੰਘ, ਜਗਤਾਰ]

ਕਿਸੇ ਭਾਸ਼ਾ ਵਿਚ ਕਦੇ ਕਦੇ ਕੋਈ ਅਜਿਹੀ ਰਚਨਾ ਛਪਦੀ ਹੈ ਜੋ ਇਤਿਹਾਸਕ ਮਹੱਤਵ ਰੱਖਦੀ ਹੈ। ਉਂਜ ਉਹ ਇਤਿਹਾਸਕ ਪ੍ਰਾਪਤੀ ਵੀ ਹੋ ਸਕਦੀ ਹੈ ਅਤੇ ਇਤਿਹਾਸਕ ਉਕਾਈ ਵੀ। ਇਹ ਬਿਲਕੁਲ ਉਵੇਂ ਹੁੰਦਾ ਹੈ ਜਿਵੇਂ ਕਿਸੇ ਦੀ ਦੂਰ ਦੀ ਨਜ਼ਰ ਠੀਕ ਹੋਵੇ ਤੇ ਲੋਕ ਉਹਨੂੰ ਦੂਰ-ਦ੍ਰਿਸ਼ਟੀ ਮੰਨ ਬਹਿਣ (ਦਰਅਸਲ ਦੂਰ ਦ੍ਰਿਸ਼ਟੀ ਦਾ ਸੰਬੰਧ ਨੇੜੇ ਦੀ ਨਜ਼ਰ ਨਾਲ ਹੈ)। ਸਾਡੀ ਬਦ ਕਿਸਮਤੀ ਰਹੀ ਹੈ ਕਿ ਅਪਣੇ ਦੇਸ਼ ਵਿਚ ਵਗਦੇ ਦਰਿਆਵਾਂ ਦੇ ਆਰ-ਪਾਰ ਦੇ ਦੁੱਖ ਸਾਡੇ ਲਈ ਅਜਨਬੀ ਹਨ। ਨੈਸ਼ਨਲ ਬੁੱਕ ਟ੍ਰੱਸਟ ਨੇ ਏਸ 'ਦੁੱਖ' ਨੂੰ 'ਦਰਦ' ਬਣਾਉਣ ਦੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਯੂਨੀਵਰਸਿਟੀਆਂ ਤੇ ਗ੍ਰੰਥ ਅਕਾਦਮੀਆਂ ਵੀ ਖੋਜ ਤੇ ਮੁੜ-ਖੋਜ ਦੇ ਸਿਰ ਤੇ ਆਪਣੇ ਵਜੂਦ ਕਾਇਮ ਰੱਖ ਰਹੀਆਂ ਹਨ ਪਰ ਕਈ ਵਾਰ ਕੋਈ ਕੋਈ ਵਿਅਕਤੀਗਤ ਪ੍ਰਯਤਨ ਵੀ ਸੰਸਥਾਈ ਉੱਦਮ ਨਾਲ ਬਰ ਮੇਚਦਾ ਲੱਗਦਾ ਹੈ। 'ਦੁਖ ਦਰਿਆਉਂ ਪਾਰ ਦੇ' ਇਸੇ ਕੋਟੀ ਦੀ ਸੰਪਾਦਿਤ ਪੁਸਤਕ ਹੈ, ਜਿਸ ਵਿਚ ਹੁਨਰ ਦੀ ਲਾਲੀ ਨਾਲੋਂ ਮਿਹਨਤ ਦਾ ਪਸੀਨਾ ਵਧੇਰੇ ਨਜ਼ਰ ਆਉਂਦਾ ਹੈ। [ਉਂਜ ਇਸੇ ਨਾਂ ਦੀ ਇਕ ਜ਼ਫ਼ਰ ਇਕਬਾਲ ਕ੍ਰਿਤ ਪੁਸਤਕ ਕੋਈ ਡੇਢ ਦਹਾਕਾ ਪਹਿਲਾਂ ਉਸ ਪਾਰ ਛਪ ਚੁਕੀ ਹੈ।]

ਸਮੁੱਚੇ ਪੰਜਾਬੀ ਕਾਵਿ ਸਾਹਿਤ ਦੇ ਪ੍ਰਸੰਗ ਵਿਚ ਜਦੋਂ ਅਸੀਂ ਇਸ ਸੰਗ੍ਰਿਹ ਵਿਚ ਸੰਕਲਿਤ ਕੁੱਲ ਇਕਾਹਠ ਸ਼ਾਇਰਾਂ ਦੀਆਂ ਨਜ਼ਮਾਂ ਨੂੰ ਰੱਖਕੇ ਵੇਖਦੇ ਹਾਂ ਤਾਂ ਇਨ੍ਹਾਂ ਦਾ ਵੱਖਰਾ ਵਜੂਦ ਮੰਨਣੋਂ ਇਨਕਾਰੀ ਨਹੀਂ ਹੋ ਸਕਦੇ। ਸੰਪਾਦਕਾਂ ਦੇ ਕਹਿਣ ਮੁਤਾਬਕ ਅਜੇ ਅਨੇਕ ਉੱਚ ਕੋਟੀ ਦੇ ਪੰਜਾਬੀ ਵਿਚ ਲਿਖਣ ਵਾਲੇ ਉਰਦੂ ਸ਼ਾਇਰ ਇਸ ਪੁਸਤਕ ਵਿਚ ਛਪਣੋਂ ਰਹਿ ਗਏ ਹਨ, ਫਿਰ ਵੀ ਮੇਰਾ ਖ਼ਿਆਲ ਹੈ ਕਿ ਪੰਜ ਦਰਜਨ ਤੋਂ ਵੱਧ ਲੇਖਕਾਂ ਦੀਆਂ ਪ੍ਰਤਿਨਿਧ ਰਚਨਾਵਾਂ ਨੂੰ ਘੋਖ ਕੇ ਅਸੀਂ ਕੋਈ ਲੱਗਭੱਗ ਸਹੀ ਧਾਰਣਾ ਤਾਂ ਬਣਾ ਹੀ ਸਕਦੇ ਹਾਂ।

ਨਜ਼ਮਾਂ ਦੀ ਬਣਤਰ-ਬੁਣਤਰ ਅਤੇ ਲੱਫ਼ਾਜ਼ੀ ਵਿਚ ਏਕਤਾ ਅਤੇ ਇਕਸੁਰਤਾ ਕਿਸੇ ਅਜੂਬੇ ਤੋਂ ਘੱਟ ਨਹੀਂ। ਹਾਲਾਤ ਬਾਰੇ ਇੱਕੋ ਜਿਹੀ ਚੇਤਸੀ ਉਨ੍ਹਾਂ ਸ਼ਾਇਰਾਂ ਦੀ ਖ਼ੂਬੀ ਹੈ, ਅਤੇ ਦੂਜੀ ਵੱਡੀ ਵਿਸ਼ੇਸ਼ਤਾ ਇਹ ਕਿ ਅਸੀਂ ਲੋਕ ਜਿਹੜੀ ਸ਼ਬਦਾਵਲੀ ਨੂੰ ਗੱਲ ਬਾਤ ਵਿੱਚ ਵਰਤਣੋਂ ਵੀ ਸੰਕੋਚਦੇ ਹਾਂ, ਉਹ ਉਸ ਸ਼ਬਦਾਵਲੀ ਵਿਚ ਰਚਨਾ ਕਰਦੇ ਹਨ। ਕਵਿਤਾਵਾਂ ਪੜ੍ਹਦਿਆਂ ਇੱਕ ਭਿਆਨਕਤਾ, ਡਰ, ਸਹਿਮ ਅਤੇ ਗੰਵਾਰੂਪਨ ਦਾ ਮਾਨਵੀਕਰਣ ਹੋ ਰਿਹਾ ਹੁੰਦਾ ਹੈ। ਨੀਂਦ ਗੁਆਚ ਜਾਂਦੀ ਹੈ, ਚੈਨ ਉਡ ਜਾਂਦਾ ਹੈ ਅਤੇ ਜੀਅ ਕਰਦਾ ਹੈ ਕਿ ਅਜਿਹੇ ਗਲ-ਘੋਟੂ ਮਾਹੌਲ ਤੋਂ ਅੱਲਾ ਬਚਾਈ ਰੱਖੇ। ਪਾਠਕਾਂ ਦੀ ਸਹੂਲਤ ਲਈ ਸੰਗ੍ਰਿਹ ਦੀਆਂ ਸਾਰੀਆਂ ਕਵਿਤਾਵਾਂ 'ਚੋਂ ਇੱਕ ਇੱਕ ਅੱਧੀ ਅੱਧੀ ਸਤਰ ਲੈ ਕੇ ਹੇਠਲੇ ਪੈਰੇ ਦੁਆਰਾ 'ਵੀਭਤਸ ਭਿਆਨਕ ਰਸ' ਦਾ ਉਤਮ ਨਮੂਨਾ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ (ਉੱਮੀਦ ਹੈ ਸਾਡੇ ਇਸ ਨਿਮਾਣੇ ਜਹੇ ਯਤਨ ਨੂੰ ਪਾਠਕ ਭਰਪੂਰ ਜੀ ਆਇਆਂ ਕਹਿਣਗੇ !) :—

"ਗਿੱਧਾ ਪੌਂਦੀ ਮੌਤ/ਸਿੰਮ ਸਿੰਮ ਪੈਂਦੀ ਰੱਤ/ਇਕ ਅਫ਼ਾਤ/ਇਕ ਚੁੜੇਲ/ਪੁੱਠਿਆਂ ਪੈਰਾਂ ਵਾਲੀ/ਇੱਲਾਂ ਤੇ ਜਿੰਨਾਂ ਦੀ ਬਸਤੀ/ਸ਼ਮਸ਼ਾਨਾਂ/ਦੁੱਖਾਂ ਦੇ ਕੀੜੇ/ਸੜਦੀਆਂ ਹੱਡੀਆਂ/

ਤਾਏ ਭੱਠ ਚੁੜੇਲਾਂ/ਚੁਫੇਰੇ ਅਲਫ਼ ਨੰਗੀਆਂ ਮਿੱਟੀ ਦੀਆਂ ਮੂਰਤਾਂ/ਵਿੱਚੇ ਮੱਝੀ ਗਾਈਂ ਹੱਗਦੀਆਂ ਮੂਤਰਦੀਆਂ/ਚਾਰ ਮਕਾਨ ਤੇ ਚੌਦਾਂ ਕਬਰਾਂ/ਨੰਗੇ ਭੈਣ ਭਰਾ ਮਾਂ ਪੁੱਤਰ ਇਕ ਮੰਜੀ ਤੇ/ਜਿਹੜੀਆਂ ਸੁੱਤੀਆਂ ਸਾਡੀ ਮੰਜੀ ਹਰੀਆਂ ਥੀਆਂ ਪਹਿਲੀ ਵਾਰ/ਉੱਚੀ ਉੱਚੀ ਚੀਕਾਂ ਮਾਰਨ ਡੈਣਾਂ/ਵੱਸਦੇ ਪਿੰਡ ਵਿਚ ਬੁੱਢੀਆਂ ਕਬਰਾਂ/ਰੰਗ ਬਿਰੰਗੇ ਸੱਪ ਸ਼ੂਕਾਂ ਮਾਰਦੇ ਠੂਏਂ/ਕਬਰਾਂ ਵੱਲੇ ਜਾਂਦੀ ਪਗਡੰਡੀ/ਲੰਮੇ ਵਾਲਾਂ ਵਾਲੀ ਡਾਇਣ/ਇਕ ਇਕ ਤੀਲਾ ਸੱਪਾਂ ਦੀਆਂ ਜੀਭਾਂ ਬਣ ਬਣ ਆਵੇ/ਲੂ ਨਾਲ ਅੰਨ੍ਹੀਆਂ ਹੋਵਣ ਇੱਲਾਂ/ਨੇਰ੍ਹ ਦਾ ਲੁੱਚਪੁਣਾ/ਲੰਮੇ ਲੰਮੇਂ ਵਾਲਾਂ ਵਾਲਾ ਇਕ ਪਰਛਾਵਾਂ/ਰਾਤੀਂ ਰੌਲਾ ਸੌਣ ਨਾ ਦੇਵੇ ਖ਼ਾਬਾਂ ਦੀਆਂ ਬਲਾਵਾਂ ਦਾ/ਲਹੂ'ਚ ਨ੍ਹਾਤੇ ਅੰਗ/ਛਵ੍ਹੀਆਂ ਵਰਗੇ ਦੰਦ ਸੀ ਉਹਦੇ ਕਾਲ ਕਲੂਟਾ ਰੰਗ/ਧੁੱਪ ਦੀਆਂ ਛਵ੍ਹੀਆਂ ਤੇ ਨੱਚਦੀ ਮਾਈ ਭੂਰੀ/ਅੱਧੀ ਰਾਤੀਂ ਬੂਹੇ ਖੜਕਣ ਡੈਣਾਂ ਚੀਕਾਂ ਮਾਰਦੀਆਂ/ਕਬਰਸਤਾਨ ਦੇ ਰਸਤੇ ਦੱਸਣ ਕੂਕਾਂ ਪਹਿਰੇਦਾਰ ਦੀਆਂ/ਪੈਰ ਪੈਰ ਤੇ ਰਾਹਵਾਂ ਡੰਗਣ/ਕੋਹ ਕੋਹ ਉੱਤੇ ਕਾਲੇ ਖੰਡਰ/ਮੇਰੇ ਆਸੇ ਪਾਸੇ ਪਹਿਰਾ ਦੇਂਦੀਆਂ ਰਹਿਣ ਬਲਾਵਾਂ/ਕਾਲੀ ਧਰਤੀ ਸੱਤ ਸਮੁੰਦਰ ਚੱਟ ਜਾਵੇਗੀ"।

ਵਜ਼ਨ ਬਹਿਰ ਦੇ ਪੱਖੋਂ ਵੀ ਉਸ ਪਾਰ ਦੇ ਸ਼ਾਇਰ ਇਸ ਪਾਰ ਦੇ ਕਵੀਆਂ ਨਾਲੋਂ ਕਰੋੜਾਂ ਕੋਹ ਅੱਗੇ ਹਨ।ਸੌ ਸਵਾ ਸੌ ਵਰ੍ਹੇ ਪਹਿਲਾਂ ਜਿੱਥੋਂ ਉਨ੍ਹਾਂ ਨੇ ਕਿੱਸਾਕਾਰੀ ਛੱਡੀ ਸੀ, ਓਸੇ ਸਿਖ਼ਰ ਤੋਂ ਮੁੜ ਚੜ੍ਹਾਈ ਸ਼ੁਰੂ ਕਰ ਦਿੱਤੀ ਹੈ। ਵੰਨਗੀ ਮਾਤਰ ਦੋ ਸ਼ੇਅਰ ਹਾਜ਼ਰ ਹਨ :

"ਫੇਰ ਜੋ ਲੋਕੀ ਧਿਗਾਣੇ ਕੱਚਿਆਂ ਪਏ ਕਰਨਗੇ
ਡਰਦਾ ਮਾਰਾ ਕਰਦਾ ਨਈਂ ਮੈਂ ਗੱਲ ਉਸ ਬਕਰੌੜ ਦੀ।" ਅਤੇ
"ਬਹੁਤ ਅਵਾਰਾ ਹੋ ਗਿਆ, ਚੋਰੀ ਯਾਰੀ ਵਿੱਚ ਵੀ
ਬੰਨ੍ਹੋ ਮੁਸ਼ਕਾਂ ਮੇਰੀਆਂ, ਤੋੜੋ ਮੇਰੀ ਟੰਗ।"

ਏਥੇ ਇਹ ਸੱਚਾਈ ਭੀ ਅੱਖੋਂ ਪਰੋਖੇ ਕਰਨੀ ਇਕ ਇਤਿਹਾਸਕ ਉਕਾਈ ਹੋਵੇਗੀ ਕਿ ਇਸ ਤੇ ਉਸ ਪਾਰ ਦੇ ਦੁੱਖਾਂ ਦੇ ਨਾਲ 'ਦੋਖ਼ੀਆਂ' ਦੀ ਵੀ ਸਮਾਨਤਾ ਹੈ। ਓਧਰ ਗੁਰੂਦਵਾਰਿਆਂ ਦੀ ਯਾਤਰਾ ਤੇ ਗਏ ਸ਼ਰਧਾਲੂ ਸਾਹਿਤਕਾਰਾਂ ਦੀ ਓਧਰ ਦੇ ਅਮੀਰ ਮੀਜ਼ਬਾਨ ਚੁਣ ਚੁਣ ਕੇ ਸੇਵਾ ਕਰਦੇ ਹਨ— ਹੇਜ ਪ੍ਰਗਟਾਉਂਦੇ ਹਨ—ਮੁੜ ਇੱਕਠੇ ਹੋਣ ਦੇ ਸੁਪਨੇ ਤੇ ਖ਼ਾਬ ਬੁਣਦੇ ਹਨ। ਉਹ ਲੋਕ ਤਾਂ ਸਾਡੇ ਰਘਬੀਰ ਸਿੰਘ ਭਰਤ ਅਤੇ ਜਸਵੰਤ ਖ਼ੁਮਾਰ ਨੂੰ ਵੀ ਇਧਰ ਦੇ ਪ੍ਰਤਿਨਿਧ ਲੇਖਕ ਮੰਨ ਕੇ ਸਤਿਕਾਰਦੇ ਹਨ ਤੇ ਬਦਲੇ ਵਿਚ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਇਸ ਪਾਰ ਵੀ ਪ੍ਰਤਿਨੀਧਤਾ ਦਿੱਤੀ ਜਾਏ। (ਪਿਛਲੀ ਐਫ਼ਰੋ-ਏਸ਼ੀਅਨ ਰਾਈਟਰਜ਼ ਕਾਨਫ਼ਰੰਸ ਵਿਚ ਅਜਿਹਾ ਕੋਈ ਮਤਾ ਵੀ ਪਾਸ ਹੋਇਆ ਲੱਗਦਾ ਹੈ।)

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਇਕਾਹਠ ਕਵੀਆਂ ਵਿੱਚੋਂ ਬਹੁਤ ਸਾਰੇ ਦੋਸਤ ਹਸਰਤ, ਗੁਲਵੰਤ, ਅਜੀਤ ਸਿੰਘ ਚੰਦਨ, ਖ਼ੁਰਸ਼ੀਦ, ਤੇਲੂ ਰਾਮ ਕੁਹਾੜਾ, ਮਨਮੋਹਨ ਸਿੰਘ ਦਾਊਂ, ਰਣਧੀਰ ਘੇੜਾ, ਪ੍ਰੀਤਮ ਦਾਸ ਠਾਕਰ, ਕੇਸਰ ਸਿੰਘ ਗਿੱਢੀਆ ਅਤੇ ਦੇਵ ਥਰੀਕਿਆਂ ਵਾਲੇ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਪਿਛਲੇ ਵੀਹ ਪੰਝੀ ਸਾਲਾਂ ਵਿਚ ਹੀ ਤੁਿਨ੍ਹਾਂ ਨੇ ਏਡੀ ਵੱਡੀ ਤਾਦਾਦ ਵਿਚ ਸ਼ਾਇਰ ਪੈਦਾ ਕਰ ਲਏ ਹਨ ਤਾਂ ਸਾਨੂੰ ਉਸ ਪਾਰ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਬਹੁਤ ਆਸ਼ਾਵਾਦੀ ਰਹਿਣਾ ਚਾਹੀਦਾ ਹੈ। ਹੋ ਸਕਦਾ ਹੈ ਓਧਰ ਦੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਦਾ ਸਹੀ ਪ੍ਰਚਲਨ ਕਰਾਉਣ ਲਈ ਏਧਰੋਂ ਕੁਝ ਪ੍ਰੋਫ਼ੈਸਰ ਲੋਕ ਬੁਲਾ ਲਏ ਜਾਣ (ਜਿਵੇਂ ਹਰਿਸ਼ੰਕਰ

ਪਰਸਾਈ ਦੀ ਮਾਰਫ਼ਤ ਇੰਨਸਪੈਕਟਰ ਮਾਤਾ ਦੀਨ ਚੰਨ ਤੇ ਬੁਲਾਇਆ ਗਿਆ ਸੀ।)

ਇਹ ਪੁਸਤਕ ਪੜ੍ਹ ਕੇ ਸਾਡਾ ਉਥੋਂ ਦੀ ਵਾਰਤਕ, ਗਲਪ ਅਤੇ ਨਾਟਕੀਅਤਾ ਦੇ ਦਰਸ਼ਨਾਂ ਨੂੰ ਵੀ ਦਿਲ ਕਰਦਾ ਹੈ। ਉਮੀਦ ਹੈ ਇਹ ਦੋਵੇਂ ਸੰਪਾਦਕ ਆਪਣੀ ਵਿਦਵਤਾ ਅਤੇ ਪਹੁੰਚ ਦੇ ਬਲਬੁੱਤੇ 'ਤੇ ਸਾਰੀ ਉਮਰ ਏਸੇ ਪਾਸੇ ਲੱਗੇ ਰਹਿਣਗੇ ਅਤੇ ਇਸ ਮਹਾਨ ਕਾਰਜ ਨੂੰ ਅਧੂਰਾ ਛੱਡ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਮਹਾਨ ਵਿਰਸੇ ਤੋਂ ਵੰਚਿਤ ਨਹੀਂ ਕਰਨਗੇ।

ਇਹ ਪੁਸਤਕ ਜਲੰਧਰੋਂ ਦੀਪਕ ਪਬਲਿਸ਼ਰਜ਼ ਦਿਉਂ ਛਪੀ ਹੈ—ਸਧਾਰਣ ਐਡੀਸ਼ਨ ਦਾ ਮੁੱਲ ਬਾਰਾਂ ਅਤੇ ਡੀ-ਲਕਸ ਦਾ ਮੁੱਲ ਵੀਹ ਰੁਪਏ ਹੈ। ਪੰਜਾਬੀ ਦੇ ਸੰਪਾਦਿਤ ਕਾਵਿ-ਸੰਗ੍ਰਿਹਾਂ ਵਿੱਚ ਇਹ ਪੁਸਤਕ ਇਕ ਨੁਮਾਇਆਂ ਮੀਲ ਪੱਥਰ ਹੈ। ਮੈਂ ਇਸ ਨੂੰ ਬੱਚਿਆਂ ਤੋਂ ਬਚਾ ਕੇ ਪੜ੍ਹਨ ਦੀ ਸਿਫ਼ਾਰਿਸ਼ ਕਰਦਾ ਹਾਂ।

ਪਿੱਛੋਂ ਸੁੱਝੀ: (ਪੀ. ਐਸ.) ਉਪਰਲੇ ਰਿਵੀਊ ਤੋਂ ਇਹ ਧਾਰਣਾ ਬਣਾ ਲੈਣੀ ਕਤਈ ਗ਼ਲਤ ਹੋਵੇਗੀ ਕਿ ਪਾਕਸਤਾਨੀ ਪੰਜਾਬੀ ਸ਼ਾਇਰੀ ਵਿੱਚ ਕੁਝ ਵੀ ਮਿਆਰੀ ਨਹੀਂ। ਸਗੋਂ ਇਹ ਕਹਿਣਾ ਵਧੇਰੇ ਸਹੀ ਹੋਵੇਗਾ ਕਿ ਕਿਤੇ ਕਿਤੇ ਉਹ ਲੋਕ ਸਾਨੂੰ ਝੰਜੋੜ ਕੇ ਰੱਖ ਦਿੰਦੇ ਹਨ। ਇਸ ਕਿਤਾਬ ਤੋਂ ਬਾਹਰਲੇ ਕਈ ਸ਼ੇਅਰ ਮੈਨੂੰ ਯਾਦ ਹਨ ਜਿੰਨ੍ਹਾਂ ਦਾ ਸਾਡੇ ਕੋਲ ਕੋਈ ਬਦਲ ਨਹੀਂ। ਅਤੇ ਜੇਕਰ ਇਸ ਸੰਗ੍ਰਿਹ ਨੂੰ ਵੀ ਬਾਕੀ ਸਾਰੇ ਸੰਦਰਭ ਤੋਂ ਲਾਂਭੇ ਰੱਖ ਕੇ ਵਾਚਿਆ ਜਾਵੇ ਤਾਂ ਰੂਹ ਦੀ ਗ਼ਜ਼ਾ ਮਿਲ ਹੀ ਜਾਵੇਗੀ। ਪਰ ਬਹੁਤੀ 'ਭਰਤੀ' ਹੋਣ ਕਰਕੇ 'ਜਾਇਜ਼' ਚੀਜ਼ਾਂ ਵੀ ਖ਼ਲਤ ਮਲਤ ਹੋ ਗਈਆਂ ਹਨ।

(ਐਨ. ਬੀ.) ਸ਼ਕਤੀਵਾਦੀ ਕਹੇ

"ਸ.ਰੇ..ਸ਼...ਟ ਪੁਸ..ਤਕ ਹੈ
ਕਿਉਂਕਿ ਇ..ਹ ਜਰ..ਨੈ....ਲ ਨੇ
ਐ.ਡਿ.ਟ ਕੀ..ਤੀ ਏ......"

ਭੂਸ਼ਨ

ਖੋਜ ਦਰਪਣ

ਪੰਜਾਬ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਸੰਬੰਧਿਤ ਕਈ ਖੋਜ ਪੱਤਰ ਪ੍ਰਕਾਸ਼ਿਤ ਹੁੰਦੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪੰਜਾਬੀ ਵਿਭਾਗ ਕਾਫ਼ੀ ਦੇਰ ਤੋਂ 'ਪਰਖ' ਨਾਉਂ ਦਾ ਪੱਤਰ ਪ੍ਰਕਾਸ਼ਿਤ ਕਰਦਾ ਆ ਰਿਹਾ ਹੈ। ਡਾਕਟਰ ਸੁਰਿੰਦਰ ਸਿੰਘ ਕੋਹਲੀ ਵਲੋਂ ਸੰਪਾਦਿਤ ਇਸ ਪੱਤਰ ਵਿਚ ਕਈ ਵਾਰ ਕਾਫ਼ੀ ਚੰਗੀ ਖੋਜ ਸਮੱਗਰੀ ਵੇਖਣ ਨੂੰ ਮਿਲਦੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਸੰਬੰਧਿਤ ਕਈ ਵਿਭਾਗ ਕਾਇਮ ਹਨ ਤੇ ਉਨ੍ਹਾਂ ਵਲੋਂ ਵੀ ਖੋਜ ਪੱਤ੍ਰਿਕਾ, ਭਾਰਤੀ ਤੇ ਬਦੇਸ਼ੀ ਸਾਹਿਤ, ਭਾਖਾ ਸੰਜਮ ਆਦਿ ਕਈ ਪੱਤਰ ਪ੍ਰਕਾਸ਼ਿਤ ਹੁੰਦੇ ਹਨ। ਯੂਨੀਵਰਸਿਟੀਆਂ ਵਲੋਂ ਪ੍ਰਕਾ-

ਸ਼ਿਤ ਹੋਣ ਕਾਰਨ ਇਹ ਪੱਤਰ ਸੰਤੋਖਜਨਕ ਪੱਧਰ ਨੂੰ ਪ੍ਰਾਪਤ ਤਾਂ ਕਰਦੇ ਹਨ ਪਰ ਇਨ੍ਹਾਂ ਸਭਨਾਂ ਨੂੰ ਵਾਚਣ ਤੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਨ੍ਹਾਂ ਦਾ ਜੀਵੰਤ ਸਾਹਿਤ ਜਾਂ ਸਾਹਿਤਕ ਸਮਸਿਆਵਾਂ ਨਾਲ ਕੋਈ ਬਹੁਤਾ ਸਰੋਕਾਰ ਨਾ ਹੋਵੇ। ਇਹਨਾਂ ਵਿਚ, ਜ਼ਿਆਦਾ ਤਰ ਉਹਨਾਂ ਵਿਸ਼ਿਆਂ ਉਤੇ ਚਰਚਾ ਹੁੰਦੀ ਹੈ, ਜਿਨ੍ਹਾਂ ਉਪਰ ਚਰਚਾ ਨਾ ਲੋੜੀਂਦੀ ਹੈ ਤੇ ਨਾ ਸਾਰਥਕ। ਜੇ ਕਦੀ ਕਦਾਈਂ ਆਧੁਨਿਕ ਸਾਹਿਤ ਬਾਰੇ ਗੱਲ ਹੁੰਦੀ ਵੀ ਹੈ ਤਾਂ ਉਹ ਵੀ ਸ਼ਤਾਬਦੀ ਸਮਾਰੋਹਾਂ ਦੀਆਂ ਲੋੜਾਂ ਤਕ ਸੀਮਿਤ ਹੋ ਕੇ ਰਹਿ ਜਾਂਦੀ ਹੈ ਤੇ ਆਧੁਨਿਕ ਸਾਹਿਤ ਬਾਰੇ ਚਰਚਾ ਭਾਈ ਵੀਰ ਸਿੰਘ ਤੋਂ ਅਗਾਂਹ ਨਹੀਂ ਤੁਰਦੀ! ਫਲਸਰੂਪ ਇਹਨਾਂ ਪੱਤਰਾਂ ਦੇ ਸਫੇ ਬਹੁਤ ਵਾਰ ਦਰਮਿਆਨੀ ਬੁੱਧ ਵਾਲੇ ਲਕੀਰ ਦੇ ਫਕੀਰ 'ਵਿਦਵਾਨਾਂ' ਦੀ ਭੇਟ ਹੋ ਜਾਂਦੇ ਹਨ। ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਹੋਣ ਵਾਲੇ ਪੱਤਰ 'ਪੰਜਾਬੀ ਦੁਨੀਆਂ' ਅਤੇ ਸਾਹਿਤ ਅਕਾਡਮੀ ਦੇ 'ਆਲੋਚਨਾ' ਦੀ ਸਥਿਤੀ ਵੀ ਕੁਝ ਇਸੇ ਤਰ੍ਹਾਂ ਦੀ ਹੀ ਹੈ। ਇਸ ਪ੍ਰਕਾਰ ਸਰਕਾਰੀ ਤੇ ਅਰਧ ਸਰਕਾਰੀ ਸੰਸਥਾਵਾਂ ਦੇ ਇਹ ਪੱਤਰ ਸਮਕਾਲੀ ਲੋੜਾਂ ਦੇ ਅਨੁਕੂਲ ਅਕਾਦਮਿਕ, ਸਾਹਿੱਤਕ ਤੇ ਵਿਚਾਰਧਾਰਕ ਵਾਦ ਵਿਵਾਦ ਛੇੜਨ ਤੇ ਬੁਧੀਮਾਨ ਪਾਠਕਾਂ ਦਾ ਧਿਆਨ ਆਪਣੇ ਵਲ ਖਿਚਣ ਵਿਚ ਸਫਲ ਨਹੀਂ ਹੋ ਸਕੇ।

ਗੁਰੂਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ ਨੇ ਵੀ ਇਕ ਅਰਧਵਰਸ਼ੀ ਪੱਤਰ 'ਖੋਜ ਦਰਪਣ' (ਸੰਪਾਦਕ: ਡਾਕਟਰ ਪਿਆਰ ਸਿੰਘ, ਡਾ: ਕਰਨੈਲ ਸਿੰਘ ਥਿੰਦ ਅਤੇ ਪਰਮਜੀਤ ਸਿੰਘ ਵਾਲੀਆ) ਜਾਰੀ ਕੀਤਾ ਹੈ। ਇਸ ਪੱਤਰ ਦੇ ਹੁਣ ਤਕ ਚਾਰ ਅੰਕ ਪ੍ਰਕਾਸ਼ਿਤ ਹੋ ਚੁਕੇ ਹਨ ਅਤੇ ਚੌਥੇ ਅੰਕ (ਜੁਲਾਈ 1975) ਦੀ ਇਕ ਕਾਪੀ ਇਹਨਾਂ ਸਤਰਾਂ ਦੇ ਲੇਖਕ ਦੇ ਸਾਹਮਣੇ ਹੈ। ਇਸ ਪੱਤਰ ਵਿਚ ਪ੍ਰਕਾਸ਼ਿਤ ਖੋਜ ਨਿਬੰਧਾਂ ਉਤੇ ਸਰਸਰੀ ਝਾਤ ਹੀ ਇਹ ਦਰਸਾਉਂਦੀ ਹੈ ਕਿ ਇਹ ਪੱਤਰ ਉਸ ਤਰੁਟੀ ਤੋਂ ਜੇ ਪੂਰੀ ਤਰ੍ਹਾਂ ਨਹੀਂ ਤਾਂ ਕਾਫੀ ਤਕ ਮੁਕਤ ਜ਼ਰੂਰ ਹੈ, ਜਿਸਦਾ ਜ਼ਿਕਰ ਦੂਸਰੇ ਪਰਚਿਆਂ ਦੇ ਸੰਬੰਧ ਵਿਚ ਕੀਤਾ ਗਿਆ ਹੈ। ਸੰਪਾਦਕ ਦੇ ਦੱਸਣ ਅਨੁਸਾਰ ਇਸ ਖੋਜ ਪੱਤਰ ਦੀ ਵਿਉਂਤ ਇਸ ਪ੍ਰਕਾਰ ਬਣਾਈ ਹੋਈ ਹੈ ਕਿ ਹਰ ਅੰਕ ਵਿਚ ਸਭ ਤੋਂ ਪਹਿਲਾਂ ਖੋਜ ਸੰਬੰਧੀ ਕੁਝ ਲੇਖ ਖੋਜ ਖੇਤਰ ਵਿਚ ਕੰਮ ਕਰਦੇ ਵਿਦਿਆਰਥੀਆਂ ਦੇ ਲਾਭ ਲਈ ਦਿੱਤੇ ਜਾਂਦੇ ਹਨ। ਇਸ ਤੋਂ ਪਿਛੋਂ ਦੋ ਤਿੰਨ ਲੇਖ ਧਰਮ ਤੇ ਸਾਹਿਤ ਬਾਰੇ ਹੁੰਦੇ ਹਨ, ਵਿਸ਼ੇਸ਼ ਕਰਕੇ ਭੁੱਲੇ ਵਿਸਰੇ ਜਾਂ ਅਗਿਆਤ ਕਵੀਆਂ ਬਾਰੇ। ਇਸ ਉਪਰੰਤ ਕੁਝ ਮੌਲਿਕ ਲੇਖ ਪੰਜਾਬੀ ਸਭਿਆਚਾਰ, ਪੰਜਾਬੀ ਭਾਸ਼ਾ ਤੇ ਪੰਜਾਬੀ ਵਿਚ ਹੋ ਰਹੇ ਸਿਰਜਣਾਤਮਕ ਕਾਰਜ ਬਾਰੇ ਹੁੰਦੇ ਹਨ। ਕੁਝ ਪੁਸਤਕਾਂ ਦੇ ਰਿਵੀਊ ਵੀ ਆ ਜਾਂਦੇ ਹਨ। 'ਖੋਜ ਦਰਪਣ' ਦੇ ਚੌਥੇ ਅੰਕ ਵਿਚ ਇਹੀ ਵਿਉਂਤ ਨਿਭਾਈ ਗਈ ਹੈ। ਸ਼ੁਰੂ ਵਿਚ ਸੋਧ ਪ੍ਰਬੰਧ ਵਿਚ ਹਵਾਲਿਆਂ ਤੇ ਪਗ ਟਿਪਣੀਆਂ ਦੀ ਵਰਤੋਂ ਬਾਰੇ ਡਾਕਟਰ ਪਿਆਰ ਸਿੰਘ ਦਾ ਇਕ ਗਿਆਨ ਭਰਪੂਰ ਨਿਬੰਧ ਹੈ। ਪਰਮਜੀਤ ਸਿੰਘ ਵਾਲੀਆ ਨੇ ਖੋਜ ਕਾਰਜ ਦੇ ਬੁਨਿਆਦੀ ਸੰਕਲਪਾਂ ਦੀ ਚਰਚਾ ਛੇੜਕੇ ਖੋਜ ਸੰਬੰਧੀ ਕਈ ਪ੍ਰਚਲਿਤ ਭੁਲੇਖਿਆਂ ਦਾ ਸਮਾਧਾਨ ਕੀਤਾ ਹੈ। ਭਾਵੇਂ ਜਸਬੀਰ ਸਿੰਘ ਆਹਲੂਵਾਲੀਆ ਨੂੰ ਮਾਰਕਸਵਾਦੀ ਪ੍ਰਵਾਨ ਕਰਨਾ ਤਾਂ ਉਸ ਨਾਲ ਵੀ ਅਨਿਆਂ ਕਰਨਾ ਹੈ ਪਰ ਮਾਰਕਸਵਾਦੀ ਆਲੋਚਨਾ ਦੀਆਂ ਦਾਰਸ਼ਨਿਕ ਸਮਸਿਆਵਾਂ ਬਾਰੇ ਆਪਣੇ ਵਿਸਤ੍ਰਿਤ ਨਿਬੰਧ ਵਿਚ ਉਹ ਕਈ ਨੁਕਤੇ ਉਠਾਉਣ ਵਿਚ ਸਫ਼ਲ ਹੈ। ਲੋਕ ਕਲਾ ਤੇ ਲੋਕ ਸਾਹਿਤ ਬਾਰੇ ਦਿੱਤਾ ਗਿਆ ਵਿਸ਼ੇਸ਼ ਧਿਆਨ ਇਸ ਪੱਤਰ ਦੀ ਵਿਸ਼ੇਸ਼ਤਾ ਹੈ। ਹਰਜੀਤ ਸਿੰਘ ਤੇ ਜੁਗਿੰਦਰ ਕੈਰੋਂ ਦੇ ਲੇਖ ਤਾਂ ਇਸ ਸੰਬੰਧ ਵਿਚ ਸਲਾਹੁਣਯੋਗ ਹਨ ਹੀ, ਅਬਦੁਲ ਗਫ਼ੂਰ ਖਾਨ ਦਾ ਪੁਤਲੀਆਂ ਦੇ ਤਮਾਸ਼ੇ ਬਾਰੇ ਲੇਖ ਇਸ ਕਾਰਨ

ਵੀ ਪ੍ਰਸ਼ੰਸਾਯੋਗ ਹੈ ਕਿ ਇਹ ਨਿਬੰਧ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਬੰਧੀ ਵਾਗਿਉਂ ਪਾਰ ਹੋ ਰਹੇ ਖੋਜ ਕਾਰਜ ਦੀ ਵੰਨਗੀ ਪੇਸ਼ ਕਰਦਾ ਹੈ ।

ਐਪਰ, 'ਖੋਜ ਦਰਪਣ' ਦੇ ਪੁਸਤਕ ਰਿਵੀਊ ਦੇ ਕਾਲਮ ਤੋਂ ਮੈਨੂੰ ਨਿਰਾਸਤਾ ਹੋਈ ਹੈ। ਪੰਜਾਬੀ ਪੱਤਰਕਾਰੀ ਵਿਚ ਪੁਸਤਕ ਰਿਵੀਊ ਦੀ ਕੋਈ ਚੰਗੀ ਪਰੰਪਰਾ ਹਾਲੇ ਤਕ ਸਥਾਪਿਤ ਨਹੀਂ ਹੋਈ। ਵਿਭਿੰਨ ਸਾਹਿੱਤਕ ਪੱਤਰਾਂ ਵਿਚ ਛਪਣ ਵਾਲੇ ਰਿਵੀਊ ਜਾਂ ਤਾਂ ਪੁਸਤਕ ਦੇ ਰੂਪ-ਆਕਾਰ ਦਾ ਪਰਿਚਯ ਦੇਣ ਤਕ ਸੀਮਿਤ ਰਹਿੰਦੇ ਹਨ ਜਾਂ ਸਾਧਾਰਨ ਭਾਂਤ ਦੀ ਸ਼ੰਸਾ ਤਕ। ਵਿਕਸਿਤ ਭਾਸ਼ਾਵਾਂ ਦੇ ਰੀਸਰਚ ਜਰਨਲਜ਼ ਵਿਚ ਜਿਸ ਤਰ੍ਹਾਂ ਦੇ ਵਿਸਤ੍ਰਿਤ ਪੁਸਤਕ ਰਿਵੀਊ ਵੇਖਣ ਵਿਚ ਆਉਂਦੇ ਹਨ, ਉਸ ਤਰ੍ਹਾਂ ਦੇ ਰਿਵੀਊਜ਼ ਦਾ ਪੰਜਾਬੀ ਪੱਤਰਕਾਰੀ ਵਿਚ ਲਗ ਪਗ ਅਭਾਵ ਹੀ ਹੈ। ਸਾਧਾਰਣ ਸਾਹਿੱਤਕ ਪਰਚਿਆਂ ਤੋਂ ਤਾਂ ਅਜਿਹੇ ਰਿਵੀਊਜ਼ ਦੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਨ੍ਹਾਂ ਨੇ ਉਹ ਸਮੱਗਰੀ ਵਧੇਰੇ ਦੇਣੀ ਹੁੰਦੀ ਹੈ ਜੋ ਰੋਚਿਕ ਹੋਵੇ ਅਤੇ ਪਾਠਕਾਂ ਦੇ ਮਨੋਰੰਜਣ ਦਾ ਸਾਧਨ ਬਣੇ। ਪਰ ਜੇ ਯੂਨੀਵਰਸਿਟੀਆਂ ਜਾਂ ਸਾਹਿਤ ਅਕਾਡਮੀਆਂ ਵਰਗੀਆਂ ਸੰਸਥਾਵਾਂ ਦੇ ਪਰਚੇ ਵੀ ਨਵੀਆਂ ਛਪੀਆਂ ਪੁਸਤਕਾਂ ਉਤੇ ਵਿਸਤ੍ਰਿਤ ਚਰਚਾ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ ? 'ਖੋਜ ਦਰਪਣ' ਦੇ ਵਿਚਾਰ ਅਧੀਨ ਅੰਕ ਵਿਚ ਚਾਰ ਪੁਸਤਕਾਂ ਦੇ ਰਿਵੀਊ ਤਾਂ ਹਨ ਪਰ ਉਹ ਤਿੰਨ ਕੁ ਸਫ਼ਿਆਂ ਵਿਚ ਹੀ ਮੁਕਾ ਦਿੱਤੇ ਗਏ ਹਨ। ਕਿੰਨਾ ਚੰਗਾ ਹੋਵੇ ਜੇ 'ਖੋਜ ਦਰਪਣ' ਦੇ ਸੰਪਾਦਕ 'ਸਿਰਜਣਾ' ਵਿਚ ਛਪਣ ਵਾਲੇ ਪੁਸਤਕ ਰਿਵੀਊ ਵੇਖਕੇ ਇਸ ਤੋਂ ਹੀ ਉਤਸ਼ਾਹ ਲੈ ਸਕਣ।

ਛਪੇ ਨਿਬੰਧਾਂ ਉਤੇ ਵਾਦ ਵਿਵਾਦ ਛੇੜਨ ਵਾਲੇ ਜਾਂ ਉਂਝ ਹੀ ਮਹਤਵਪੂਰਨ ਵਿਸ਼ਿਆਂ ਬਾਰੇ ਖਤਾਂ ਜਾਂ ਟਿਪਣੀਆਂ ਦੇ ਰੂਪ ਵਿਚ ਲਘੂ ਨਿਬੰਧ ਪ੍ਰਕਾਸ਼ਿਤ ਕਰਨ ਲਈ ਵੀ ਇਕ ਕਾਲਮ ਹੋਣਾ ਚਾਹੀਦਾ ਹੈ। ਦੂਜੀਆਂ ਭਾਸ਼ਾਵਾਂ ਦੇ ਚੰਗੇ ਚੰਗੇ ਪੱਤਰਾਂ ਵਿਚ **Communications** ਜਾਂ **Notes** ਦੇ ਸ਼ੀਰਸ਼ਕ ਅਧੀਨ ਅਜਿਹੇ ਲਘੂ ਨਿਬੰਧ ਪ੍ਰਕਾਸ਼ਿਤ ਕਰਨ ਦੀ ਪ੍ਰਥਾ ਹੈ। ਅਜਿਹੇ ਲਘੂ ਨਿਬੰਧ ਕਈ ਵਾਰ ਵੱਡੇ ਆਕਾਰ ਦੇ ਖੋਜ ਨਿਬੰਧਾਂ ਨਾਲੋਂ ਵੀ ਵਧੇਰੇ ਪ੍ਰਭਾਵਕਾਰੀ ਸਿੱਧ ਹੋ ਸਕਦੇ ਹਨ।

'ਖੋਜ ਦਰਪਣ' ਵਿਚ ਭਾਸ਼ਾ ਦੀ ਸ਼ੁਧਤਾ, ਸ਼ਬਦ ਜੋੜਾਂ ਦੀ ਇਕਸਾਰਤਾ ਅਤੇ ਛਪਾਈ ਦੀ ਖੂਬਸੂਰਤੀ ਵਲ ਚੋਖਾ ਧਿਆਨ ਦਿੱਤਾ ਗਿਆ ਹੈ। ਫਲ ਸਰੂਪ ਸਮੱਗਰੀ ਦੇ ਨਾਲ ਨਾਲ ਇਹ ਦਿੱਖ ਪੱਖੋਂ ਵੀ ਚੋਖਾ ਪ੍ਰਭਾਵਕਾਰੀ ਹੈ। ਪੰਜਾਬੀ ਸਾਹਿਤ ਤੇ ਸਭਿਆਰ ਦੇ ਗੰਭੀਰ ਅਧਿਐਨ ਵਿਚ ਦਿਲਚਸਪੀ ਲੈਣ ਵਾਲੇ ਸਭਨਾਂ ਵਿਦਵਾਨਾਂ ਤੇ ਵਿਦਿਆਰਥੀਆਂ ਵਲੋਂ ਇਸਦਾ ਸੁਆਗਤ ਹੋਣਾ ਚਾਹੀਦਾ ਹੈ।□

ਰਘਬੀਰ ਸਿੰਘ

ਪੱਤਰ

ਪਿਆਰੇ ਰਘਬੀਰ,

ਸਿਰਜਣਾ ਵਿਚ ਪੜ੍ਹਨ ਯੋਗ ਕਾਫੀ ਮੈਟਰ ਮਿਲ ਜਾਂਦਾ ਹੈ, ਇਸ ਤੋਂ ਵਧ ਖੂਬੀ ਕਿਸੇ ਪਰਚੇ ਦੀ ਕੀ ਹੋ ਸਕਦੀ ਹੈ !

(ਪ੍ਰੋਫੈਸਰ) ਮੋਹਨ ਸਿੰਘ [ਲੁਧਿਆਣਾ]

ਤੇਰਾ ਇਸ ਵਾਰ ਦਾ ਪਰਚਾ ਸੁੰਦਰ ਸੀ । ਜ਼ਿਆਦਾ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਏਨਾ ਹੀ ਕਾਫੀ ਹੈ ਕਿ ਭੂਸ਼ਨ ਵਧੀਆ ਸੀ ਤੇ ਗੁਰਦਿਆਲ ਫੁਸਫੁਸਾ । ਏਨਾ ਸਪਾਟ ਸਿੰਬੋਲਿਜ਼ਮ ! ਬੱਸ ਨਾਨਕ ਸਿੰਘ ਯਾਦ ਆ ਗਿਆ। ਇਸ ਨਾਲੋਂ ਵਿਰਦੀ ਦੀ 'ਕੁੱਤੇ ਦੀ ਮੌਤ' ਕਿਤੇ ਵਧੀਆ ਹੈ। ਦਰ ਅਸਲ ਮੈਂ ਮੁਕਾਬਲਾ ਨਹੀਂ ਕਰਨਾ ਚਾਹੁੰਦਾ, ਸਿਰਫ ਗੱਲ ਕੀਤੀ ਹੈ। ਸਹਿੰਸਰੇ ਦਾ ਕਿਸ਼ਨ ਸਿੰਘ ਨੂੰ ਜਵਾਬ ਬੜਾ ਗੁੰਦਵਾਂ ਅਤੇ ਟੂ ਦਾ ਪਵਾਇੰਟ ਹੈ। ਪਰ ਕਿਸ਼ਨ ਸਿੰਘ ਵੀ ਪੱਕਾ ਆਲੋਚਕ ਏ, ਮਜਾਲ ਏ ਉਸਨੇ ਨਜਮ ਹੁਸੈਨ ਸਯਦ ਵਾਂਗ ਜ਼ਰਾ ਜਿੰਨੀ ਵੀ ਸੰਖੇਪਤਾ ਵਰਤੀ ਤਾਂ। ਹਾਂ ਇਕ ਹੋਰ ਚੀਜ਼ ਵਧੀਆ ਸੀ, ਤੇ ਉਹ ਹੈ—ਯਾਰਾਂ ਦੀਆਂ ਚਿੱਠੀਆਂ। ਕਈ ਰਚਨਾਵਾਂ ਨਾਲੋਂ ਤਾਂ ਇਹ ਚਿੱਠੀਆਂ ਹੀ ਦਿਲਚਸਪ ਹਨ।

ਮੋਹਨਜੀਤ [ਅੰਮ੍ਰਿਤਸਰ]

ਇਸ ਵੇਰ ਕਵਿਤਾਵਾਂ ਬਹੁਤ ਲੰਮੀਆਂ ਤੇ ਦਰਮਿਆਨੀਆਂ ਸਨ । ਇਸ ਪੱਖ ਵਲ ਬਹੁਤ ਧਿਆਨ ਦੇਣ ਦੀ ਲੋੜ ਹੈ । ਮੈਂ ਸਮਝਦਾ ਹਾਂ ਛੋਟੀਆਂ ਕਵਿਤਾਵਾਂ ਛਾਪਕੇ ਕਈ ਨਵੇਂ ਕਵੀਆਂ ਨੂੰ ਥਾਂ ਦੇਣਾ ਚੰਗਾ ਰਹੇਗਾ। ਕਹਾਣੀਆਂ ਚੰਗੀਆਂ ਹਨ। ਅਗਸਤ ਦੇ 'ਪੰਜਾਬੀ ਦੁਨੀਆ' ਦੇ ਪਰਚੇ ਵਿਚ ਆਸ਼ਾ ਨੰਦ ਤੇ ਇਕ ਹੋਰ ਲੇਖਕ ਨੇ ਲਿਖਿਆ ਹੈ ਕਿ ਪ੍ਰਗਤੀਵਾਦੀ ਲੇਖਕ ਵਸਤ 'ਤੇ ਬਹੁਤ ਜ਼ੋਰ ਦਿੰਦੇ ਹਨ ਤੇ ਰੂਪ ਦੀ ਕੋਈ ਬਹੁਤੀ ਪਰਵਾਹ ਨਹੀਂ ਕਰਦੇ । ਮੈਂ ਇਸ ਗੱਲ ਨੂੰ ਊਜ ਸਮਝਦਾ ਹਾਂ ਕਿਉਂਕਿ ਚੰਗੀ ਵਸਤ ਲਈ ਚੰਗਾ ਰੂਪ ਵੀ ਜ਼ਰੂਰੀ ਹੈ । ਰੂਪ ਤੋਂ ਬਿਨਾਂ ਵਸਤ ਪ੍ਰਭਾਵਹੀਣ ਹੋਕੇ ਰਹਿ ਜਾਵੇਗੀ। ਕਿਸ਼ਨ ਸਿੰਘ ਨਾਲ ਜਿੰਨੀ ਕੁ ਸਹਿੰਸਰੇ ਨੇ ਕਰ ਦਿੱਤੀ ਹੈ, ਹਾਲੇ ਓਨੀ ਹੀ ਕਾਫੀ ਹੈ।

ਸੁਰਜੀਤ ਗਿੱਲ [ਬਠਿੰਡਾ]

ਭੂਸ਼ਨ ਧਿਆਨਪੁਰੀ ਤੇ ਸੁਰਜੀਤ ਗਿੱਲ ਦੀ ਖਰੀ ਖਰੀ ਗੱਲ ਮਨ ਨੂੰ ਭਾਉਂਦੀ ਹੈ। ਇਸ ਵਾਰ ਹਿੰਦੀ ਦੀਆਂ ਕਵਿਤਾਵਾਂ ਨੂੰ ਛੱਡਕੇ ਬਾਕੀ ਦੀਆਂ ਬਹੁਤੀਆਂ ਨਹੀਂ ਜਚੀਆਂ। ਗੁਰਦਿਆਲ ਸਿੰਘ ਦੇ ਇਕਾਂਗੀ ਨੂੰ ਖੁਸ਼ ਆਮਦੀਦ ਕਹਿੰਦਿਆਂ ਵੀ ਕਹਾਂਗਾ ਕਿ ਉਹ ਗਲਪ 'ਤੇ ਹੀ ਕਲਮ ਚਲਾਉਂਦੇ ਜਾਣ ਤਾਂ ਉਚਿਤ ਰਹੇਗਾ।

ਇਕਬਾਲਦੀਪ [ਨਵੀਂ ਦਿੱਲੀ]

ਪਰਚਾ ਮਿਲਿਆ ਹੈ । ਲੇਖ ਤੇ ਕਹਾਣੀਆਂ ਵਧੀਆ ਸਨ। ਕਵਿਤਾ ਸਿਰਫ ਬਿੰਦਰ ਦੀ ਪਸੰਦ ਆਈ। ਸੁਹੇਲ ਦਾ 'ਬਿਰਹਾ' ਦੋਸਤਾਂ ਨੇ ਪਸੰਦ ਕੀਤਾ ਹੈ। ਨਵੇਂ ਹਾਲਾਤ ਵਿਚ ਪੱਤਰਕਾਰੀ ਵੀ ਸੂਖਮਤਾ ਦੀ ਮੰਗ ਕਰਦੀ ਹੈ।

ਹਰਭਜਨ ਹੁੰਦਲ [ਫਤੂ ਢੀਂਗਾ]

ਸਿਰਜਣਾ ਦੀ ਚੇਟਕ ਪ੍ਰੋ: ਸੁਰਿੰਦਰ ਗਿੱਲ ਨੇ ਲਾਈ ਸੀ । ਇਸਦੇ 1975 ਦੇ ਤਿੰਨ ਅੰਕ ਪੜ੍ਹੇ ਹਨ । 'ਸੇਧ' ਦੇ ਮੁਕਾਬਲੇ 'ਤੇ ਇਸ ਦੀ ਮਾਰਕਸਵਾਦੀ ਪਹੁੰਚ ਸੰਤੁਲਿਤ ਵੀ ਹੈ ਤੇ

ਠੀਕ ਵੀ। ਸੇਧ ਦਾ ਕਿਸ਼ਨ ਸਿੰਘ ਮਾਰਕਸਵਾਦ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਦਾ ਹੈ। ਇਹ ਕਿੰਨਾ ਕੁ ਠੀਕ ਹੈ, ਇਹ ਤਾਂ ਉਸ ਦੀ ਸੋਚ ਹੀ ਜਾਣੇ ਜਾਂ 'ਸੇਧ' ਜਾਣੇ ! ਸਮੁੱਚੇ ਤੌਰ ਤੇ ਤੀਜਾ ਅੰਕ ਚੰਗਾ ਰਿਹਾ ਹੈ। ਬੋਲੀ ਸੌਖੀ ਸਮਝ ਪੈਣ ਵਾਲੀ ਹੈ। ਦੂਜੇ ਅੰਕ ਦਾ ਤੇਜਵੰਤ ਗਿੱਲ ਦਾ ਲੇਖ ਦਾਲ ਵਿਚ ਕੋਕੜੂ ਵਾਂਗ ਲੱਗਾ ਸੀ। ਲੂ ਸੁਨ ਬਾਰੇ ਲੇਖ ਵਾਕਫੀ ਭਰਪੂਰ ਸੀ। ਅਜਿਹੇ ਲੇਖ ਦਿੰਦੇ ਰਿਹਾ ਕਰੋ। ਇਸ ਤੀਜੇ ਅੰਕ ਦੇ 'ਲੋਕ ਜਮਹੂਰੀ ਸਾਹਿਤ' ਲੇਖ ਦੀ ਪਕੜ ਮਜ਼ਬੂਤ ਹੈ। ਕਵਿਤਾਵਾਂ (ਵਿਸ਼ੇਸ਼ ਕਰਕੇ ਹਿੰਦੀ ਕਵਿਤਾ) ਤੇ ਕਹਾਣੀਆਂ ਵੀ ਉਤਮ ਹਨ।

ਰਾਏ **ਜਸਬੀਰ ਸਿੰਘ** [ਜੋਗਾ ਸਿਘ ਵਾਲਾ]

ਤੁਸੀਂ ਗੁਰਦਿਆਲ ਸਿੰਘ ਦਾ ਨਾਟਕ ਛਾਪਕੇ ਪਾਠਕਾਂ 'ਤੇ ਅਹਿਸਾਨ ਕੀਤਾ ਹੈ। ਕਜ਼ਾਕ ਦੀ ਕਹਾਣੀ ਨੇ ਦਿਲ ਮੋਹ ਲਿਆ। 'ਮੁਸਈ ਚਾ' ਤੇ 'ਕੁੱਤੇ ਦੀ ਮੌਤ' ਆਪਣੀ ਕਿਸਮ ਦੀਆਂ ਨਿਵੇਕਲੀਆਂ ਕਹਾਣੀਆਂ ਦੇਣਾ ਸਿਰਜਣਾ ਦੇ ਪਾਠਕਾਂ ਨੂੰ ਜ਼ਾਇਕੇਦਾਰ ਚੀਜ਼ ਦਾ ਨਿਵੇਕਲਾ ਸਵਾਦ ਚਖਾਉਣ ਦੇ ਬਰਾਬਰ ਹੈ। 'ਪੰਜਾਬੀ ਕਵਿਤਾ ਦਾ ਅੱਜ' ਦੇ ਲੇਖਕ ਨੂੰ ਕਹੋ ਕਿ ਸਾਰਿਆਂ ਨੂੰ ਇਕੋ ਰੱਸੇ ਫਾਹੇ ਦੇਣਾ ਕਿਥੋਂ ਦੀ ਸਿਆਣਪ ਏ ? ਘੱਟੋ ਘੱਟ ਆਪਣੀ ਪੀੜ੍ਹੀ ਹੇਠ ਤਾਂ ਸੋਟਾ ਫੇਰ ਲੈਂਦਾ ? ਉਂਜ ਜੇ ਉਹ ਆਪਣੀ ਵਧੀਆ ਤੀਖਣ ਬੁੱਧੀ ਨੂੰ ਸੁਚੱਜੇ ਢੰਗ ਨਾਲ ਇਸਤੇਮਾਲ ਕਰੇ ਤਾਂ ਗਾਰਗੀ ਦਾ ਭਤੀਜਾ ਕਹਾਉਣ ਦੇ ਲਾਇਕ ਜ਼ਰੂਰ ਹੋ ਜਾਵੇਗਾ। ਪਰ ਮੰਦੇ ਭਾਗਾਂ ਨੂੰ ਇੰਜ ਹੋਣਾ ਨਹੀਂ। ਉਸ ਆਪਣੀ ਹਲ ਪੰਜਾਲੀ ਉਥੇ ਈ ਰੱਖਣੀ ਏ। ਪੁਸਤਕ ਪੜਚੋਲ ਲਈ ਏਨੇ ਸਫੇ ਦੇਣਾ ਇਕ ਜੇਰੇ ਵਾਲੀ ਗੱਲ ਹੈ।

ਕਸ਼ਮੀਰ ਸਿੰਘ ਪਨੂੰ [ਚੰਡੀਗੜ੍ਹ]

ਭੂਸ਼ਨ ਸਾਹਿਤਕਾਰਾਂ ਸੰਬੰਧੀ ਕੋੜੇ ਯਥਾਰਥ ਤੋਂ ਪਰਦਾ ਹਟਾਉਂਦਾ ਹੈ। ਇੰਜ ਹੀ ਡਟਿਆ ਰਿਹਾ ਤਾਂ ਪੰਜਾਬੀ ਸਾਹਿਤ ਦੀ ਇਕ ਅਹਿਮ ਪ੍ਰਾਪਤੀ ਹੋਵੇਗੀ। ਨਵੀਂ ਪੰਜਾਬੀ ਕਵਿਤਾ ਬਾਰੇ ਉਸਦਾ ਵਿਸ਼ਲੇਸ਼ਣ ਕਾਫੀ ਹੱਦ ਤਕ ਠੀਕ ਹੈ।

ਰਮਨ [ਪੁੜੈਣ]

ਕਿਸ਼ਨ ਸਿੰਘ ਵੱਲ ਮੇਰਾ ਕੁਝ ਵੱਖਰਾ ਵਤੀਰਾ ਮੁੱਢੋਂ ਸੀ, ਹੁਣ ਵੀ ਹੈ। ਮੈਂ ਸਮਝਦਾ ਹਾਂ (ਹਾਲੇ ਵੀ) ਇਹਦੇ ਵਲ "ਚੁੱਪ ਭਲੀ" ਵਾਲਾ ਵਤੀਰਾ ਵਧੇਰੇ ਠੀਕ ਹੈ। ਵੈਸੇ ਮੈਨੂੰ ਉਸ ਵਲੋਂ ਛੇੜੇ ਵਿਵਾਦ ਦੀ ਭਾਵਨਾ, ਉਸਦੀ ਈਮਾਨਦਾਰੀ 'ਤੇ ਵੀ ਸ਼ੱਕ ਹੋਣ ਲੱਗ ਪਿਆ ਹੈ।

ਕਰਨਜੀਤ ਸਿੰਘ [ਨਵੀਂ ਦਿੱਲੀ]

ਦਿੱਲੀ ਵਿਚ ਕਰਨਜੀਤ ਹੋਰਾਂ ਦੀ ਆਲ ਇੰਡੀਆ ਪ੍ਰਗਤਿਵਾਦੀ ਲੇਖਕ ਸੰਘ ਦਾ ਸੈਮੀਨਾਰ ਥੋੜ੍ਹਾ ਜਿਹਾ ਵੇਖਿਆ ਸੀ, ਬਹੁਤ ਥੋਦਾ ਤੇ ਸਥਾਪਨਾ ਵਿਚ ਸ਼ਰੀਕ ਹੋਣ ਦੀਆਂ ਕੋਸ਼ਿਸ਼ਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ।

ਸਤਿੰਦਰ ਸਿੰਘ ਨੂਰ [ਨਵੀਂ ਦਿੱਲੀ]

ਅਮਰਜੀਤ ਕਾਂਗ ਨੇ 'ਗੋਰੀ ਨਦੀ ਦਾ ਗੀਤ' ਦੀ ਆਲੋਚਨਾ ਕਰਕੇ ਕਾਹਲੋਂ ਨਾਲ ਪੂਰਨ ਨਿਆਂ ਕੀਤਾ ਹੈ।

ਰਸ਼ਪਾਲ ਕਲੇਰ [ਨਕੋਦਰ]

ਕਾਂਗ ਕੋਲੋਂ ਲੈ ਕੇ ਜੁਲਾਈ-ਸਤੰਬਰ ਦਾ ਸਿਰਜਣਾ ਪੜ੍ਹਿਆ ਸੀ। ਭੂਸ਼ਨ ਦਾ 'ਪੰਜਾਬੀ ਕਵਿਤਾ ਦਾ ਅੱਜ' ਪੜ੍ਹਿਆ। ਮੈਨੂੰ ਖੁਸ਼ੀ ਹੈ ਕਿ ਉਹ ਪਰਸ ਰਾਮ ਵਾਂਗ ਦਲੇਰ ਬ੍ਰਾਮਣ ਹੈ। ਜੇ ਇਕ ਅੱਧੇ ਮਜ਼ਮੂਨ ਵਿਚ ਉਹ ਮੇਰੇ ਵੀ ਛੌਡੇ ਲਾਹ ਦੇਵੇ ਤਾਂ ਉਲਾਮ੍ਹਾਂ ਦੇਣ ਵਾਲਿਆਂ ਨੂੰ ਮੈਂ ਕਹਿ ਸਕਦਾ ਹਾਂ ਕਿ ਉਹ ਮੇਰਾ ਵੀ ਲਿਹਾਜ਼ ਨਹੀਂ ਕਰਦਾ। ਇਸਤਰ੍ਹਾਂ ਉਸ ਬਾਰੇ ਮਿਲਣ ਵਾਲੇ ਮਿਹਣਿਆਂ ਤੋਂ ਮੇਰੀ ਖਲਾਸੀ ਹੋ ਸਕਦੀ ਹੈ।

ਜਸਵੰਤ ਸਿੰਘ ਰਾਹੀ [ਡੇਰਾ ਬਾਬਾ ਨਾਨਕ]



SIRJANA LITERARY PUNJABI QUARTERLY

No. 20

October-December 1975

Registered with the Registrar of Newspapers for India Vide R. N. 10215/65